37ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਜੁਲਾਈ - ਅਗਸਤ 2022

20/-




ਕਿਸੇ ਗ਼ਲਤ ਗੱਲ ਦਾ ਵਿਰੋਧ ਨਾ ਕਰਨਾ ਬੌਧਿਕ ਬੇਈਮਾਨੀ ਹੈ। ...ਕਾਰਲ ਮਾਰਕਸ

## ਪਾਬਲੋ ਨੇਰੂਦਾ



(1904-1973)

ਸਪੇਨੀ ਭਾਸ਼ਾ ਵਿੱਚ ਲਿਖਣ ਵਾਲਾ ਦੱਖਣੀ ਅਮਰੀਕਾ ਦੇ ਦੇਸ਼ ਚਿੱਲੀ ਦਾ ਕਵੀ, ਕਈ ਦੇਸ਼ਾਂ ਵਿੱਚ ਸਫ਼ੀਰ, ਵੀਹ ਤੋਂ ਵੱਧ ਸੰਗ੍ਰਹਿਆਂ ਦਾ ਰਚੇਤਾ, 1934 ਦੇ ਸਪੇਨੀ ਗ੍ਰਹਿ-ਯੁੱਧ ਦੇ ਪ੍ਰਭਾਵ ਕਾਰਨ ਕਮਿਊਨਿਸਟ ਵਿਚਾਰਧਾਰਾ ਦਾ ਸਮਰਥਕ, ਕਈ ਸਾਲ ਜਲਾਵਤਨ, 1971 ਵਿੱਚ ਨੋਬਲ ਪੁਰਸਕਾਰ, ਆਖਰੀ ਉਮਰ ਵਿੱਚ ਫਰਾਂਸ ਵਿੱਚ ਸਫ਼ੀਰ, ਫੌਜੀ ਜੁੰਡਲੀ ਵਲੋਂ ਰਾਜਪਲਟੇ ਦੇ ਬਾਰਾਂ ਦਿਨਾਂ ਬਾਅਦ ਮੌਤ, ਅਨੇਕਾਂ ਇਨਾਮਾਂ ਦਾ ਵਿਜੇਤਾ, ਵੀਹਵੀਂ ਸਦੀ ਦਾ ਕੌਮਾਂਤਰੀ ਪ੍ਰਸਿੱਧੀ ਵਾਲਾ ਮਹਾਨ ਕਵੀ।

### ਹੁਣ ਸ਼ਾਇਦ ਕੁਝ ਸਮਾਂ ਹੋਵੇ

ਸ਼ਾਇਦ ਹਾਲੀ ਵੀ
ਇਨਸਾਫ਼-ਪਸੰਦ ਹੋਣ ਲਈ ਕੁਝ ਸਮਾਂ ਹੋਵੇ।
ਕੱਲ੍ਹ, ਸੱਚ ਦੀ ਬੜੀ ਬੇਵਕਤ ਮੌਤ ਹੋਈ ਸੀ।
ਤੇ ਭਾਵੇਂ ਹਰ ਕਿਸੇ ਨੂੰ ਪਤਾ ਸੀ,
ਉਹ ਸਭ ਬਹਾਨੇ ਬਣਾ ਰਹੇ ਹਨ।
ਕਿਸੇ ਨੇ ਵੀ ਉਹਨੂੰ ਫੁੱਲ ਨਹੀਂ ਭੇਜੇ
ਕਿਸੇ ਨੇ ਵੀ ਉਹਦੇ ਮਰਨ 'ਤੇ
ਅੱਥਰੂ ਨਹੀਂ ਕੇਰੇ।
ਸ਼ਾਇਦ ਦੁੱਖ ਤੇ ਭੁੱਖ ਵਿਚਕਾਰ
ਦਫ਼ਨ ਕਰਨ ਤੋਂ ਥੋਹੜਾ ਜਿਹਾਂ
ਪਹਿਲਾਂ ਸਾਡੇ ਕੋਲ
ਮੌਤ ਤੇ ਜੀਵਨ ਵਿਚਕਾਰ ,
ਕੁਝ ਸਮਾਂ ਹੋਵੇ,
ਇਕ ਗਲੀ ਤੋਂ ਦੂਸਰੀ ਤੀਕ ਜਾਣ ਲਈ
ਇਕ ਪਹਾੜ ਤੋਂ ਦੂਸਰੇ ਤੀਕ,
ਇਕ ਸਮੁੰਦਰ ਤੋਂ ਦੂਸਰੇ ਤੀਕ
ਇਕ ਬੰਦਰਗਾਹ ਤੋਂ ਦੂਸਰੀ ਤੀਕ,
ਤੇ ਅਖੀਰ ਤੇ ਇੱਕ ਆਦਮੀ ਤੋਂ ਦੂਸਰੇ ਤੀਕ,
ਇਹ ਪਤਾ ਕਰਨ ਲਈ
ਕਿ ਸੱਚ ਨੂੰ ਅਸਾਂ ਕਤਲ ਕੀਤਾ ਸੀ
ਜਾਂ ਕਿਸੇ ਹੋਰ ਨੇ
ਕੀ ਇਹ ਸਾਡੇ ਦੁਸ਼ਮਣਾਂ ਦਾ ਕੰਮ ਸੀ
ਜਾਂ ਸਾਡੇ ਪਿਆਰ ਨੇ ਇਹੋ ਜੁਰਮ ਕੀਤਾ ਸੀ
ਕਿਉਂਕਿ ਸੱਚ ਹੁਣ ਮਰ ਗਿਆ ਹੈ
ਘੱਟੋ-ਘੱਟ, ਹੁਣ ਤਾਂ ਅਸੀਂ ਸੱਚੇ ਬਣ ਜਾਈਏ
ਇਸ ਗੱਲ ਤੋਂ ਪਹਿਲਾਂ
ਸਾਨੂੰ ਸ਼ੱਕੀ ਯੋਗਤਾ ਵਾਲੇ ਹਥਿਆਰਾਂ ਨਾਲ
ਲੜਾਈ ਵਿੱਢਣੀ ਪਈ ਸੀ
ਤੇ ਆਪਣੇ ਆਪ ਨੂੰ ਫੱਟ ਲਾਉਂਦਿਆਂ
ਅਸੀਂ ਇਹ ਗੱਲ ਵਿੱਸਰ ਗਏ ਸੀ
ਕਿ ਅਸੀਂ ਕਾਹਦੇ ਲਈ ਲੜ ਰਹੇ ਸੀ।
ਸਾਨੂੰ ਤੇ ਕਦੇ ਵੀ ਪਤਾ ਨਹੀਂ ਸੀ ਕਿ
ਉਹ ਕੌਣ ਸੀ, ਉਹ ਲਹੂ ਜਿਹੜਾ
ਸਾਨੂੰ ਘੇਰੀ ਖੜਾ ਸੀ।
ਅਸੀਂ ਬੇਅੰਤ ਇਲਜ਼ਾਮ ਲਾਈ ਗਏ
ਬੇਅੰਤ ਵਾਰੀ ਸਾਡੇ 'ਤੇ ਦੂਸ਼ਣ ਲੱਗਦੇ ਰਹੇ
ਸੱਚ ਤਾਂ ਪਹਿਲਾਂ ਹੀ
ਹਿੰਸਾ ਕਾਰਨ ਮਰ ਚੁੱਕਾ ਸੀ
ਹੁਣ ਕਰਨ ਲਈ ਰਹਿ ਕੀ ਗਿਆ ਹੈ
ਕੀ ਅਸੀਂ ਸਭ ਲੜਾਈ ਹਾਰ ਚੁੱਕੇ ਹਾਂ?
ਤੇ ਹੁਣ ਮੇਰਾ ਖਿਆਲ ਹੈ ਸ਼ਾਇਦ
ਅਸੀਂ ਕੁਝ ਇਨਸਾਫ਼ ਪਸੰਦ ਹੋ ਸਕੀਏ
ਜਾਂ ਜੀਉਂਦੇ ਹੀ ਹੋ ਸਕੀਏ
ਇਹ ਆਖਰੀ ਵਕਤ ਹੈ, ਸਾਡੇ ਕੋਲ,
ਇਸ ਪਿੱਛੋਂ ਸਦਾ ਸਦਾ ਲਈ,
ਜੀਊਂਦੇ ਹੋਣ ਤੇ ਵਾਪਸ ਪਰਤਣ ਲਈ
ਸਮਾਂ ਨਹੀਂ ਹੋਣਾ।

- ਪਾਬਲੋ ਨੇਰੂਦਾ

ਅਨੁਵਾਦ: ਹਰਭਜਨ ਸਿੰਘ ਹੁੰਦਲ

ਵਿਸ਼ਵਾਸੀ ਪਿੰਜਰੇ 'ਚ ਬੰਦ ਪੰਛੀ ਹੁੰਦਾ ਹੈ, ਆਜ਼ਾਦ ਚਿੰਤਕ ਅਪਣੇ ਅਣਥੱਕ ਖੰਭਾਂ ਨਾਲ ਬੱਦਲਾਂ ਨੂੰ ਪਾੜ ਕੇ ਉੱਡਣ ਵਾਲਾ ਉਕਾਬ।
- ਰੌਬਰਟ ਇੰਗਰਸੋਲ


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ (94174 27538)

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਰਤੀਬ


1. ਸੰਪਾਦਕੀ .......................... 1
2. ਜੀਅ ਜਿਹਾ ਨਹੀਂ ਲੱਗਦਾ .......2
3. ਸਿੱਧੂ ਮੂਸੇਵਾਲਾ ਦੇ ਕਤਲ .......3
4. ਖ਼ਬਰ ਹੈ ਕਿ .........................6
5. ਬੇਲੋੜੀਆਂ ਚੀਜ਼ਾਂ ਦੀ ਜਮ੍ਹਾਖੋਰੀ..7
6. ਸੰਸਾਰ-ਖ਼ਬਰਾਂ ...................10
7. ਤਰਕ ਫ਼ੈਸਲਾ-ਸੁਖ਼ਦ ਅਹਿਸਾਸ ..........................................11
8. ਅਨਿਸ ਦਾ ਸੰਗ ਸਾਥ ...... 12
9. ਕੇਸ ਰਿਪੋਰਟ .................... 13
10. ਪੜ੍ਹਨਯੋਗ ਪੁਸਤਕਾਂ ........15
11. ਆਓ ਵਿਗਿਆਨਕ ਕਾਰਣ ਜਾਣੀਏ.............................. 18
12. ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ .....................20
13. ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ-ਅਜੀਤ ਸਿੰਘ .............. 22
14. ਨਵੀਂ ਸਵੇਰ..................... 25
15. ਪੈੜਾਂ .......................... 26
16. ਬਾਲ ਪੰਨੇ ..................... 28
17. ਜੀਨ ਦੇ ਯੋਗਦਾਨ ਸਬੰਧੀ ਭਰਮ...................................30
18. ਕੀ ਮੌਤ ਤੋਂ ਬਾਅਦ ਵੀ ਜ਼ਿੰਦਗੀ ਹੈ ? ..... 34
19. ਝੂਠ ਨੂੰ ਝੂਠ ਸਿੱਧ ਕਰਨ ਉੱਤੇ ਲਗਦੀ ਊਰਜਾ ..................... 38
20. ਨਿਕੰਮਾਪਣ ਅਤੇ ਮਨੋਰੋਗ ... 39
21. ਲੇਖਕਾਂ ਦਾ ਇਨਕਾਰ ......... 41
22. ਕੇਂਦਰੀਕਰਨ ਪੰਜਾਬ ਯੂਨੀਵਰਸਿਟੀ ਦਾ ...................................43
23. ਬੋਲ ਸਦੀਵੀਂ..................... 45
24. ਪੇਸ਼ ਕਦਮੀਆਂ .............. 46
25. ਪ੍ਰਤੀਕਰਮ .................... 50
26. ਸਲਾਨਾ ਇੱਕਤਰਤਾ ......... 51
27. ਆਖਰੀ ਪੰਨਾ ..................52



ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਤੀਸਤਾ ਸੀਤਲਵਾੜ ਭਾਰਤ ਦੀ ਉੱਘੀ ਪੱਤਰਕਾਰ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਹੈ। 2002 ਦੇ ਗੁਜਰਾਤ ਦੰਗਿਆਂ ਦੇ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਨ ਲਈ ਬਣਾਏ ਗਏ ਸੰਗਠਨ The Citizens for Justice ਦੀ ਉਹ ਸਕੱਤਰ ਹੈ। ਗੁਜਰਾਤ ਦੇ ਏ ਟੀ ਐਸ (Anti-Terrorism Squad) (ਅਤਿਵਾਦ ਵਿਰੋਧੀ ਦਸਤੇ) ਨੇ ਉਸ ਨੂੰ ਮੁੰਬਈ ਤੋਂ ਹਿਰਾਸਤ ਵਿੱਚ ਲਿਆ ਹੈ। ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਹੋਰਾਂ ਨੂੰ ਉਹਨਾਂ ’ਤੇ ਇਨ੍ਹਾਂ ਦੰਗਿਆਂ ਨੂੰ ਰਾਜਸੀ ਪੁਸ਼ਤਪਨਾਹੀ ਦੇਣ ਦਾ ਦੋਸ਼ੀ ਹੋਣ ਦੇ ਲੱਗੇ ਦੋਸ਼ ਤੋਂ ਦੇਸ਼ ਦੀ ਸਰਵ-ਉੱਚ ਅਦਾਲਤ ਵੱਲੋਂ ਕਲੀਨ ਚਿਟ ਦਿੱਤੇ ਜਾਣ ਦੇ ਤਰੁੰਤ ਬਾਅਦ ਇਹ ਗ੍ਰਿਫਤਾਰੀ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਮੁਲਾਕਾਤ ਵਿੱਚ ਸਪੱਸ਼ਟ ਰੂਪ ਵਿੱਚ ਕਿਹਾ ਵੀ ਹੈ ਕਿ ਤੀਸਤਾ ਨੇ ਗੁਜਰਾਤ ਵਿੱਚ 2002 ’ਚ ਮੁਸਲਮਾਨਾਂ ਦੇ ਕਤਲੇਆਮ ਬਾਰੇ ਪੁਲਿਸ ਨੂੰ ਤੱਥਹੀਣ ਜਾਣਕਾਰੀ ਦੇ ਕੇ ਗੁੰਮਰਾਹ ਕੀਤਾ ਸੀ। ਇਸ ਬਿਆਨ ਤੋਂ ਸਪੱਸ਼ਟ ਹੁੰਦਾ ਕਿ ਇਹ ਹੀ ਤੀਸਤਾ ਦੀ ਗ੍ਰਿਫਤਾਰੀ ਦਾ ਮੁੱਖ ਕਾਰਨ ਹੈ ਕਿ ਉਹ ਪੀੜਤਾਂ ਦੇ ਹੱਕ ਵਿੱਚ ਕਿਉਂ ਖੜ੍ਹੀ। ਤੀਸਤਾ ਅਤੇ ਉਸਦੀ ਟੀਮ 2002 ਕਤਲੇਆਮ ਦੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਅਤੇ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੜ ਰਹੀ ਹੈ। ਸੀਤਲਵਾੜ ਦੀ ਗੈਰ ਸਰਕਾਰੀ ਸੰਸਥਾ (N.G.O.) ਨੇ ਜ਼ਕੀਆ ਜਾਫ਼ਰੀ ਦੀ ਕਾਨੂੰਨੀ ਲੜਾਈ ਦੌਰਾਨ ਉਸ ਦਾ ਸਹਿਯੋਗ ਕੀਤਾ ਸੀ। ਸਾਬਕਾ ਪਾਰਲੀਮੈਂਟ ਮੈਂਬਰ ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਜਾਫ਼ਰੀ ਨੇ ਸਰਵ ਉੱਚ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਜਾਂਚ ਏਜੰਸੀਆਂ ਵੱਲੋਂ ਦੋਸ਼ੀਆਂ ਨੂੰ ਦਿੱਤੀ ਕਲੀਨ ਚਿੱਟ ਨੂੰ ਚੁਣੌਤੀ ਦਿੱਤੀ ਸੀ ਜਿਸ ਦੇ ਪਤੀ ਨੂੰ ਹਿੰਦੂਤਵੀ ਭੀੜਾਂ ਨੇ ਉਸ ਦੇ ਘਰ ਉੱਪਰ ਹਮਲਾ ਕਰਕੇ ਬਹੁਤ ਸਾਰੇ ਮੁਸਲਮਾਨਾਂ ਸਮੇਤ ਜ਼ਿੰਦਾ ਸਾੜ ਦਿੱਤਾ ਸੀ। ਕੀ ਹੁਣ ਇਸ ਦੇਸ਼ ਵਿੱਚ ਕਿਸੇ ਪੀੜਤ ਦੇ ਨਾਲ ਖੜ੍ਹਨਾ ਵੀ ਇੱਕ ਜ਼ੁਰਮ ਬਣ ਗਿਆ ਹੈ ? ਕੀ ਬਿਨ੍ਹਾਂ ਕਿਸੇ ਕਸੂਰ ਤੋਂ ਧਰਮ ਦੇ ਅਧਾਰ ’ਤੇ ਕਤਲ ਕਰ ਦਿੱਤੇ ਗਏ ਮਨੁੱਖਾਂ ਦੀ ਮੌਤ ’ਤੇ ਵੀ ਚੁੱਪ ਰਹਿਣ ਲਈ ਤੀਸਤਾ ਦੇ ਰਾਹੀਂ ਸਮੁੱਚੀ ਲੋਕਾਈ ਨੂੰ ਇੱਕ ਸੰਕੇਤ ਨਹੀਂ ਦਿੱਤਾ ਜਾ ਰਿਹਾ ? ਕੀ ਸਮੇਂ ਦੀਆਂ ਸਰਕਾਰਾਂ ਵੱਲੋਂ ਅਜਿਹੇ ਕਤਲਾਂ ਨੂੰ ਰੋਕਿਆ ਜਾਣਾ ਉਹਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ ? ਕੀ ਕਿਸੇ ਦਾ ਕਤਲ ਸਾਹਮਣੇ ਹੁੰਦਿਆਂ ਵੇਖ ਕੇ ਚੁੱਪ ਰਹਿਣਾ ਅਤੇ ਆਪਣੀ ਰਾਜਕੀ ਡਿਊਟੀ ਨਿਭਾਉਣਾ ਕੋਈ ਜੁਰਮ ਨਹੀਂ ? ਆਦਿ ਤੀਸਤਾ ਦੀ ਗ੍ਰਿਫਤਾਰੀ ਅੱਜ ਸਾਨੂੰ ਇੰਨ੍ਹਾਂ ਸੈਂਕੜੇ ਸਵਾਲਾਂ ਦੇ ਰੂ-ਬ-ਰੂ ਕਰਦੀ ਹੈ। ਇਸ ਗ੍ਰਿਫਤਾਰੀ ਦਾ ਸਖਤ ਵਿਰੋਧ ਕੀਤਾ ਜਾਣਾ ਚਾਹੀਦਾ। ਸੈਂਕੜੇ ਲੋਕ ਪੱਖੀ ਬੁੱਧੀਜੀਵੀ, ਸਮਾਜਿਕ ਕਾਰਕੁੰਨ ਪਹਿਲਾਂ ਹੀ ਭਾਰਤ ਦੀਆਂ ਜੇਲ੍ਹਾਂ ਵਿੱਚ ਝੂਠੇ ਕੇਸਾਂ ਵਿੱਚ ਤੁੰਨੇ ਹੋਏ ਹਨ। ਸਮੂਹ ਇਨਸਾਫ ਪਸੰਦ ਲੋਕਾਂ, ਜਥੇਬੰਦੀਆਂ ਨੂੰ ਇਸ ਘੋਰ ਤਾਨਾਸ਼ਾਹੀ ਦੇ ਖ਼ਿਲਾਫ਼ ਸੰਘਰਸ਼ ਦੇ ਮੈਦਾਨ ’ਚ ਉੱਤਰਣਾ ਚਾਹੀਦਾ।

# ਜੀਅ ਜਿਹਾ ਨਹੀਂ ਲਗਦਾ

**ਪਾਸ਼**

ਪਿੰਡਾਂ ਦੀ ਜ਼ਿੰਦਗੀ ਦੀ 'ਮਿਹਨਤ' ਵਿਚ ਗੁੜ੍ਹੱਚੀ ਹਵਾ ਨੂੰ ਲਾਊਡ ਸਪੀਕਰਾਂ ਵਿਚ ਵੱਜਦੇ ਗੰਦੇ ਗੀਤਾਂ ਨੇ ਗੰਧਲਿਆ ਕੀਤਾ ਪਿਆ ਹੈ। ਜਿੰਨਾ ਮਾਰੂ ਅਸਰ ਇਨ੍ਹਾਂ ਗੀਤਾਂ ਦਾ ਪਿੰਡਾਂ ਦੇ ਘੱਟ ਪੜ੍ਹੇ ਜਾਂ ਅਨਪੜ੍ਹ ਨੌਜੁਆਨ ਮੁੰਡੇ ਕੁੜੀਆਂ 'ਤੇ ਹੁੰਦਾ ਹੈ, ਉਹ ਸਾਡੇ ਸਮਾਜ ਵਿਚ ਨਰੋਈਆਂ ਅਤੇ ਸਿਹਤਮੰਦ ਕਦਰਾਂ-ਕੀਮਤਾਂ ਪੈਦਾ ਹੀ ਨਹੀਂ ਹੋਣ ਦਿੰਦਾ।

ਸਾਡੇ ਪਿੰਡ ਦੇ ਅਗਾਂਹ ਵਧੂ ਲੋਕਾਂ ਅਤੇ ਸਿਆਣੇ ਪੰਚਾਇਤੀਆਂ ਦੇ ਉੱਦਮ ਨਾਲ ਪਿੰਡ ਦੇ ਇੱਕਠ ਵਿੱਚ ਸਪੀਕਰ ਨਾ ਵਜਾਉਣ ਦਾ ਮਤਾ ਰੱਖਿਆ ਗਿਆ। ਹੁਣ ਇਹ ਇਕ ਐਸਾ ਮਸਲਾ ਸੀ ਜਿਸਦੇ ਵਿਰੋਧ ਵਿਚ ਬਹੁਤੇ ਲੋਕ ਸ਼ਰਮੋ ਸ਼ਰਮੀ ਹੀ ਨਹੀਂ ਬੋਲੇ, ਭਾਵੇਂ ਉਹ ਅੰਦਰੋਂ ਇਸ ਨੂੰ ਨਾ ਪਸੰਦ ਹੀ ਕਰਦੇ ਹੋਣ। ਦੋ ਤਿੰਨ ਅੱਖੜ ਕਿਸਮ ਦੇ ਬੰਦਿਆਂ ਨੇ ਮਤੇ ਦਾ ਵਿਰੋਧ ਵੀ ਕੀਤਾ, ਅਤੇ ਉਹ ਕੇਵਲ ਉਹੀ ਸਨ ਜਿਨ੍ਹਾਂ ਦੇ ਕੁੜੀਆਂ, ਭੈਣਾਂ ਨਹੀਂ ਸਨ। ਸੋ ਮਤਾ ਬਹੁ ਸੰਮਤੀ ਨਾਲ ਪਾਸ ਹੋ ਗਿਆ ਅਤੇ ਤਵਿਆਂ ਨੇ ਲੋਕਾਂ ਦੇ ਕੰਨ ਖਾਣੇ ਬੰਦ ਕਰ ਦਿੱਤੇ। ਜਿਸ ਦਿਨ ਇਹ ਇਕੱਠ ਹੋਇਆ ਸੀ, ਓਦਣ ਪਿੰਡ ਦੇ ਕਈ ਨੌਜੁਆਨ ਮੁੰਡੇ ਪਰ੍ਹੇ ਖੜ੍ਹੇ ਮਨਾਂ ਵਿਚ ਹੀ ਕਚੀਚੀਆਂ ਵੱਟਦੇ ਰਹੇ। ਵੱਡਿਆਂ ਦੇ ਡਰੋਂ ਪੰਚਾਇਤ ਵਿਚ ਆ ਕੇ ਬੋਲਣ ਦਾ ਹੀਆ ਭਾਵੇ ਨਾ ਕਰ ਸਕੇ।



ਅਸੀਂ ਸਾਰੇ ਸਮਝਣ ਲੱਗ ਪਏ ਕਿ ਪਿੰਡ ਦੇ ਅਗਾਂਹ ਵਧੂਆਂ ਦੀ ਇਹ ਭਾਰੀ ਜਿੱਤ ਹੈ। ਹੁਣ ਨੌਜੁਆਨਾਂ ਦੀ ਮਨੋਦਿਸ਼ਾ ਨੂੰ ਵਿਗੜਨੋਂ ਬਚਾਇਆ ਜਾ ਸਕੇਗਾ। ਪਰ ਕੁਝ ਹੀ ਮਹੀਨਿਆਂ ਵਿਚ ਮਹਿਸੂਸ ਹੋਇਆ ਕਿ ਅਸੀਂ ਸ਼ੇਖ ਚਿੱਲੀ ਵਾਲੀ ਖੁਸ਼ੀ ਮਾਣ ਰਹੇ ਸਾਂ।

ਅਕਸਰ ਇਹ ਵੇਖਣ ਵਿਚ ਆਉਂਦਾ ਕਿ ਲਾਗਲੇ ਕਿਸੇ ਪਿੰਡ ਕੋਈ ਵਿਆਹ ਸ਼ਾਦੀ ਹੋ ਰਹੀ ਹੁੰਦੀ ਤੇ ਸਪੀਕਰਾਂ ਦਾ ਕੰਨ ਪਾੜੂ ਸ਼ੋਰ ਹਵਾ 'ਤੇ ਸਵਾਰ ਹੋ ਕੇ ਹੱਦਾਂ ਉਲੰਘਦਾ ਹੋਇਆ ਸਾਡੇ ਪਿੰਡ ਦੀ ਜੂਹ ਵਿਚ ਆ ਵੜਦਾ। ਕੋਈ ਮੁੰਡਾ ਜੇ ਉਸ ਵੇਲੇ ਪੱਠੇ ਕੁਤਰ ਰਿਹਾ ਹੁੰਦਾ ਤਾਂ ਮਸ਼ੀਨ ਖੜ੍ਹੀ ਕਰ ਕੇ ਕੰਨ ਉੱਤੇ ਹੱਥ ਰੱਖ ਕੇ ਗੀਤ ਦੀਆਂ ਖਿੰਡਰੀਆਂ ਸੁਰਾਂ ਨੂੰ ਫੜਨ ਦੀ ਕੋਸ਼ਿਸ਼ ਕਰਨ ਲੱਗਦਾ। ਨੌਜੁਆਨ ਤਾਂ ਕੀ ਕਈ ਸਿਆਣੇ ਆਦਮੀ ਵੀ ਹੱਟੀ ਭੱਠੀ ਤੇ ਪਸ਼ੂਆਂ ਦੇ ਵਾੜਿਆਂ ਵਿਚ ਬੈਠ ਕੇ ਇਸ 'ਪਾਬੰਦੀ' ਦੀ ਮੁਕਾਣ ਦਿੰਦੇ ਰਹਿੰਦੇ। ਮੈਂ ਇਹਨਾਂ ਗੱਲਾਂ ਤੋਂ ਬੜਾ ਦੁਖੀ ਰਹਿੰਦਾ ਤੇ ਇਸ ਸਮੱਸਿਆ ਦਾ ਜ਼ਿਕਰ ਪਿੰਡ ਵਿਚਲੇ ਆਪਣੇ ਤੋਂ ਸਿਆਣੇ ਬੰਦਿਆਂ, ਸਾਊ ਵਿਦਿਆਰਥੀਆਂ, ਪੜ੍ਹੀਆਂ ਲਿਖੀਆਂ ਸ਼ਖ਼ਸੀਅਤਾਂ ਤੇ ਸਰਪੰਚ ਹੋਰਾਂ ਨਾਲ ਕਰਦਾ ਰਿਹਾ। ਪਰ ਕੋਈ ਵੀ ਇਹਦਾ ਹੱਲ ਨਾ ਸੋਚ ਸਕਦਾ। ਇਹ ਲੋਕ "ਸਿਆੜ" ਦੇ ਗੀਤ, ਕਵਿਤਾਵਾਂ ਵੀ ਬੜੇ ਸ਼ੌਂਕ ਅਤੇ ਪਸੰਦਗੀ ਨਾਲ ਪੜ੍ਹਦੇ ਅਤੇ ਗੁਣਗੁਣਾਉਂਦੇ ਰਹਿੰਦੇ ਹਨ, ਪਰ ਇਹ ਗੀਤ ਏਨੇ ਕਾਫੀ ਨਹੀਂ ਹਨ, ਕਿ ਉਨ੍ਹਾਂ ਦੀ ਮਾਨਸਿਕ ਸੱਭਿਆਚਾਰਕ ਭੁੱਖ ਨੂੰ ਸਾਰਾ ਮਹੀਨਾ ਸੰਤੁਸ਼ਟ ਕਰੀ ਰੱਖਦੇ।

ਅਸੀਂ ਇਕ ਹੋਰ ਕੰਮ ਸ਼ੁਰੂ ਕੀਤਾ। ਇਕੱਲੇ-ਇੱਕਲੇ ਨੌਜੁਆਨ ਨਾਲ ਸਿੱਧੀ ਗੱਲ ਕਰਕੇ ਉਨ੍ਹਾਂ ਨੂੰ ਜ਼ਿੰਦਗੀ ਵਿਚ ਪਿਆਰ ਦੀ ਮਹਾਨਤਾ ਬਾਰੇ ਜਾਣੂ ਕਰਾਉਣਾ ਅਤੇ ਇਹ ਸਮਝਾਉਣ ਦਾ ਯਤਨ ਕਰਨਾ ਕਿ ਇਹ ਗੰਦੇ ਗਾਣੇ ਸਾਨੂੰ ਭਰਿਸ਼ਟ ਕਰਨ ਲਈ ਸਰਮਾਏਦਾਰ ਸਰਕਾਰ ਨੇ ਜਾਣ ਬੁੱਝ ਕੇ ਪਿੰਡਾਂ ਵਿਚ ਆਵਾਰਾ ਸਾਹਨਾਂ ਵਾਂਗ ਸਾਡੀ ਰੂਹ ਦੀ ਹਰਿਆਲੀ ਚਰ ਜਾਣ ਲਈ ਛੱਡੇ ਹੋਏ ਹਨ। ਇਸ ਮੁਹਿੰਮ ਦਾ ਕੁੱਝ ਅਸਰ ਛੇਤੀ ਹੀ ਪੈਂਦਾ ਦਿਸਿਆ ਤੇ ਕਈ ਮੌਕੇ ਅਜਿਹੇ ਵੀ ਆਏ ਕਿ ਕਿਤੇ-ਕਿਤੇ ਰਾਤ ਨੂੰ ਕੋਈ ਮੁੰਡਾ (ਭਾਵੇਂ ਸ਼ਰਾਬੀ ਹੋ ਕੇ ਹੀ) ਸੰਤ ਰਾਮ ਉਦਾਸੀ ਦਾ ਗੀਤ ਬੜਕਾਂ ਮਾਰ-ਮਾਰ ਗਾਉਂਦਾ ਦਿਸਦਾ। ਇਕ ਵਾਰ ਇਹ ਦੇਖ ਕੇ ਤਾਂ ਮੈਨੂੰ ਅਤਿਅੰਤ ਖੁਸ਼ੀ ਹੋਈ ਕਿ ਦੋ ਉੱਕਾ ਹੀ ਅਨਪੜ੍ਹ ਮੁੰਡੇ ਆਪਣੀ ਹਵੇਲੀ ਵਿਚ ਪਸ਼ੂਆਂ ਕੋਲ ਲੰਮੇ ਪਏ ਸੱਭਿਆਚਾਰਕ ਸੰਕਟ ਬਾਰੇ ਗੱਲਾਂ ਕਰ ਰਹੇ ਸਨ।

ਬਾਹਰਲਾ ਬੂਹਾ ਢੋਇਆ ਹੋਇਆ ਸੀ। ਮੈਂ ਕੰਨ ਲਾ ਕੇ ਗੱਲਾਂ ਸੁਣਦਾ ਰਿਹਾ। ਉਹ ਗੌਰਮਿੰਟ ਦੀ ਧੀ-ਭੈਣ ਇਕ ਕਰ ਰਹੇ ਸਨ ਕਿ ਸਾਨੂੰ ਗ਼ਲਤ ਪਾਸੇ ਲਾ ਕੇ ਕਿਸ ਤਰ੍ਹਾਂ ਖੱਜਲ ਕਰਦੀ ਹੈ। ਮੈਂ ਆਪਣੀ ਖੁਸ਼ੀ ਨੂੰ ਹਿੱਕ ਵਿਚ ਸਾਂਭੀ ਚੁੱਪ ਚਾਪ ਪੋਲੇ ਪੈਰੀਂ ਪਰਤ ਆਇਆ।

ਪਰ ਮੇਰੇ ਇਸ ਉਤਸ਼ਾਹ ਦਾ ... **ਬਾਕੀ ਪੰਨਾ 9 'ਤੇ**

ਚਲੰਤ ਘਟਨਾਵਾਂ

# ਸਿੱਧੂ ਮੂਸੇਵਾਲਾ ਦੇ ਕਤਲ ਨੂੰ ਸਮੁੱਚੇ ਦੇਸ਼-ਪੱਧਰੀ ਸਿਆਸੀ-ਸਮਾਜੀ-ਸਭਿਆਚਾਰਕ ਪ੍ਰਸੰਗ ਵਿੱਚ ਦੇਖਣ ਦੀ ਲੋੜ

ਹੇਮ ਰਾਜ ਸਟੈਨੋ



ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਚਰਚਾ ਜ਼ੋਰਾਂ-ਸ਼ੋਰਾਂ ’ਤੇ ਹੈ। ਸਿੱਧੂ ਮੂਸੇਵਾਲਾ ਮਾਨਸਾ ਜ਼ਿਲੇ ਦੇ ਪਿੰਡ ਮੂਸੇ ਦਾ ਰਹਿਣ ਵਾਲਾ ਸੀ। ਉਸਦਾ ਅਸਲੀ ਨਾਂਅ ਸ਼ੁਭਦੀਪ ਸਿੰਘ ਸੀ। ਉਹ ਸਿੱਧੂ ਮੂਸੇਵਾਲਾ ਦੇ ਨਾਂਅ ’ਤੇ ਜਾਣਿਆ ਜਾਣ ਲੱਗਿਆ। ਉਹ ਆਮ ਸਾਧਾਰਨ ਗੀਤ ਹੀ ਲਿਖਦਾ-ਗਾਉਂਦਾ ਸੀ। ਇੱਕ ਨਮੂਨਾ ਲੈਂਦੇ ਹਾਂ:-

ਦੱਸ ਪੁੱਤ ਤੇਰਾ ਹੈਡ ਡਾਉਨ ਕਾਸਤੋਂ
ਚੰਗਾ ਭਲਾ ਹੱਸਦਾ ਸੀ ਮੋਨ ਕਾਸਤੋਂ
ਆਹ ਜਿਹੜੇ ਦਰਵਾਜ਼ੇ ਵਿੱਚ ਬੋਰਡ ਚੱਕੀ ਖੜ੍ਹੇ ਆ
ਮੈਂ ਚੰਗੀ ਤਰ੍ਹਾਂ ਜਾਣਦਾ ਆ ਕੌਣ ਕਾਸਤੋਂ
ਕੁਛ ਐਥੇ ਚਾਂਦੀ ਚਮਕਾਉਣਾ ਚਾਹੁੰਦੇ ਨੇ
ਕੁਛ ਤੈਨੂੰ ਫੜ ਥੱਲੇ ਲੌਣਾ ਚਾਹੁੰਦੇ ਨੇ
ਕੁਛ ਕੁ ਨੇ ਆਏ ਇੱਥੇ ਭੁੱਖੇ ਫੇਮ ਦੇ
ਨਾਮ ਲੈ ਕੇ ਤੇਰਾ ਅੱਗੇ ਆਉਣਾ ਚਾਹੁੰਦੇ ਨੇ
ਮੁਸੀਬਤ ਤਾਂ ਮਰਦਾਂ ’ਤੇ ਪੈਂਦੀ ਰਹਿੰਦੀ ਏ
ਦੱਬੀ ਨਾ ਤੂੰ ਦੁਨੀਆਂ ਸਵਾਦ ਲੈਂਦੀ ਏ
ਨਾਲੇ ਜਿਹੜੇ ਰਸਤੇ ’ਤੇ ਤੂੰ ਤੁਰਿਆ
ਐਥੇ ਬਦਨਾਮੀ ਹਾਈ ਰੇਟ ਮਿਲੂਗੀ
ਨਿਤ ਕੰਟਰੋਵਰਸੀ ਕ੍ਰਿਏਟ ਮਿਲੂਗੀ
ਧਰਮਾਂ ਦੇ ਨਾਮ ’ਤੇ ਡਿਬੇਟ ਮਿਲੂਗੀ
ਸੱਚ ਬੋਲੇਗਾ ਤਾਂ ਮਿਲੂ 295
ਜੇ ਕਰੇਂਗਾ ਤਰੱਕੀ ਪੁੱਤ ਹੇਟ ਮਿਲੂਗੀ

ਜਾਂ ਅਜਿਹੇ ਹੀ ਹੋਰ ਕਿਸਮ ਦੇ ਹੋਰ ਗੀਤ। ਭਾਵੇਂ ਉਸਦੇ ਗੀਤ ਕੋਈ ਅਗਾਂਹਵਧੂ ਸਮਾਜਕ ਤਬਦੀਲੀ ਲਈ ਪ੍ਰੇਰਿਤ ਕਰਨ ਵਾਲੇ ਨਹੀਂ ਹੁੰਦੇ ਸਨ ਪਰ ਉਸਦੇ ਗੀਤਾਂ ਅਤੇ ਗਾਉਣ ਕਾਰਨ ਉਹ ਆਮ ਨੌਜਵਾਨਾਂ ’ਚ ਇੱਕ ਖਾਸ ਕਿਸਮ ਦੀ ਥਾਂ ਰੱਖਦਾ ਸੀ। ਇਹ ਨਹੀਂ ਬਲਕਿ ਉਹ ਬਾਹਰਲੇ ਮੁਲਕਾਂ ਦੇ ਪੰਜਾਬੀਆਂ ਦੇ ਚਹੇਤੇ ਗਾਇਕ ਵਜੋਂ ਵੀ ਉਭਰਿਆ ਹੋਇਆ ਸੀ।

ਸਿੱਧੂ ਮੂਸੇਵਾਲਾ ਦੇ ਕਤਲ ਦੀ ਘਟਨਾ ਤੋਂ ਕਿੰਨੇ ਦਿਨਾਂ ਬਾਅਦ ਵੀ ਚਰਚਾ ਪੂਰੀ ਭਖੀ ਹੋਈ ਹੈ। ਲਗਭਗ ਸਾਰੀਆਂ ਰਵਾਇਤੀ ਸਿਆਸੀ ਪਾਰਟੀਆਂ ਵੱਲੋਂ ਇਸ ਕਤਲ ਦੀ ਨਿਖੇਧੀ ਕੀਤੀ ਗਈ ਹੈ। ਕਦੇ ਮਾਨਸਾ ਪੁਲਿਸ, ਕਦੇ ਦਿੱਲੀ ਪੁਲਿਸ ਅਤੇ ਕਦੇ ਮਹਾਂਰਾਸ਼ਟਰਾ ਪੁਲਿਸ ਆਦਿ ਵੱਲੋਂ ਹਰ ਰੋਜ਼ ਨਵੇਂ ਤੋਂ ਨਵੇਂ ਬਿਆਨ ਜਾਰੀ ਹੋ ਰਹੇ ਹਨ। ਪਰ ਹਾਲ ਤੱਕ ਇਸ ਕਤਲ ਕਾਂਡ ਦੀ ਖੋਜ ਕਰਨ ਲਈ ਬਣਾਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿਟ) ਵੱਲੋਂ ਇਹ ਕਤਲ ਕਰਨ ਵਾਲੇ ਦੋਸ਼ੀਆਂ ਅਤੇ ਇਸ ਕਤਲ ਪਿੱਛੇ ਕੰਮ ਕਰਦੇ ਮਕਸਦ ਬਾਰੇ ਕੋਈ ਅੰਤਿਮ ਰਿਪੋਰਟ ਨਹੀਂ ਦਿੱਤੀ ਗਈ। ਜਿਹੜੇ ਵੀ ਕੋਈ ਦੋਸ਼ੀ ਹਨ ਉਨ੍ਹਾਂ ਨੂੰ ਹਾਲ ਤੱਕ ਮੁਲਜ਼ਮ ਬਣਾਕੇ ਅਦਾਲਤ ’ਚ ਪੇਸ਼ ਨਹੀਂ ਕੀਤਾ ਗਿਆ। ਕਹਿਣ ਤੋਂ ਭਾਵ ਕਿ ਚਾਹੇ ਸਰਕਾਰ ਹੋਵੇ ਅਤੇ ਚਾਹੇ ਪੁਲਿਸ, ਇਹ ਲੇਖ ਲਿਖਣ ਤੱਕ ਸਿਰਫ ਬਿਆਨਬਾਜ਼ੀ ਤੱਕ ਹੀ ਸੀਮਤ ਹੈ।

ਸ਼ੁਰੂ ਤੋਂ ਲੈ ਕੇ ਹੁਣ ਤੱਕ ਸਰਕਾਰ ਤੇ ਪੁਲਿਸ ਏਜੰਸੀਆਂ ਵੱਲੋਂ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਇਹ ਕਤਲ ਕਿਸੇ ਗੈਂਗ ਦੁਆਰਾ ਕੀਤਾ ਗਿਆ ਹੈ। ਕਦੇ ਇਸਨੂੰ ਕਿਸੇ ਗੈਂਗਸਟਰ ਦੇ ਨਾਮ ਨਾਲ ਜੋੜਿਆ ਜਾਂਦਾ ਰਿਹਾ ਤੇ ਕਦੇ ਕਿਸੇ ਹੋਰ ਗੈਂਗ ਨਾਲ। ਜੇਕਰ ਆਪਾਂ ਮਿੰਟ ਦੀ ਮਿੰਟ ਇਹ ਗੱਲ ਮੰਨ ਵੀ ਲਈਏ ਕਿ ਇਹ ਕਤਲ ਕਿਸੇ ਗੈਂਗਸਟਰ ਵੱਲੋਂ ਕੀਤਾ ਜਾਂ ਕਰਵਾਇਆ ਗਿਆ ਹੈ ਤਾਂ ਇੱਥੇ ਪਹਿਲਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿੱਧੂ ਮੂਸੇਵਾਲੇ ਨੂੰ ਮਾਰਨ ਵਾਲੇ ਗੈਂਗ ਦਾ ਕੀ ਹਿਤ ਸੀ? ਕੀ ਉਹ ਉਸ ਤੋਂ ਕੋਈ ਰਕਮ ਵਸੂਲਣਾ ਚਾਹੁੰਦਾ ਸੀ? ਇਹ ਗੱਲ ਹਾਲ ਤੱਕ ਸਾਹਮਣੇ ਨਹੀਂ ਲਿਆਂਦੀ ਗਈ। ਦੂਸਰਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕਿਸੇ ਗੈਂਗ ਨਾਲ ਉਸਦੀ ਸਿਆਸੀ ਜਾਂ ਕੋਈ ਨਿੱਜੀ ਦੁਸ਼ਮਣੀ ਸੀ? ਇਸ ਬਾਰੇ ਵੀ ਅਜੇ ਤੱਕ ਕੋਈ ਗੱਲ ਸਾਹਮਣੇ ਨਹੀਂ ਆਈ।

ਮੁਕਦੀ ਗੱਲ ਇਹ ਕਿ ਇਸ ਕਤਲ ਕਰਨ ਦਾ ਉਦੇਸ਼ ਹਾਲ ਤੱਕ ਸਾਹਮਣੇ ਨਹੀਂ ਲਿਆਂਦਾ ਗਿਆ। ਸਾਰੇ ਸਰਕਾਰੀ ਬਿਆਨਾਂ ’ਚ, ਚਾਹੇ ਉਹ ਪੁਲਸੀਆ ਟੀਮ ਵੱਲੋਂ ਹੋਣ ਅਤੇ ਚਾਹੇ ਰਾਜ ਕਰਦੀ ਸਿਆਸੀ ਪਾਰਟੀ ਵੱਲੋਂ ਬਸ ਇੰਨਾ ਹੀ ਕਿਹਾ ਜਾ ਰਿਹਾ ਹੈ ਕਿ ਮੂਸੇਵਾਲਾ ਦੇ ਕਾਤਲਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਆਪ ਪਾਰਟੀ ਦਾ ਸੁਪਰੀਮੋ ਅਰਵਿੰਦ ਕੇਜਰੀਵਾਲ ਕਹਿ ਰਿਹਾ ਹੈ ਕਿ ਪੰਜਾਬ ਦੀ ਧਰਤੀ ਤੋਂ ਗੈਂਗਸਟਰਾਂ ਦਾ ਸਫਾਇਆ ਕਰ ਦਿੱਤਾ ਜਾਵੇਗਾ। ਆਪ ਪਾਰਟੀ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਸਾਰੇ ਗੈਂਗਸਟਰ

ਪਿਛਲੀਆਂ ਰਾਜ ਕਰਦੀਆਂ ਸਿਆਸੀ ਪਾਰਟੀਆਂ ਦੀ ਛਤਰਛਾਇਆ ਹੇਠ ਹੀ ਬਣੇ, ਪਲੇ ਤੇ ਵਧੇ ਹਨ। ਖੈਰ...।

ਅਖਬਾਰੀ ਖਬਰਾਂ ਅਨੁਸਾਰ ਇਨ੍ਹਾਂ ਸਵਾਲਾਂ 'ਚੋਂ ਹੀ ਵੱਡਾ ਇੱਕ ਹੋਰ ਤਕਨੀਕੀ ਸਵਾਲ ਵੀ ਉਭਰ ਆਉਂਦਾ ਹੈ ਜਿਸ ਬਾਰੇ ਤਫਤੀਸ਼ੀ ਏਜੰਸੀਆਂ ਤੇ ਸਰਕਾਰ ਹਾਲੇ ਤੱਕ ਚੁੱਪ ਹਨ। ਖ਼ਬਰਾਂ ਅਨੁਸਾਰ ਇਸ ਕਤਲ 'ਚ ਏ.ਐਨ. 94 ਨਾਮ ਦਾ ਹਥਿਆਰ ਵਰਤੇ ਜਾਣ ਦਾ ਤੱਥ ਸਾਹਮਣੇ ਆਇਆ ਹੈ। ਇਹ ਹਥਿਆਰ ਨਾ ਤਾਂ ਕਿਸੇ ਆਮ ਵਿਅਕਤੀ ਕੋਲ ਅਤੇ ਨਾ ਹੀ ਕਿਸੇ ਅਸਲਾ ਡੀਲਰ ਕੋਲ ਹੁੰਦਾ ਹੈ। ਖ਼ਬਰਾਂ ਅਨੁਸਾਰ ਇਹ ਹਥਿਆਰ ਰੂਸੀ ਹਥਿਆਰ ਹੈ। ਭਾਵੇਂ ਸਰਕਾਰ ਵੱਲੋਂ ਤਾਂ ਨਹੀਂ ਕਿਹਾ ਗਿਆ ਪਰ ਅਜਿਹਾ ਹਥਿਆਰ ਕਿਸੇ ਸਰਕਾਰੀ ਏਜੰਸੀ ਕੋਲ ਜਾਂ ਫੌਜ ਆਦਿ ਕੋਲ ਹੀ ਹੋ ਸਕਣ ਦੀ ਸੰਭਾਵਨਾ ਹੋ ਸਕਦੀ ਹੈ। ਹੁਣ ਇੱਥੇ ਇਹ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਅਜਿਹਾ ਹਥਿਆਰ ਕਿਸੇ ਗੈਂਗ ਕੋਲ ਕਿਵੇਂ ਆ ਗਿਆ? ਇਹ ਇੱਕ ਵੱਡਾ ਸੁਆਲ ਹੈ ਜਿਸ ਬਾਰੇ ਪੁਲਿਸ ਅਤੇ ਸਰਕਾਰ ਨੂੰ ਸਾਫ ਕਰਨਾ ਪਵੇਗਾ।

ਇਸ ਤੋਂ ਅਗਲਾ ਮਹੱਤਵਪੂਰਨ ਸਵਾਲ ਇਹ ਪੈਦਾ ਹੁੰਦਾ ਹੈ ਕਿ ਨੌਜਵਾਨ ਇਸ ਵਰਤਾਰੇ ਵੱਲ ਕਿਉਂ ਰੁਚਿਤ ਹੋ ਜਾਂਦੇ ਹਨ?

ਹਰ ਆਮ ਸੂਝ-ਬੂਝ ਵਾਲਾ ਤੇ ਆਮ ਹਾਲਤਾਂ ਬਾਰੇ ਮਾੜੀ ਮੋਟੀ ਜਾਣਕਾਰੀ ਰੱਖਣ ਵਾਲਾ ਇਨਸਾਨ ਜਾਣਦਾ ਹੈ ਕਿ ਸਾਡੀਆਂ ਹਕੂਮਤਾਂ ਨੇ ਸਾਡੇ ਦੇਸ 'ਚ ਅਜਿਹੀ ਹਾਲਤ ਬਣਾਈ ਹੋਈ ਹੈ ਕਿ ਇੱਥੇ ਨੌਜਵਾਨ ਰੁਜ਼ਗਾਰ ਪੱਖੋਂ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ, ਕਿੰਨੇ ਹੀ ਨੌਜਵਾਨ ਆਪਣਾ ਹੀ ਨਹੀਂ ਬਲਕਿ ਬਾਪ-ਦਾਦੇ ਦਾ ਸਭ ਕੁੱਝ ਵੇਚ- ਵੱਟਕੇ ਵਿਦੇਸ਼ਾਂ ਵੱਲ ਜਾ ਰਹੇ ਹਨ। ਕਿਉਂ? ਕਿਉਂਕਿ ਉਨ੍ਹਾਂ ਨੂੰ ਸਾਡੇ ਦੇਸ਼ ਅੰਦਰ ਆਪਣਾ ਕੋਈ ਚੰਗੇਰਾ ਤਾਂ ਛੱਡੋ ਮਾੜਾ-ਮੋਟਾ ਗੁਜ਼ਾਰੇ ਜੋਗਾ ਭਵਿੱਖ ਵੀ ਦਿਖਾਈ ਨਹੀਂ ਦਿੰਦਾ। ਪਰ ਕਿਉਂਕਿ ਸਾਰੇ ਨੌਜਵਾਨ ਤਾਂ ਬਾਹਰ ਨਹੀਂ ਗਏ। ਜਿੰਡਾ ਵੱਡਾ ਹਿੱਸਾ ਨੌਜਵਾਨਾਂ ਦਾ ਸਾਡੇ ਦੇਸ਼ ਅੰਦਰ ਰਹਿ ਰਿਹਾ ਹੈ ਉਹ ਖੌਫ਼ਨਾਕ ਭਵਿੱਖ ਤੋਂ ਤ੍ਰਹਿਆ ਹੋਇਆ ਹੈ ਅਤੇ ਅੱਕੀਂ-ਪਲਾਹੀਂ ਹੱਥ-ਪੈਰ ਮਾਰਦਿਆਂ ਸਾਹ-ਵਰੋਲ ਰਿਹਾ ਹੈ। ਚਾਰ-ਚੁਫੇਰੇ ਫੈਲੀ ਇਹੋ-ਜਿਹੀ ਨਿਰਾਸ਼ਤਾ ਭਰੀ ਹਾਲਤ 'ਚ ਉਨ੍ਹਾਂ ਨੂੰ ਗਾਇਕਾਂ ਦੇ ਗੀਤਾਂ ਦੁਆਰਾ ਦਿਖਾਈ ਜਾਂਦੀ ਕਾਲਪਨਿਕ ਹਸੀਨ ਦੁਨੀਆਂ, ਅਤੇ ਹਕੂਮਤਾਂ ਵੱਲੋਂ ਵੱਡੇ ਵੱਡੇ ਪਰ ਥੋਥੇ ਦਾਅਵਿਆਂ ਵਾਲੀ ਕਲਪਿਤ ਦੁਨੀਆਂ ਦੀ ਖੂਬਸੂਰਤੀ ਹੀ ਧੂਹ ਪਾਉਂਦੀ ਹੈ। ਇਹ ਕਲਪਿਤ ਹਸੀਨ ਦੁਨੀਆਂ 'ਚ ਜਿਉਣ ਲਈ ਉਹ ਦੋ ਰਾਸਤੇ ਚੁਣਦੇ ਹਨ: ਪਹਿਲਾ ਤਾਂ ਨਸ਼ਿਆਂ ਦਾ ਰਾਹ, ਅਤੇ ਦੂਸਰਾ ਫੋਕੀ ਸ਼ੋਹਰਤਬਾਜ਼ੀ ਲਈ ਗੈਂਗਸਟਰ ਬਣਨ ਦਾ ਰਾਹ। ਇਹ ਗੱਲਾਂ ਕਰਨ ਤੋਂ ਸਾਡਾ ਭਾਵ ਇਹ ਹੈ ਕਿ ਜੇਕਰ ਮੂਸੇਵਾਲੇ ਦੇ ਕਤਲ ਨੂੰ ਕਿਸੇ ਗੈਂਗਸਟਰ ਵੱਲੋਂ ਜਾਂ ਉਸਦੇ ਇਸ਼ਾਰੇ 'ਤੇ ਕੀਤਾ ਗਿਆ ਕਤਲ ਵੀ ਮੰਨ ਲਿਆ ਜਾਵੇ ਤਾਂ ਇਸ ਵਿੱਚ ਵੀ ਬੁਨਿਆਦੀ ਤੌਰ 'ਤੇ ਸਾਡੀਆਂ ਹਕੂਮਤਾਂ ਦੀ ਭੂਮਿਕਾ ਹੀ ਬਣ ਜਾਂਦੀ ਹੈ ਜਿਨ੍ਹਾਂ ਨੇ ਨੌਜਵਾਨਾਂ ਦੇ ਅੱਖਾਂ ਅੱਗੇ ਹਨ੍ਹੇਰਾ ਕਰ ਰੱਖਿਆ ਹੈ। ਉੱਪਰੋਂ ਸਭਿਆਚਾਰਕ ਖੇਤਰ 'ਚ ਅਤੇ ਸਿਆਸੀ ਮੰਚਾਂ ਤੋਂ ਕਲਪਿਤ ਹਸੀਨ ਸੁਪਨੇ ਦਿਖਾਏ ਜਾ ਰਹੇ ਹਨ।

ਇਸ ਦੀ ਇੱਕ ਮਿਸਾਲ ਲਵੋ। ਆਹ ਹੁਣੇ ਹੁਣੇ ਕੇਂਦਰ ਦੀ ਭਾਜਪਾਈ ਹਕੂਮਤ ਨੇ ਨੌਜਵਾਨਾਂ ਨੂੰ ਇੱਕ ਨਵਾਂ ਅਹੁਦਾ ਦੇਣ ਦੀ ਗੱਲ ਕੀਤੀ ਹੈ। ਉਹ ਇਹ ਕਿ ਨੌਜਵਾਨਾਂ ਨੂੰ ਚਾਰ ਸਾਲ ਲਈ ਫੌਜ਼ ਵਿੱਚ ਭਰਤੀ ਕੀਤਾ ਜਾਵੇਗਾ ਪਰ ਇੱਕ ਫੌਜੀ ਵਜੋਂ ਨਹੀਂ ਬਲਕਿ ਅਗਨੀਵੀਰ ਵਜੋਂ। ਅਗਨੀਵੀਰ ਕੀ ਹੋਇਆ? ਅਸੀਂ ਮਿਥਿਹਾਸ ਪੜ੍ਹਦੇ ਹਾਂ ਉਸ 'ਚ ਅਗਨਬਾਣਾਂ (ਅਗਨੀਤੀਰਾਂ) ਦਾ ਜ਼ਿਕਰ ਆਉਂਦਾ ਹੈ। ਉਹ ਤਾਂ ਕਹਾਉਂਦੇ ਸਨ ਅਗਨਬਾਣ। ਫਿਰ ਅੱਜ ਜਿਹੜੇ ਨੌਜਵਾਨ ਭਰਤੀ ਹੋਣਗੇ ਉਹ ਕਹਾਉਣਗੇ ਅਗਨੀਵੀਰ ਭਾਵ ਕਿ ਅੱਗ ਵਰ੍ਹਾਉਣ ਵਾਲੇ। ਇਹ ਅਗਨੀਵੀਰਾਂ ਨੂੰ ਭਰਤੀ ਕਰਨ ਵਾਲੀ ਸਕੀਮ ਦਾ ਨਾਂਅ ਵੀ ਅਗਨੀਪਥ (ਅੱਗ 'ਤੇ ਤੁਰਨ ਦਾ ਰਾਹ) ਹੈ। ਇਹ ਅਗਨੀਵੀਰ ਹੋਣਗੇ ਵੀ ਸਿਰਫ ਚਾਰ ਸਾਲ ਲਈ। ਭਾਵ ਜਦੋਂ ਕੇਂਦਰੀ ਹਕੂਮਤ ਨੇ ਉਨ੍ਹਾਂ ਨੂੰ ਆਪਣੇ ਮਕਸਦ ਲਈ ਵਰਤ ਲਿਆ ਤਾਂ ਫਿਰ ਉਹਨਾਂ ਨੂੰ ਹਟ-ਪਾਸੇ ਕਹਿ ਦਿੱਤਾ ਜਾਵੇਗਾ। ਹਾਂ, ਕਹਿਣ ਨੂੰ ਹਕੂਮਤ ਇਹੀ ਕਹਿ ਰਹੀ ਹੈ ਕਿ ਇਹ ਅਗਨੀਵੀਰ ਦੇਸ਼-ਭਗਤੀ ਦੇ ਜ਼ਜਬੇ ਵਾਲੇ ਹੋਣਗੇ। ਭਲਾਂ, ਇਨ੍ਹਾਂ ਨੂੰ ਕੋਈ ਪੁੱਛੇ ਕਿ ਜਿਹੜੇ ਨੌਜਵਾਨ ਫੌਜੀ ਦੇ ਤੌਰ 'ਤੇ ਭਰਤੀ ਹੁੰਦੇ ਸਨ ਤੇ ਹਨ, ਉਨ੍ਹਾਂ 'ਚ ਦੇਸ਼-ਭਗਤੀ ਦਾ ਜ਼ਜਬਾ ਨਹੀਂ ਹੁੰਦਾ? ਜਾਂ ਜੇਕਰ ਇਨ੍ਹਾਂ ਨੌਜਵਾਨਾਂ ਨੂੰ ਫੌਜ 'ਚ ਪਹਿਲਾਂ ਦੀ ਤਰ੍ਹਾਂ ਹੀ ਭਰਤੀ ਕਰ ਲਿਆ ਜਾਂਦਾ ਹੈ ਤਾਂ ਕੀ ਇਨ੍ਹਾਂ 'ਚ ਦੇਸ਼ ਭਗਤੀ ਦਾ ਜ਼ਜਬਾ ਨਹੀਂ ਹੋਵੇਗਾ? ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਮੂਸੇਵਾਲਾ ਦੇ ਕਤਲ ਲਈ ਕਿਸੇ ਅਜਿਹੇ ਢੰਗ ਤੇ ਸੰਦ ਦੀ ਵਰਤੋਂ ਤਾਂ ਨਹੀਂ ਹੋਈ? ਇਹ ਤਫਤੀਸੀ ਏਜੰਸੀਆਂ ਅਤੇ ਸਰਕਾਰ ਦਾ ਕੰਮ ਹੈ ਕਿ ਇਸ ਪੱਖ ਵੱਲ ਧਿਆਨ ਦੇਣ।

ਇਹ ਕੋਈ ਮਨੋ-ਕਲਪਨਾ ਨਹੀਂ ਹੈ। ਇਤਿਹਾਸ ਪੜ੍ਹੀਏ ਤਾਂ ਪਤਾ ਚੱਲਦਾ ਹੈ ਕਿ ਪਹਿਲਾਂ ਵੀ ਜਰਮਨ 'ਚ ਹਿਟਲਰ ਵਰਗੇ ਤਾਨਾਸ਼ਾਹ ਹਾਕਮਾਂ ਨੇ ਅਜਿਹੀਆਂ ਟੁਕੜੀਆਂ ਤਿਆਰ ਕੀਤੀਆਂ ਅਤੇ ਲੋਕਾਂ ਦੇ ਵਿਰੁੱਧ ਵਰਤੀਆਂ ਸਨ।

ਸਾਡੀ ਅੱਜ ਦੀ ਕੇਂਦਰੀ ਹਕੂਮਤ ਵੀ ਹਿਟਲਰ ਦੀ ਵਿਚਾਰਧਰਾ ਦੇ ਪਦ-ਚਿੰਨ੍ਹਾਂ ’ਤੇ ਚੱਲਦੀ ਹੈ। ਹਿਟਲਰ ਦੀ ਵਿਚਾਰਧਾਰਾ ਦਾ ਇੱਕ ਨਮੂਨਾ ਲਵੋ। ਹਿਟਲਰ ਨੇ ਆਪਣੀ ਸਵੈ-ਜੀਵਨੀ “ਮੇਰੀ ਜੱਦੋਜਹਿਦ” ’ਚ ਲਿਖਿਆ:

“ਆਮ ਜਨਤਾ ਦੀ ਮਾਨਸਿਕਤਾ ’ਤੇ ਉਹੀ ਛਾ ਸਕਦਾ ਹੈ ਜੋ ਫੌਲਾਦ ਵਾਂਗ ਮਜ਼ਬੂਤ ਅਤੇ ਹਠਧਰਮੀ ਹੋਵੇ।....ਲੋਕਾਂ ਦੇ ਸਮੂਹ ਦੀ ਮਾਨਸਿਕਤਾ..ਇਹੋ-ਜਿਹੀ ਹੁੰਦੀ ਹੈ ਕਿ ਉਹ ਇਹੋ-ਜਿਹੇ ਹੁਕਮਰਾਨ ਹੇਠ ਮਾਨਸਿਕ ਤੌਰ ’ਤੇ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ ਜੋ ਹਰ ਕਿਸਮ ਦੇ ਵਿਰੋਧ ਨੂੰ ਸਖਤੀ ਨਾਲ ਦਰੜਕੇ ਰੱਖ ਦੇਣ ਵਾਲਾ ਹੋਵੇ ਨਾ ਕਿ ਉਸ ਹੁਕਮਰਾਨ ਤੋਂ ਜਿਹੜਾਂ ਉਨ੍ਹਾਂ ਨੂੰ ਧਾਰਮਿਕ ਜਾਂ ਕਿਸੇ ਕਿਸਮ ਦੀ ਹੋਰ ਕੱਟੜਤਾ ਤੋਂ ਬਾਹਰ ਜਾਣ ਦੀ ਖੁੱਲ੍ਹ ਦਿੰਦਾ ਹੋਵੇ...ਇਸ ਲਈ ਇੱਕ ਇਹੋ-ਜਿਹੀ ਸਖਸ਼ੀਅਤ ਉਭਾਰੀ ਜਾਣੀ ਚਾਹੀਦੀ ਹੈ ਜੋ ਕੱਟੜ ਹੋਵੇ...ਉਨ੍ਹਾ ਰਾਜਾਂ ਵਿੱਚ ਜਿੱਥੇ ਖੂਨ ਦਾ ਰਿਸ਼ਤਾ ਇੱਕ ਨਾ ਹੋਵੇ ਤੇ ਇੱਕ ਜਾਤੀ-ਨਸਲ ਦੇ ਲੋਕ ਨਾ ਹੋਣ ਉੱਥੇ ਲਾਜ਼ਮੀ ਹੀ ਕਠੋਰ ਕੇਂਦਰੀ ਰਾਜ ਦੀ ਹਕੂਮਤ ਹੋਣੀ ਚਾਹੀਦੀ ਹੈ ਜੋ ਆਜ਼ਾਦ ਤੇ ਆਪਣੇ ਤੋਂ ਵੱਖਰੀਆਂ ਰੁਚੀਆਂ ਨੂੰ ਮਸਲ ਦੇਵੇ”।

ਉਪਰੋਕਤ ਹਵਾਲਾ ਇਸ ਲਈ ਲਿਆ ਗਿਆ ਹੈ ਕਿ ਕਿਉਂਕਿ ਸਾਡੇ ਦੇਸ਼ ਵਿੱਚ ਵੀ ਇੱਕ ਜਾਤੀ ਜਾਂ ਨਸਲ ਨਹੀਂ ਹੈ। ਇਸ ਲਈ ਸਾਡੇ ਦੇਸ਼ ਦੀ ਕੇਂਦਰੀ ਹਕੂਮਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਕੱਟੜ ਸ਼ਾਸ਼ਕੀ-ਸਖਸ਼ੀਅਤ ਵਜੋਂ ਉਭਾਰ ਰਹੀ ਹੈ, ਹਿੰਦੂ ਕਹੀ ਜਾਣ ਵਾਲੀ ਜਾਤੀ ਤੋਂ ਬਾਹਰ ਸਾਰੀਆਂ ਜਾਤੀਆਂ ਅਤੇ ਨਸਲਾਂ ਨੂੰ ਅਤੇ ਹੋਰ ਹਰ ਜਮਹੂਰੀ ਅਤੇ ਧਰਮ-ਨਿਰਪੱਖ ਰੁਚੀਆਂ ਰੱਖਣ ਵਾਲਿਆਂ ਨੂੰ ਮਸਲ ਰਹੀ ਹੈ। ਇਹ ਸਾਰਾ ਕੁੱਝ ਸਾਡੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ। ਉਹ ਕਿਵੇਂ?

ਇਸ ਦੀ ਇੱਕ ਹੀ ਮਿਸਾਲ ਕਾਫੀ ਹੈ ਉਹ ਹੈ ਬੁਲਡੋਜ਼ਰ ਦੀ। ਯੂ.ਪੀ. ਤੋਂ ਖਬਰ ਹੈ ਕਿ ਉੱਥੇ ਭਾਜਪਾਈ ਹਕੂਮਤ ਵੱਲੋਂ ਪੈਗੰਬਰ ਮੁਹੰਮਦ ਖਿਲਾਫ ਕੀਤੀਆਂ ਟਿੱਪਣੀਆਂ ਦੇ ਵਿਰੋਧ ’ਚ ਮੁਜ਼ਾਹਰੇ ਹੋਏ। ਕਿਸੇ ਮੁਜ਼ਾਹਰੇ ਦੀ ਅਗਵਾਈ ਕਰਨ ਵਾਲੇ ਦੇ ਮਕਾਨ ’ਤੇ ਬੁਲਡੋਜ਼ਰ ਚਲਾਕੇ ਢਹਿ-ਢੇਰੀ ਕਰ ਦਿੱਤਾ ਗਿਆ। ਜੇ ਆਪਾਂ ਇਹ ਮੰਨ ਕੇ ਵੀ ਗੱਲ ਕਰੀਏ ਕਿ ਉਸ ਮਜ਼ਾਹਰੇ ਦੀ ਅਗਵਾਈ ਕਰਨ ਵਾਲਾ ਵਿਅਕਤੀ ਦੋਸ਼ੀ ਵੀ ਸੀ ਤਾਂ ਕੀ ਸਰਕਾਰ ਵੱਲੋਂ ਬੁਲਡੋਜ਼ਰ ਚਲਾਕੇ ਉਸਦਾ ਮਕਾਨ ਢਹਿ-ਢੇਰੀ ਕਰ ਦੇਣਾ ਕਾਨੂੰਨ ਅਨੁਸਾਰ ਜ਼ਾਇਜ਼ ਹੈ? ਨਹੀਂ, ਬਿਲਕੁਲ ਵੀ ਨਹੀਂ। ਕਿਉਂਕਿ ਇਸਦਾ ਫੈਸਲਾ ਤਾਂ ਅਦਾਲਤਾਂ ਨੇ ਕਰਨਾ ਹੁੰਦਾ ਹੈ ਕਿ ਕੌਣ ਦੋਸ਼ੀ ਹੈ ਅਤੇ ਕਿੰਨਾ ਕੁ ਉਸ ਦਾ ਦੋਸ਼ ਹੈ ਅਤੇ ਉਸਨੂੰ ਇਸ ਦੋਸ਼ ਸਬੰਧੀ ਕੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਹ ਫੈਸਲਾ ਕਿਸੇ ਸਰਕਾਰ ਨੂੰ ਕਰਨ ਦਾ ਅਧਿਕਾਰ ਸੰਵਿਧਾਨਕ ਕਾਨੂੰਨ ਅਨੁਸਾਰ ਤਾਂ ਨਹੀਂ ਹੈ। ਨਾਲੇ ਫਿਰ ਅਦਾਲਤਾਂ ਕਿਸ ਕੰਮ ਲਈ ਬਣਾਈਆਂ ਹੋਈਆਂ ਹਨ ਜੇਕਰ ਸਰਕਾਰਾਂ ਨੇ ਹੀ ਆਪਣੇ ਤੌਰ ’ਤੇ ਨਿਆਂਪਾਲਿਕਾ ਦੀ ਭੂਮਿਕਾ ਨਿਭਾਉਂਦਿਆਂ ਸਜ਼ਾ ਦੇਣ ਦੇ ਫੁਰਮਾਨ ਸੁਣਾਉਣੇ ਹਨ? ਇਹੀ ਤਾਂ ਹਿਟਲਰੀ ਫਾਰਮੂਲਾ ਕਿ ਅਜਿਹੀ “ਹਕੂਮਤ ਹੋਣੀ ਚਾਹੀਦੀ ਹੈ ਜੋ ਅਜ਼ਾਦ ਤੋਂ ਆਪਣੇ ਤੋ ਵੱਖਰੀਆਂ ਰੁਚੀਆਂ ਨੂੰ ਮਸਲ ਦੇਵੇ।” ਇਹ ਭੀ ਸਭ ਦੇ ਯਾਦ ਹੀ ਹੋਵੇਗਾ ਕਿ ਇਹੀ ਬੁਲਡੋਜ਼ਰੀ ਦਹਿਸ਼ਤ ਦਿੱਲੀ ’ਚ ਵੀ ਪਾਈ ਗਈ ਸੀ।

ਇੱਥੇ ਕਿਸੇ ਨੂੰ ਲੱਗ ਸਕਦਾ ਹੈ ਕਿ ਇਹ ਹਾਲਤਾਂ ਵਿਚਾਰ-ਅਧੀਨ ਲਿਆਉਣ ਦਾ ਮੂਸੇਵਾਲਾ ਦੇ ਕਤਲ ਨਾਲ ਕੀ ਸਬੰਧ ਹੋ ਸਕਦਾ ਹੈ? ਭਾਵੇਂ ਇਹ ਸਬੰਧ ਬਾਹਰੋਂ ਜ਼ਾਹਰਾ ਤੌਰ ’ਤੇ (Apparentaly) ਨਾ ਵੀ ਦਿਖਾਈ ਦਿੰਦਾ ਹੋਵੇ ਪਰ ਜਿਹੋ-ਜਿਹਾ ਦੇਸ਼-ਵਿਆਪੀ ਦਹਿਸ਼ਤ-ਭਰਿਆ ਸਿਆਸੀ-ਸਮਾਜੀ ਮਾਹੋਲ ਬਣਾਇਆ ਜਾ ਰਿਹਾ ਹੈ, ਉਸ ਤੋਂ ਹਾਲ ਤੱਕ ਸਿਰਫ ਪੰਜਾਬ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਆਦਿ ਸੂਬੇ ਹੀ ਅਜੇ ਕੁੱਝ ਕੁ ਬਚੇ ਹੋਏ ਹਨ। ਫਿਰ ਇੱਥੇ ਵੀ ਅਜਿਹਾ ਦਹਿਸ਼ਤ ਵਾਲਾ ਮਾਹੌਲ ਬਣਾਉਣ, ਫਿਰਕਿਆਂ ’ਚ ਪਾਟਕ ਪਾਉਣ ਲਈ ਵੀ ਕੀ ਹਕੂਮਤ ਅਜਿਹਾ ਕੁੱਝ ਨਹੀਂ ਕਰ ਸਕਦੀ ਕਿ ਇਹ ਸੂਬੇ ਵੀ ਕਮਜ਼ੋਰ ਹੋਣ ਤਾਂ ਕਿ ਇਨ੍ਹਾਂ ਨੂੰ ਹਥਿਆਉਣਾ ਵੀ ਸੌਖਾ ਹੋ ਜਾਵੇ? ਉਸ ਦੀਆਂ ਅੱਖਾਂ ’ਚ ਤਾਂ ਇਹ ਤਿੰਨੇ ਸੂਬੇ ਹੀ ਰੜਕ ਰਹੇ ਹਨ। ਇਹ ਸਭ ਕੁੱਝ ਮੁਮਕਿਨ ਹੈ ਕਿਉਂਕਿ ਇਹ ਆਮ ਹੀ ਪ੍ਰਚਾਰਿਆ ਜਾਂਦਾ ਹੈ ਕਿ ‘ਮੋਦੀ ਹੈ ਤੋ ਮੁਮਕਿਨ ਹੈ’।

ਮੁਕਦੀ ਗੱਲ, ਇਸ ਘਟਨਾ ਨੂੰ ਸਮੁੱਚੀ ਦੇਸ਼-ਪੱਧਰੀ ਰਾਜਨੀਤਿਕ-ਆਰਥਿਕ-ਸਮਾਜਿਕ-ਸਭਿਆਚਾਰਕ ਹਾਲਤ ਨਾਲੋਂ ਤੋੜਕੇ ਦੇਖਣ ਨਾਲ ਹੀ ਅਸੀਂ ਕਿਸੇ ਠੀਕ ਨਤੀਜੇ ’ਤੇ ਪਹੁੰਚ ਸਕਾਂਗੇ।

**98769 53561**

**ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ**

**ਪ੍ਰੀਖਿਆ ਦੀ ਮਿਤੀ :**

**24- 25 ਜੁਲਾਈ 2022**

# ਖ਼ਬਰ ਹੈ ਕਿ

**ਖੇੜਾ ਦੇ ਮੰਦਿਰ ਦੇ ਆਸ਼ਰਮ ਵਿਚ ਛਪ ਰਹੇ ਸੀ ਨਕਲੀ ਨੋਟ**

ਗੁਜਰਾਤ ਪੁਲਿਸ ਨੇ 2000 ਰੁਪਏ ਦੇ ਨਕਲੀ ਨੋਟ ਛਾਪ ਰਹੇ ਇਕ ਗੈਂਗ ਦਾ ਪਰਦਾਫਾਸ਼ ਕਰਕੇ ਸਵਾਮੀ ਨਰਾਇਣ ਸੰਪ੍ਰਦਾਇ ਦੇ ਇੱਕ ਸਾਧੂ, ਗੈਂਗ ਦੇ ਮੁੱਖ ਸੂਤਰਧਾਰ ਸਮੇਤ 5 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਗੈਂਗ ਹੁਣ ਤੱਕ 1.26 ਕਰੋੜ ਰੁਪਏ ਦੀ ਕੀਮਤ ਦੇ ਨਕਲੀ ਨੋਟ ਛਾਪ ਚੁੱਕਾ ਹੈ। ਇਸ ਵਿਚੋਂ 70 ਲੱਖ ਰੁਪਏ ਦੇ ਨਕਲੀ ਨੋਟ ਬਰਾਮਦ ਹੋਏ ਹਨ। ਇਹ ਨਕਲੀ ਨੋਟਾਂ ਦੀ ਡਿਲੀਵਰੀ 'ਪ੍ਰਸ਼ਾਦ' ਵਾਲੇ ਬਕਸਿਆਂ ਵਿਚ ਕਰਦੇ ਸਨ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਸੂਰਤ ਦੇ ਡੀ.ਐਸ.ਪੀ. (ਕ੍ਰਾਈਮ ਬ੍ਰਾਂਚ) ਅਨੁਸਾਰ ਇਹ ਸਾਧੂ ਇਕ ਆਸ਼ਰਮ ਦਾ ਸਵਾਮੀ ਹੈ। **— ਭਾਸਕਰ ਨਿਊਜ਼**

**ਸ਼ਿਵਲਿੰਗ ਸਮਝ ਕੇ ਐੱਲ. ਈ. ਡੀ. ਬਲਬ ਦੀ ਪੂਜਾ, ਪੰਦਰਾਂ ਸੌ ਰੁਪਏ ਆਇਆ ਚੜ੍ਹਾਵਾ**

ਬਦਾਯੂੰ ਨੇੜਲੇ ਕੁੰਵਰਗਾਂਵ ਇਲਾਕੇ ਦੇ ਪਿੰਡ ਗੰਜ ਵਿਚ ਅੰਧ ਵਿਸ਼ਵਾਸ ਅਧੀਨ ਲੋਕ ਐਲ.ਈ.ਡੀ. ਬਲਬ ਨੂੰ ਸ਼ਿਵਲਿੰਗ ਸਮਝ ਕੇ ਉਸਦੀ ਪੂਜਾ ਕਰਦੇ ਰਹੇ। ਇਸ ਪਿੰਡ ਵਿਚ ਇੱਕ ਵਿਅਕਤੀ ਆਪਣੀ ਪਸ਼ੂ-ਸ਼ਾਲਾ ਵਿਚ ਸਫਾਈ ਕਰ ਰਿਹਾ ਸੀ। ਝਾੜੂ ਲਗਾਉਣ ਦੇ ਦੌਰਾਨ ਅਚਾਨਕ ਪਸ਼ੂ ਸ਼ਾਲਾ ਵਿਚ ਇਕ ਸਫੈਦ ਚੀਜ਼ ਦਿਖੀ। ਥੋੜੀ ਮਿੱਟੀ ਹਟਾਈ ਤਾਂ ਉਹ ਗੋਲ ਚੀਜ਼ ਚਮਕ ਰਹੀ ਸੀ। ਉਸ ਨੇ ਜ਼ਿਆਦਾ ਮਿੱਟੀ ਨਾ ਹਟਾਈ, ਅਤੇ ਉਸਦੀ ਸੂਚਨਾ 'ਤੇ ਪਿੰਡ ਦੇ ਤਮਾਮ ਲੋਕ ਆ ਗਏ। ਕੁਝ ਲੋਕ ਕਹਿਣ ਲੱਗੇ ਕਿ ਇਹ ਸ਼ਿਵਲਿੰਗ ਹੈ। ਉਸ ਦੇ ਆਲੇ-ਦੁਆਲੇ ਕੱਪੜਾ ਵਿਛਾ ਦਿੱਤਾ ਗਿਆ। ਸ਼ੁਰੂ ਹੋ ਗਈ ਪੂਜਾ। ਦੁਪਹਿਰ ਤੱਕ ਉਸ 'ਤੇ ਮਣਾਂ ਮੂੰਹੀ ਪਾਣੀ, ਦੁੱਧ ਚੜ੍ਹਿਆਂ ਅਤੇ ਪੰਦਰਾਂ ਸੌ ਰੁਪਏ। ਦੁਪਹਿਰ ਬਾਅਦ ਕੁਝ ਲੋਕਾਂ ਨੇ ਮਿੱਟੀ ਹਟਾ ਕੇ ਉਸ ਨੂੰ ਪੂਰਾ ਕੱਢ ਲਿਆ ਤਾਂ ਇਹ ਐਲ.ਈ.ਡੀ. ਨਿਕਲੀ। **- ਸੰਵਾਦ ਨਿਊਜ਼ ਏਜੰਸੀ**

**ਪੁਜਾਰੀ ਨੇ ਪੰਜ ਸਾਲ ਦੀ ਮਾਸੂਮ ਨੂੰ ਮੰਦਿਰ ਵਿਚ ਲਿਜਾ ਕੇ ਕੀਤਾ ਬਲਾਤਕਾਰ, ਲੋਕਾਂ ਨੇ ਚੰਗੀ ਤਰ੍ਹਾਂ ਸੁਆਰੀ ਭੁਗਤ**

ਅਲਵਰ ਨੇੜਲੇ ਥਾਣਾ ਖੇਤਰ ਦੇ ਇੱਕ ਮੰਦਿਰ ਦੇ 60 ਸਾਲਾਂ ਪੁਜਾਰੀ ਨੇ ਹੈਵਾਨੀਅਤ ਕਰਦੇ ਹੋਏ 5 ਸਾਲ ਦੀ ਮਾਸੂਮ ਨੂੰ ਮੰਦਿਰ ਵਿਚ ਲਿਜਾ ਕੇ ਉਸ ਨਾਲ ਬਲਾਤਕਾਰ ਕੀਤਾ। ਬੱਚੀ ਦੀਆਂ ਚੀਕਾਂ ਸੁਣ ਕੇ ਮਾਂ ਅਤੇ ਹੋਰ ਪਰਿਵਾਰਿਕ ਮੈਂਬਰ ਮੌਕੇ 'ਤੇ ਪਹੁੰਚੇ। ਗੁੱਸੇ 'ਚ ਆਏ ਪਿੰਡ ਵਾਲਿਆਂ ਨੇ ਫਿਰ ਪੁਜਾਰੀ ਦੀ ਚੰਗੀ ਭੁਗਤ ਸੁਆਰੀ। ਪੁਲਿਸ ਨੇ ਕੇਸ ਦਰਜ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ।

**- ਦੈਨਿਕ ਭਾਸਕਰ** (02-06-2022)

**ਡੇਰਾ 'ਬਾਬਾ ਸੋਟੇ ਵਾਲਾ' ਵਿਚ 20 ਸਾਲਾਂ ਤੋਂ ਬਿਨਾਂ ਮੀਟਰ ਤੋਂ ਚੱਲ ਰਹੀ ਸੀ ਬਿਜਲੀ, ਡੇਰੇ ਦੇ ਮਹੰਤ ਖਿਲਾਫ਼ ਮੁਕੱਦਮਾ ਦਰਜ, 9 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ**

ਪਾਵਰਕਾਮ ਦੀ ਇਨਫੋਰਸਮੈਂਟ ਸ਼ਾਖਾ ਦੇ ਸੀਨੀਅਰ ਐਕਸੀਅਨ ਸੁਖਵੰਤ ਸਿੰਘ ਧੀਮਾਨ ਵੱਲੋਂ ਇਕ ਧਾਰਮਿਕ ਡੇਰੇ 'ਚੋਂ ਬਿਜਲੀ ਚੋਰੀ ਫੜ੍ਹੀ ਗਈ, ਜਿੱਥੇ 20-22 ਸਾਲਾਂ ਤੋਂ ਬਿਜਲੀ ਦਾ ਮੀਟਰ ਹੀ ਨਹੀਂ ਲੱਗਿਆ ਹੋਇਆ ਸੀ ਪਰ ਡੇਰੇ ਅੰਦਰ ਵੱਡੀ ਗਿਣਤੀ ਵਿਚ ਏ.ਸੀ., ਕੂਲਰ, ਪੱਖੇ, ਲਾਈਟਾਂ ਦੀ ਵਰਤੋਂ ਦਿਨ-ਰਾਤ ਹੁੰਦੀ ਹੈ। ਐਕਸੀਅਨ ਧੀਮਾਨ ਨੇ ਦੱਸਿਆ ਕਿ ਉਨ੍ਹਾਂ ਦੇ ਸੰਗਰੂਰ ਦਫ਼ਤਰ ਅਧੀਨ ਪੈਂਦੇ ਪਾਤੜਾ ਸ਼ਹਿਰ 'ਚ ਬੱਸ ਅੱਡੇ ਨੇੜੇ ਇਕ ਡੇਰਾ 'ਬਾਬਾ ਸੋਟੇ ਵਾਲਾ' ਵਿਚ ਹੁੰਦੀ ਬਿਜਲੀ ਚੋਰੀ ਬਾਰੇ ਕਿਸੇ ਵਲੋਂ ਸ਼ਿਕਾਇਤ ਕੀਤੀ ਗਈ ਸੀ। ਜਿਸ ਦੇ ਚੱਲਦਿਆਂ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਇਸ ਦੀ ਚੈਕਿੰਗ ਲਈ ਉਨ੍ਹਾਂ ਦੀ ਡਿਊਟੀ ਲਗਾਈ ਗਈ। ਉਨ੍ਹਾਂ ਦੱਸਿਆ ਕਿ ਇਨਫੋਰਸਮੈਂਟ ਦੀ ਟੀਮ ਵਲੋਂ ਜਦ ਡੇਰੇ 'ਚ ਪੁੱਜ ਕੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇੱਥੇ ਬਿਜਲੀ ਦਾ ਕੋਈ ਮੀਟਰ ਹੀ ਨਹੀਂ ਲੱਗਾ ਸੀ ਅਤੇ ਪਿਛਲੇ 20-22 ਸਾਲਾਂ ਤੋਂ ਡੇਰੇ ਦੀ ਸਾਰੀ ਸਪਲਾਈ ਬਿਜਲੀ ਦੀ ਕੁੰਡੀ ਲਗਾ ਕੇ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਮੁੱਢਲੇ ਤੌਰ 'ਤੇ ਸਾਹਮਣੇ ਆਇਆ ਕਿ ਡੇਰੇ ਦਾ ਬਿਜਲੀ ਲੋਡ ਲਗਭਗ 17 ਕਿਲੋਵਾਟ ਬਣਦਾ ਹੈ। ਬਿਜਲੀ ਚੋਰੀ ਨੂੰ ਲੈ ਕੇ ਜਿੱਥੇ ਵਿਭਾਗ ਵਲੋਂ ਡੇਰੇ ਦੇ ਮੌਜੂਦਾ ਮਹੰਤ ਖਿਲਾਫ਼ ਮੁਕੱਦਮਾ ਦਰਜ ਕੀਤਾ ਜਾ ਰਿਹਾ ਹੈ ਉੱਥੇ ਹੀ ਡੇਰੇ ਨੂੰ 9 ਲੱਖ ਰੁਪਏ ਤੋਂ ਵਧੇਰੇ ਜੁਰਮਾਨਾ ਵੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਡੇਰੇ 'ਚ ਬਿਜਲੀ ਚੋਰੀ ਦੀ ਚੱਲ ਰਹੀ ਜਾਂਚ ਦੌਰਾਨ ਉਨ੍ਹਾਂ ਨੂੰ ਮੌਜੂਦਾ ਸਰਕਾਰ ਦੇ ਕਈ ਨੁਮਾਇੰਦਿਆਂ ਵੱਲੋਂ ਇਸ ਜਾਂਚ ਨੂੰ ਰੋਕਣ ਲਈ ਦਬਾਅ ਵੀ ਪਾਇਆ ਗਿਆ ਪਰ ਇਸ ਸਭ ਦੇ ਬਾਵਜੂਦ ਉਨ੍ਹਾਂ ਵੱਲੋਂ ਡੇਰੇ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਨੂੰ ਅੰਜ਼ਾਮ ਦਿੱਤਾ ਗਿਆ ਹੈ।

**ਅਜੀਤ** (18-05-2022)

**'ਤਰਕਸ਼ੀਲ' ਪੜ੍ਹੋ, ਤਰਕਸ਼ੀਲ ਬਣੋ।**

'ਸਾਧਾਰਨ' ਵਰਤਾਰੇ

# ਬੇਲੋੜੀਆਂ ਚੀਜ਼ਾਂ ਦੀ ਜਮ੍ਹਾਖੋਰੀ : ਇਕ ਮਾਨਸਿਕ ਬਿਮਾਰੀ



**ਹਰਜੀਤ ਅਟਵਾਲ**

ਕਈ ਲੋਕਾਂ ਨੂੰ ਬੇਲੋੜੀਆਂ ਚੀਜ਼ਾਂ ਨੂੰ ਜਮ੍ਹਾਂ ਕਰਨ ਦੀ ਆਦਤ ਹੁੰਦੀ ਹੈ, ਅਸਲ ਵਿੱਚ ਇਹ ਇਕ ਬਿਮਾਰੀ ਹੈ, ਦਿਮਾਗੀ ਬਿਮਾਰੀ। ਇਸਨੂੰ ਹੋਰਡਿੰਗ ਡਿਸਆਰਡਰ ਕਿਹਾ ਜਾਂਦਾ ਹੈ। ਅਜਿਹੇ ਲੋਕ ਤੁਹਾਨੂੰ ਰੋਜ਼-ਮਰਹਾ ਜੀਵਨ ਵਿੱਚ ਅਕਸਰ ਮਿਲ ਜਾਂਦੇ ਹਨ। ਬਹੁਤ ਦੇਰ ਪਹਿਲਾਂ ਸਾਡੇ ਇਕ ਗਵਾਂਢੀ ਅੰਗਰੇਜ਼ ਡੇਵ ਦਾ ਘਰ ਪੁਰਾਣੇ ਫਰਨੀਚਰ ਨਾਲ ਭਰਿਆ ਪਿਆ ਸੀ, ਘਰ ਵਿੱਚ ਸਿਰਫ ਸੌਣ ਲਈ ਜਗਾਹ ਬਚਦੀ ਸੀ, ਨਹੀਂ ਤਾਂ ਹਰ ਜਗਾਹ ਕੁਝ ਨਾ ਕੁਝ ਪਿਆ ਹੁੰਦਾ। ਉਹ ਹਰ ਹਫਤੇ ਸੈਕਿੰਡ-ਹੈਂਡ ਫਰਨੀਚਰ ਖਰੀਦ ਲਿਆਉਂਦਾ। ਮੈਂ ਉਹਦੇ ਬਾਰੇ ਇਕ ਕਹਾਣੀ ਵੀ ਲਿਖੀ ਸੀ। ਇਵੇਂ ਹੀ ਮੇਰੇ ਇਕ ਹੋਰ ਦੋਸਤ ਪੀਟਰ ਦੇ ਫਲੈਟ ਵਿੱਚ ਅਖ਼ਬਾਰਾਂ-ਮੈਗਜ਼ੀਨ ਭਰੇ ਪਏ ਸਨ। ਜਿਹੜੀ ਵੀ ਅਖ਼ਬਾਰ ਜਾਂ ਮੈਗਜ਼ੀਨ ਖਰੀਦਦਾ ਪੜ੍ਹ ਕੇ ਇਕ ਪਾਸੇ ਰੱਖ ਦਿੰਦਾ, ਸੁੱਟਦਾ ਨਾ। ਮੈਂ ਉਸ ਦੇ ਘਰ ਜਾਂਦਾ ਤਾਂ ਇਵੇਂ ਬੇਲੋੜੀਆਂ ਪਈਆਂ ਚੀਜ਼ਾਂ ਬੁਰੀਆਂ ਤਾਂ ਲਗਦੀਆਂ ਪਰ ਕਦੇ ਸੋਚਿਆ ਨਹੀਂ ਸੀ ਕਿ ਇਹ ਇਕ ਮਾਨਸਿਕ ਬਿਮਾਰੀ ਹੈ। ਇਸਦਾ ਸ਼ਾਇਦ ਹਾਲੇ ਵੀ ਮੈਨੂੰ ਪਤਾ ਨਾ ਲਗਦਾ ਜੇ ਮੈਨੂੰ ਵੀ ਇਸ ਦਿਮਾਗੀ-ਬਿਮਾਰੀ ਦਾ ਸ਼ਿਕਾਰ ਨਾ ਕਿਹਾ ਜਾਂਦਾ।

ਮੈਨੂੰ ਚਾਬੀਆਂ ਇਕੱਠੀਆਂ ਕਰਨ ਦੀ ਖੱਬਤ ਹੈ। ਮੇਰੇ ਪਹਿਲੇ ਘਰ, ਪਹਿਲੀ ਕਾਰ ਤੋਂ ਲੈ ਕੇ ਅੱਜ ਤੱਕ ਜਿੰਨੇ ਵੀ ਘਰਾਂ ਵਿੱਚ ਰਿਹਾਂ ਜਾਂ ਕਾਰੋਬਾਰੀ ਕੰਪਲੈਕਸ ਵਰਤੇ ਹਨ, ਜਿੰਨੀਆਂ ਕਾਰਾਂ-ਵੈਨਾਂ ਰੱਖੀਆਂ ਹਨ ਸਭ ਦੀ ਇਕ-ਇਕ ਚਾਬੀ ਮੇਰੇ ਕੋਲ ਪਈ ਹੈ। ਇਹ ਕਿਉਂ ਹੈ ? ਇਹ ਮੈਨੂੰ ਵੀ ਨਹੀਂ ਪਤਾ। ਪਿਛਲੇ ਚਾਰ ਦਹਾਕਿਆਂ ਵਿੱਚ ਕਰਦਿਆਂ-ਕਰਦਿਆਂ ਚਾਬੀਆਂ ਨਾਲ ਇਕ ਦਰਾਜ ਭਰ ਗਿਆ ਹੈ। ਇਕ ਦਿਨ ਕੁਝ ਲੱਭਦਿਆਂ ਮੇਰੇ ਮੁੰਡੇ ਨੇ ਉਹ ਦਰਾਜ ਖੋਹਲਿਆ, ਬਸ, ਲੱਗ ਗਿਆ ਮੇਰੇ 'ਤੇ ਹੋਰਡਿੰਗ ਡਿਸਆਰਡਰ ਦਾ ਇਲਜ਼ਾਮ। ਮੇਰੀ ਬੇਟੀ ਜੋ ਇੰਗਲੈਂਡ ਦੀ ਨੈਸ਼ਨਲ ਹੈਲਥ ਸਰਵਿਸ ਵਿੱਚ ਕੰਮ ਕਰਦੀ ਹੈ ਉਸਨੇ ਮੇਰੇ ਉਪਰ ਕੁਝ ਟੈਸਟ ਕਰਨੇ ਸ਼ੁਰੂ ਕਰ ਦਿੱਤੇ। ਮੈਂ ਵੀ ਇਸ ਬਾਰੇ ਕਾਫੀ ਸਾਰੀ ਖੋਜ ਕੀਤੀ ਤਾਂ ਪਤਾ ਚਲਿਆ ਕਿ ਇਸ ਸੱਚਮੁੱਚ ਹੀ ਦਿਮਾਗੀ-ਬਿਮਾਰੀ ਹੈ, ਗੰਭੀਰ ਬਿਮਾਰੀ।

ਹੋਰਡਿੰਗ ਡਿਸਆਰਡਰ ਨੂੰ ਕੰਪਲੱਸਿਵ-ਹੋਰਡਿੰਗ ਭਾਵ ਆਵੇਗਸ਼ੀਲ-ਜਮ੍ਹਾਂਖੋਰੀ ਵੀ ਕਿਹਾ ਜਾਂਦਾ ਹੈ ਜਾਣੀਕਿ ਅਜਿਹੀ ਜਮ੍ਹਾਂਖੋਰੀ ਜਿਹੜੀ ਤੁਸੀਂ ਕਿਸੇ ਆਵੇਗ ਵਿੱਚ ਆਕੇ ਕਰਦੇ ਹੋ, ਜਿਸਦੀ ਕੋਈ ਲੋੜ ਨਹੀਂ ਹੁੰਦੀ, ਇਸਨੇ ਕਦੇ ਕੰਮ ਵੀ ਨਹੀਂ ਆਉਣਾ ਹੁੰਦਾ। ਅਜਿਹੇ ਲੋਕ ਚੀਜ਼ਾਂ ਨੂੰ ਘਰ ਅੰਦਰ ਜਮ੍ਹਾਂ ਕਰਦੇ-ਕਰਦੇ ਆਪਣੇ ਘਰਦਾ ਹਰ ਖੂੰਜਾ ਭਰ ਲੈਂਦੇ ਹਨ, ਵਰਤਣ ਤੋਂ ਬੇਲੋੜੀ ਹੋਈ ਚੀਜ਼ ਨੂੰ ਵੀ ਸੁੱਟਦੇ ਨਹੀਂ ਤੇ ਡੇਵ ਦੇ ਘਰ ਵਾਂਗ ਮਸਾਂ ਸੌਣ ਜੋਗੀ ਜਗਾਹ ਬਚਦੀ ਹੈ। ਉਹ ਅਜਿਹਾ ਕਿਉਂ ਕਰਦੇ ਹਨ, ਇਸਦੇ ਵੱਖਰੇ ਵੱਖਰੇ ਕਾਰਨ ਹੋ ਸਕਦੇ ਹਨ। ਹੋ ਸਕਦਾ ਹੈ ਕਿ ਉਹਨਾਂ ਨੂੰ ਲਗਦਾ ਹੋਵੇ ਕਿ ਇਕ ਦਿਨ ਇਹ ਕੰਮ ਆਉਣਗੀਆਂ, ਜਾਂ ਚੀਜ਼ਾਂ ਨਾਲ ਮੋਹ ਹੋ ਜਾਂਦਾ ਹੈ, ਸੁੱਟਣ ਵੇਲੇ ਤਕਲੀਫ ਹੁੰਦੀ ਹੈ ਜਾਂ ਫੈਸਲਾ ਨਹੀਂ ਕਰ ਸਕਦੇ ਕਿ ਇਹ ਚੀਜ਼ ਸੁੱਟੀ ਜਾਵੇ ਜਾਂ ਨਾ, ਜਾਂ ਸੁੱਟਣ ਦੀ ਉਕਤ ਹੀ ਨਹੀਂ ਆਉਂਦੀ। ਕੋਈ ਹੋਰ ਵੀ ਕਾਰਨ ਹੋ ਸਕਦਾ ਹੈ ਪਰ ਇਹ ਸਿੱਧ ਹੋ ਚੁੱਕਾ ਹੈ ਕਿ ਇਹ ਇਕ ਦਿਮਾਗੀ-ਬਿਮਾਰੀ ਹੈ। ਇਹ ਬਿਮਾਰੀ ਪਿਛਲੀ ਸਦੀ ਦੇ ਅੱਸੀਵਿਆਂ ਵਿੱਚ ਸਾਹਮਣੇ ਆਉਣ ਲੱਗੀ ਪਰ ਇਸਨੂੰ ਫੜਨ ਜਾਂ ਪਛਾਨਣ ਜਾਂ ਸਥਾਪਤ ਕਰਨ ਲਈ ਵਕਤ ਲੱਗ ਗਿਆ। ਸੰਨ 2013 ਵਿੱਚ ਆਕੇ ਇਸਨੂੰ ਦਿਮਾਗੀ-ਬਿਮਾਰੀ ਘੋਸ਼ਿਤ ਕੀਤਾ ਗਿਆ। ਡੀ.ਐਸ.ਐਮ (ਡਾਇਗਨੋਸਟਿਕ ਸਟੈਸਟੀਕਲ ਮੈਨੂਅਲ) ਨਾਂ ਦੇ ਇਕ ਮੈਗਜ਼ੀਨ ਦੇ ਪੰਜਵੇਂ ਅੰਕ ਵਿੱਚ ਇਸਨੂੰ ਮਾਨਸਿਕ-ਬਿਮਾਰੀ ਦੇ ਤੌਰ 'ਤੇ ਮੰਨਿਆ ਗਿਆ। ਇਸ ਬਿਮਾਰੀ ਦੇ ਪੈਦਾ ਹੋਣ ਦੇ ਕਾਰਨ ਡਿਪਰੈਸ਼ਨ, ਸਟਰੈੱਸ, ਚਿੰਤਾ, ਡਰ, ਵਹਿਮ ਆਦਿ ਕੁਝ ਵੀ ਹੋ ਸਕਦੇ ਹਨ। ਇਵੇਂ ਫਜ਼ੂਲ ਚੀਜ਼ਾਂ ਜਮ੍ਹਾਂ ਕਰਨ ਦੇ ਨੁਕਸਾਨ ਬਹੁਤ ਹੋ ਸਕਦੇ ਹਨ। ਇਕ ਤਾਂ ਜਗ੍ਹਾ ਘਟ ਜਾਣ ਕਾਰਨ ਤੇ ਗੰਦਗੀ ਕਾਰਨ ਸਿਹਤ ਲਈ ਹਾਨੀਕਰਾਕ ਹੈ। ਅੱਗ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਚੂਹੇ, ਕੀੜੇ-ਮਕੌੜੇ ਆਦਿ ਪੈਦਾ ਹੋ ਸਕਦੇ ਹਨ। ਅਜਿਹੇ ਲੋਕ ਵਾਕਫਕਾਰਾਂ ਵੱਲੋਂ ਨਫ਼ਰਤ ਦੇ ਪਾਤਰ ਵੀ ਬਣਦੇ ਹਨ।

ਹੋਰਡਿੰਗ-ਡਿਸਆਰਡਰ ਦੇ ਨੇੜੇ-ਤੇੜੇ ਦੀ ਇਕ ਹੋਰ ਸਥਿਤੀ ਵੀ ਹੈ ਜਿਸਨੂੰ ਓ.ਸੀ.ਡੀ. (ਓਬਸੈਸਸਡ ਕੰਪੱਲਸਿਵ ਡਿਸਆਰਡਰ) ਕਹਿੰਦੇ ਹਨ ਭਾਵ ਜਨੂੰਨੀ ਆਵੇਗਸ਼ੀਲ ਪਾਗਲਪਨ। ਇਸ ਦਾ ਬਿਮਾਰ ਜਦ ਕੋਈ ਕੰਮ ਕਾਰਨ ਲਗਦਾ ਹੈ ਤਾਂ ਉਹ ਕਰੀ ਹੀ ਜਾਂਦਾ ਹੈ। ਕਈ ਲੋਕ ਬੇਲੋੜੀ ਸਫਾਈ ਕਰੀ ਜਾਂਦੇ ਹਨ, ਕਈ ਬੁਰਸ਼ ਕਰਨ ਲੱਗਣ ਤਾਂ ਬੁਰਸ਼ ਹੀ ਕਰੀ ਜਾਂਦੇ ਹਨ ਜਾਂ ਅਜਿਹਾ ਹੀ ਕੁਝ ਹੋਰ। ਹੋਰ ਅੱਗੇ ਖੋਜ ਹੋਣ

ਨਾਲ ਇਕ ਸਥਿਤੀ ਵਿੱਚੋਂ ਅੱਗੇ ਕਈ ਸਥਿਤੀਆਂ ਨਿਕਲ ਰਹੀਆਂ ਹਨ ਜਾਂ ਇਲਾਜ ਕਰਨ ਦੇ ਮਕਸਦ ਨਾਲ ਬਣਾਈਆਂ ਜਾ ਰਹੀਆਂ ਹਨ ਜਾਂ ਵੰਡੀਆਂ ਕਰ ਲਈਆਂ ਜਾਂਦੀਆਂ ਹਨ। ਇਕ ਹਾਲਤ ਵਿੱਚ ਸਿਰਫ ਹੋਰਡਿੰਗ ਕੀਤੀ ਜਾਂਦੀ ਹੈ, ਦੂਜੀ ਸਥਿਤੀ ਵਿੱਚ ਕਿਸੇ ਕੰਮ ਨੂੰ ਵਾਰ-ਵਾਰ ਕਰੀ ਜਾਣਾ ਤੇ ਜਮ੍ਹਾਂਖੋਰੀ ਵੀ ਕਰਨੀ, ਤੀਜੀ ਸਥਿਤੀ ਵਿੱਚ ਕਿਸੇ ਕੰਮ ਨੂੰ ਵਾਰ-ਵਾਰ ਕੀਤੇ ਜਾਣ ਵਾਲੇ ਕੰਮ ਨਾਲ ਜੁੜੀਆਂ ਵਸਤਾਂ ਜਮ੍ਹਾਂ ਕਰਨੀਆਂ।

ਮੈਗਜ਼ੀਨਾਂ-ਅਖ਼ਬਾਰਾਂ ਤੇ ਬਾਅਦ ਅਜਿਹੇ ਬਿਮਾਰ ਲੋਕ ਗੈਰ-ਜਰੂਰੀ ਕਿਤਾਬਾਂ ਵੀ ਜਮ੍ਹਾਂ ਕਰਦੇ ਹਨ। ਇਕੋ ਕਿਤਾਬ ਦੀਆਂ ਕਈ-ਕਈ ਕਾਪੀਆਂ ਵੀ ਇਹਨਾਂ ਕੋਲ ਦੇਖਣ ਨੂੰ ਮਿਲ ਸਕਦੀਆਂ ਹਨ। ਬਿਨ੍ਹਾਂ ਮਕਸਦ ਕਿਤਾਬਾਂ ਇਕੱਠੀਆਂ ਕਰਨ ਦੀ ਬਿਮਾਰੀ ਨੂੰ ਬਿਬਲੋਮੇਨੀਓ ਕਹਿੰਦੇ ਹਨ। ਅਮਰੀਕਾ ਦਾ ਇਕ ਬੰਦਾ ਸਟੀਫਨ ਬਲੱਮਬਰਗ ਕਿਤਾਬਾਂ ਜਮ੍ਹਾਂ ਕਰਨ ਦੇ ਮਾਮਲੇ ਵਿੱਚ ਸਭ ਤੋਂ ਮਸ਼ਹੂਰ ਹੋਇਆ ਹੈ, ਉਸ ਦੇ ਘਰ ਦੇ ਕੋਨੇ-ਕੋਨੇ ਵਿੱਚ ਕਿਤਾਬਾਂ ਪਈਆਂ ਸਨ। ਉਸਨੇ ਕਦੇ ਵੀ ਇਹ ਨਹੀਂ ਮੰਨਿਆ ਕਿ ਉਹ ਇਸ ਬਿਮਾਰੀ ਦਾ ਸ਼ਿਕਾਰ ਹੈ ਜਾਂ ਕੋਈ ਫਜ਼ੂਲ ਕੰਮ ਕਰ ਰਿਹਾ ਹੈ ਸਗੋਂ ਉਸ ਦੀ ਦਲੀਲ ਸੀ ਕਿ ਜਿਹੜੀਆਂ ਕਿਤਾਬਾਂ ਨੂੰ ਲਾਇਬ੍ਰੇਰੀਆਂ ਅਣਗੌਲਦੀਆਂ ਹਨ ਉਹਨਾਂ ਨੂੰ ਉਹ ਆਸਰਾ ਦਿੰਦਾ ਹੈ। ਅਮਰੀਕਾ ਦੇ ਹੀ ਇਕ ਹੋਰ ਬੰਦੇ ਗੁਸਤਾਵ ਹੈਸਫੋਰਡ ਦੇ ਘਰ ਵਿੱਚ ਕਿਤਾਬਾਂ ਦੇ ਢੇਰ ਲੱਗੇ ਸਨ। ਉਸ ਉਪਰ ਲਾਇਬ੍ਰੇਰੀਆਂ ਵਿੱਚੋਂ ਕਿਤਾਬਾਂ ਚੋਰੀ ਕਰਨ ਦੇ ਕਈ ਕੇਸ ਸਨ। (ਲਾਇਬ੍ਰੇਰੀ ਦੇ ਰੂਪ ਵਿੱਚ ਘਰ ਅੰਦਰ ਕਿਤਾਬਾਂ ਦਾ ਸੰਗ੍ਰਹਿ ਕਰਨਾ ਜਾਂ ਇੱਕ ਪਾਠਕ ਦੇ ਰੂਪ ਵਿੱਚ ਪੜ੍ਹਦਿਆਂ-ਪੜ੍ਹਦਿਆਂ ਵਧੀਆ ਸਿਰਜਨਾਤਮਕ ਕਿਤਾਬਾਂ ਘਰ ਵਿੱਚ ਸੰਭਾਲਣਾ ਉਸਾਰੂ ਕਾਰਜ ਹੈ। ਇੱਥੇ ਉਹਨਾਂ ਦਾ ਜ਼ਿਕਰ ਹੈ ਜੋ ਕਿਸੇ ਅਧਿਐਨ ਦੀ ਰੁਚੀ 'ਚੋ ਨਹੀਂ ਸਗੋਂ ਬਿਨ ਮਕਸਦ ਢੇਰ ਲਗਾਉਂਦੇ ਹਨ। - ਸੰਪਾਦਕ)

ਇਕ ਹੋਰ ਕਿਸਮ ਦੀ ਜਮ੍ਹਾਂਖੋਰੀ ਹੈ ਜੋ ਖਤਰਨਾਕ ਵੀ ਹੋ ਸਕਦੀ ਹੈ ਉਹ ਹੈ ਐਨੀਮਲ ਹੋਰਡਿੰਗ, ਭਾਵ ਪਾਲਤੂ ਜਾਨਵਰਾਂ ਦੀ ਜਮ੍ਹਾਖੋਰੀ। ਕਈ ਲੋਕ ਘਰ ਦੀ ਸਮਰੱਥਾ ਤੋਂ ਕਿਤੇ ਵੱਧ ਜਾਨਵਰ ਕੁੱਤੇ, ਬਿੱਲੀਆਂ, ਸਹੇ, ਹੈਮਸਟਰ ਆਦਿ ਰੱਖ ਲੈਂਦੇ ਹਨ। ਉਹਨਾਂ ਨੂੰ ਜਾਨਵਰਾਂ ਨਾਲ ਏਨਾ ਮੋਹ ਹੋ ਜਾਂਦਾ ਹੈ ਕਿ ਉਹ ਉਹਨਾਂ ਨੂੰ ਛੱਡ ਨਹੀਂ ਸਕਦੇ। ਬਾਕੀ ਕਿਸਮ ਦੀ ਜਮ੍ਹਾਖੋਰੀ ਗੈਰਕਾਨੂੰਨੀ ਨਾ ਹੋਣ ਕਰਕੇ ਸਰਕਾਰ ਬਹੁਤਾ ਦਖਲ ਨਹੀਂ ਦਿੰਦੀ ਪਰ ਹਰ ਕਿਸਮ ਦੇ ਜਾਨਵਰਾਂ ਦੀ ਜਮ੍ਹਾਂਖੋਰੀ ਦੀ ਇਜਾਜਤ ਨਹੀਂ। ਜਾਨਵਰਾਂ ਦੀ ਭਲਾਈ ਵਾਲਾ ਮਹਿਕਮਾ ਅਜਿਹੇ ਲੋਕਾਂ ਨੂੰ ਸਹਿਜੇ ਹੀ ਕਚਿਹਰੀ ਵਿੱਚ ਲਿਜਾ ਸਕਦਾ ਹੈ। ਪੱਛਮ ਦੇ ਕਈ ਦੇਸ਼ਾਂ ਵਿੱਚ ਜਾਨਵਰਾਂ ਦੀ ਜਮ੍ਹਾਂਖੋਰੀ ਦੇ ਖਿਲਾਫ਼ ਇਕ ਹੋਰਡਿੰਗ-ਪਰਵੈਨਸ਼ਨ ਟੀਮ ਬਣੀ ਹੋਈ ਹੁੰਦੀ ਹੈ। ਵੈਸੇ ਜਾਨਵਰਾਂ ਦੀ ਜਮ੍ਹਾਂਖੋਰੀ ਪਿੱਛੇ ਮਨੋਵਿਗਿਆਨੀ ਕਰਨ ਦੱਸਦੇ ਹਨ ਕਿ ਅਜਿਹੇ ਲੋਕਾਂ ਨੂੰ ਬਚਪਨ ਵਿੱਚ ਪਿਆਰ ਨਹੀਂ ਮਿਲਿਆ ਹੁੰਦਾ। ਜਾਨਵਰਾਂ ਦੀ ਜਮ੍ਹਾਂਖੋਰੀ ਬਾਰੇ ਯੂਟਿਊਬ ਉਪਰ ਬਹੁਤ ਸਾਰੀਆ ਦਿਲ-ਦਹਿਲਾ ਦੇਣ ਵਾਲੀਆਂ ਵੀਡਿਓ ਮਿਲਦੀਆਂ ਹਨ। ਵੈਸੇ ਹੋਰਡਰਾਂ ਬਾਰੇ ਬਹੁਤ ਕੁਝ ਪੜ੍ਹਨ-ਦੇਖਣ ਨੂੰ ਮਿਲਦਾ ਹੈ, ਗੂਗਲ ਅਤੇ ਯੂਟਿਊਬ 'ਤੇ ਇਹਨਾਂ ਦੇ ਕਿੱਸੇ ਭਰੇ ਪਏ ਹਨ ਪਰ ਜੈਸਮੀਨ ਹਰਮਨ ਦੀ ਕਹਾਣੀ ਕੁਝ ਅਲੱਗ ਹੈ। ਜੈਸਮੀਨ ਟੀਵੀ ਪ੍ਰੈਜ਼ੈਂਟਰ ਹੈ, ਉਸਦੀ ਮਾਂ ਹੋਰਡਰ (ਜਮ੍ਹਾਂਖੋਰ) ਹੈ ਤੇ ਉਸ ਨੇ ਬੀ.ਬੀ.ਸੀ. ਤੋਂ ਇੱਕ ਪ੍ਰੋਗਰਾਮ ਦਿੱਤਾ ਸੀ, 'ਮਾਈ ਹੋਰਡਰ ਮੰਮ ਐਂਡ ਮੀ' ਜੋ ਦੇਖਣਯੋਗ ਹੈ। ਇਹ ਤੁਸੀਂ ਯੂਟਿਊਬ 'ਤੇ ਹਾਲੇ ਵੀ ਦੇਖ ਸਕਦੇ ਹੋ।

ਅਜਿਹੇ ਬਿਮਾਰਾਂ ਦੀਆਂ ਜਮ੍ਹਾਂ ਕਰਨ ਵਾਲੀਆਂ ਚੀਜ਼ਾਂ ਵਿੱਚ ਘਰਾਂ ਵਿੱਚ ਸੁੱਟੇ ਜਾਂਦੇ ਮਸ਼ਹੂਰੀ ਵਾਲੇ ਪਰਚੇ, ਅਖ਼ਬਾਰਾਂ, ਮੈਗਜ਼ੀਨ, ਰਸੋਈ ਦੇ ਫਜ਼ੂਲ ਵਰਤਣ, ਘਸੇ ਹੋਏ ਕਪੜੇ, ਨਾ ਵਰਤੋਂ ਵਿੱਚ ਆਉਂਦੇ ਬਿਸਤਰ, ਮੰਜੇ, ਮੇਜ਼-ਕੁਰਸੀਆਂ ਆਦਿ ਹੁੰਦੀਆਂ ਹਨ। ਇਥੇ ਮੈਂ ਆਪਣੀ ਜਮ੍ਹਾਂਖੋਰੀ ਦੀ ਇਕ ਹੋਰ ਆਦਤ ਦਾ ਇਕਬਾਲ ਕਰਦਾ ਜਾਵਾਂ ਕਿ ਮੇਰੇ ਘਰ ਦੀ ਅਟਕ ਜਾਂ ਲੌਫਟ ਵਿੱਚ ਬਹੁਤ ਸਾਰਾ ਸਾਮਾਨ ਭਰਿਆ ਪਿਆ ਹੈ ਜਿਸ ਵਿੱਚ ਮੇਰੇ ਬੱਚਿਆਂ ਦੇ ਖਿਡਾਉਣੇ, ਸਾਈਕਲ, ਪੁਰਾਣੀਆਂ ਕੰਪਿਊਟਰ-ਗੇਮਾਂ, ਪਤਾ ਨਹੀਂ ਅਜਿਹਾ ਕੀ-ਕੀ ਪਿਆ ਹੈ। ਬੱਚੇ ਵੱਡੇ ਹੁੰਦੇ ਗਏ, ਮੈਂ ਇਹਨਾਂ ਦੇ ਖਿਡੌਣੇ ਆਦਿ ਲੌਫਟ ਵਿੱਚ ਰੱਖਦਾ ਗਿਆ। ਉਸ ਵਿੱਚ ਪੁਰਾਣੇ ਅਟੈਚੀਕੇਸ, ਜੈਕਟਾਂ ਆਦਿ ਵੀ ਹੋਣਗੇ। ਮੈਨੂੰ ਲਗਦਾ ਹੈ ਕਿ ਇਸ ਫਜ਼ੂਲ ਸਾਮਾਨ ਨਾਲ ਇਕ ਛੋਟਾ ਟਰੱਕ ਭਰ ਜਾਵੇਗਾ। ਮੇਰੇ ਦੋਸਤ ਰੌਡ ਲੌਜ ਦੇ ਘਰ ਕਿੰਨੇ ਹੀ ਪੁਰਾਣੇ ਟੈਲੀਵੀਯਨ ਪਏ ਹਨ, ਬਿਜਲੀ ਦੀਆਂ ਪੁਰਾਣੀਆਂ ਮੋਟਰਾਂ, ਪੁਰਾਣੇ ਡਿਸਕ-ਟੌਪ ਕੰਪਿਊਟਰ ਤੇ ਪਤਾ ਨਹੀਂ ਹੋਰ ਕੀ-ਕੀ ਪਿਆ ਹੈ। ਇਹ ਬਿਜਲਈ ਸਮਾਨ ਦੀ ਜਮ੍ਹਾਂਖੋਰੀ ਦਾ ਇਕ ਨਮੂਨਾ ਹੈ। ਇਕ ਹੋਰ ਖਤਰਨਾਕ ਸਥਿਤੀ ਅਧੀਨ ਬਿਮਾਰ ਘਰ ਵਿੱਚ ਆਈ ਕਿਸੇ ਵੀ ਚੀਜ਼ ਨੂੰ ਨਹੀਂ ਸੁੱਟਦਾ, ਜਿਵੇਂ ਖਾਲੀ ਬੋਤਲਾਂ, ਡੱਬੇ, ਪੈਕਟ, ਪਾਟੇ ਹੋਏ ਕਪੜੇ, ਇਥੋਂ ਤੱਕ ਕਿ ਬਚਿਆ ਹੋਇਆ ਖਾਣਾ ਜਾਂ ਰਸੋਈ ਦਾ ਗੰਦ-ਮੰਦ ਵੀ ਨਹੀਂ। ਅਜਿਹੇ ਬਿਮਾਰਾਂ ਦੀ ਗਿਣਤੀ ਅਮਰੀਕਾ ਵਿੱਚ ਬਹੁਤ ਹੈ। ਇਹ ਬਿਮਾਰੀ ਜਨਰਲ-ਮੈਡੀਕਲ-ਕੰਡੀਸ਼ਨ ਵਿੱਚ ਨਹੀਂ ਆਉਂਦੀ ਭਾਵ ਇਹ ਸੱਟ-ਫੇਟ ਜਾਂ ਸਰੀਰਕ-ਬਿਮਾਰੀ ਵਿੱਚ ਨਹੀਂ ਗਿਣੀ ਜਾਂਦੀ। ਇਸ ਦਾ ਨਿਰੋਲ ਸੰਬੰਧ ਦਿਮਾਗ/ ਮਾਨਸਿਕਤਾ ਨਾਲ ਹੈ। ਇਹ ਕਿਸੇ ਵੱਡੀ ਦਿਮਾਗੀ-ਬਿਮਾਰੀ

ਦੀ ਪਹਿਲੀ ਸਟੇਜ ਵੀ ਹੋ ਸਕਦੀ ਹੈ। ਇਹ ਸਰਵੇ ਮੁਤਾਬਕ ਇਹ ਬਿਮਾਰੀ ਇਨਸਾਨ ਦੀ ਗਿਆਰਾਂ ਤੋਂ ਵੀਹ ਸਾਲ ਦੀ ਉਮਰ ਵਿੱਚ ਵਿਕਸਤ ਹੋਣ ਲਗਦੀ ਹੈ। 70% ਲੋਕਾਂ ਨੂੰ ਇਹ ਬਿਮਾਰੀ ਇੱਕੀ ਸਾਲ ਦੀ ਉਮਰ ਤੋਂ ਪਹਿਲਾਂ ਹੀ ਲੱਗ ਚੁੱਕੀ ਹੁੰਦੀ ਹੈ। ਸਿਰਫ ਚਾਰ ਫੀ ਸਦੀ ਲੋਕਾਂ ਨੂੰ ਇਹ ਚਾਲੀ ਸਾਲ ਤੋਂ ਬਾਅਦ ਲਗਦੀ ਹੈ। ਉਮਰ ਦੇ ਵਧਣ ਨਾਲ ਇਸਦਾ ਅਸਰ ਤਿੱਖਾ ਹੁੰਦਾ ਜਾਂਦਾ ਹੈ। ਜਦ ਉਸ ਕੋਲ ਆਪਣਾ ਘਰ ਹੋਵੇ ਤੇ ਰੋਕਣ ਵਾਲਾ ਕੋਈ ਨਾ ਹੋਵੇ ਤਾਂ ਇਹ ਬਿਮਾਰੀ ਉਸ ਨੂੰ ਗ੍ਰਸ ਲੈਂਦੀ ਹੈ।

ਇਸ ਬਿਮਾਰੀ ਦਾ ਕੋਈ ਸਿੱਧਾ ਇਲਾਜ ਨਹੀਂ ਹੈ ਇਸ ਲਈ ਬਹੁਤੀ ਵਾਰ ਐਂਟੀ-ਡਿਪਰੈਸੈਂਟ ਦਵਾਈਆਂ ਹੀ ਦਿੱਤੀਆਂ ਜਾਂਦੀਆਂ ਹਨ। ਆਮ ਤੌਰ 'ਤੇ ਇਸ ਦੀ ਕੌਂਸਲਿੰਗ ਕੀਤੀ ਜਾਂਦੀ ਹੈ ਜਿਸ ਨੂੰ ਸੀ.ਬੀ.ਟੀ.(ਕੌਂਗਨਿਟਿਵ ਬੀਹੇਵੀਅਰੋਲ ਥੈਰੇਪੀ) ਕਿਹਾ ਜਾਂਦਾ ਹੈ। ਇਸ ਵਿੱਚ ਮਰੀਜ਼ ਨੂੰ ਸਮਝਾਇਆ ਜਾਂਦਾ ਹੈ ਕਿ ਕਿਹੜੀ ਚੀਜ਼ ਸੁੱਟਣ ਵਾਲੀ ਹੈ, ਕਿਹੜੀ ਰੱਖਣ ਵਾਲੀ। ਫੈਸਲਾ ਕਰਨ ਦੇ ਗੁਣਾਂ ਨੂੰ ਵਿਕਸਤ ਕੀਤਾ ਜਾਂਦਾ ਹੈ, ਘਰ ਨੂੰ ਸਜਾਉਣ ਦੇ ਢੰਗ ਤੇ ਚੀਜ਼ਾਂ ਨੂੰ ਰੁਖ-ਸਿਰ ਰੱਖਣ ਦੀ ਜਾਚ ਸਿਖਾਈ ਜਾਂਦੀ ਹੈ। ਉਹਨਾਂ ਨੂੰ ਸਮਾਜਿਕ-ਇਕੱਲਤਾ ਤੋਂ ਬਚਣ ਦੇ ਤਰੀਕੇ ਸਿਖਾਏ ਜਾਂਦੇ ਹਨ। ਥੈਰੇਪੀ ਦੇਣ ਵਾਲੇ ਉਹਨਾਂ ਨੂੰ ਵਾਰ-ਵਾਰ ਮਿਲਣ ਜਾਂਦੇ ਹਨ। ਟੱਬਰਾਂ ਜਾਂ ਗਰੁੱਪਾਂ ਵਿੱਚ ਸਾਂਝੀ ਥੈਰੇਪੀ ਵੀ ਦਿੱਤੀ ਜਾਂਦੀ ਹੈ।

ਉਂਝ ਤਾਂ ਅਜਿਹੇ ਲੋਕਾਂ ਨੂੰ ਸਮਾਜ ਲਈ ਖਤਰਾ ਨਹੀਂ ਮੰਨਿਆ ਜਾਂਦਾ ਪਰ ਇਹਨਾਂ ਵਿੱਚੋਂ 42% ਲੋਕ ਮੁਸੀਬਤ ਖੜ੍ਹੀ ਕਰ ਸਕਦੇ ਹਨ। ਉਹਨਾਂ ਦੇ ਦੋਸਤਾਂ, ਰਿਸ਼ਤੇਦਾਰਾਂ ਵਿੱਚੋਂ 63% ਲੋਕ ਇਹਨਾਂ ਨੂੰ ਮੁਸੀਬਤ ਸਮਝਦੇ ਹਨ।

ਚਾਬੀਆਂ ਜਮ੍ਹਾਂ ਕਰਨ ਦੀ ਆਪਣੀ ਆਦਤ ਬਾਰੇ ਸੋਚਦਿਆਂ ਇਕ ਹੋਰ ਅਜੀਬ ਗੱਲ ਸਾਹਮਣੇ ਆਈ। ਮੈਂ ਆਪਣਾ ਚਾਬੀਆਂ ਵਾਲਾ ਛੱਲਾ ਦੇਖਿਆ ਤਾਂ ਦੋ ਚਾਬੀਆਂ ਅਜਿਹੀਆਂ ਸਨ ਕਿ ਜਿਹਨਾਂ ਬਾਰੇ ਮੈਨੂੰ ਪਤਾ ਹੀ ਨਹੀਂ ਹੈ ਕਿ ਉਹ ਮੇਰੇ ਛੱਲੇ ਵਿੱਚ ਕਿਉਂ ਹਨ। ਮੈਂ ਇਹ ਗੱਲ ਬਹੁਤ ਸਾਰੇ ਦੋਸਤਾਂ ਨਾਲ ਸਾਂਝੀ ਕੀਤੀ। ਮੇਰਾ ਜਿਹੜਾ ਵੀ ਦੋਸਤ ਆਪਣਾ ਚਾਬੀਆਂ ਵਾਲਾ ਛੱਲਾ ਦੇਖੇ ਉਸ ਵਿੱਚ ਇਕ ਦੋ ਬੇਲੋੜੀਆਂ ਚਾਬੀਆਂ ਜ਼ਰੂਰ ਸਨ। ਤੁਸੀਂ ਵੀ ਆਪਣਾ ਛੱਲਾ ਜ਼ਰੂਰ ਦੇਖਣਾ।

ਜਮ੍ਹਾਂਖੋਰੀ ਦੀ ਇਕ ਹੋਰ ਕਿਸਮ ਵੀ ਹੈ, ਵਿਸ਼ੇਸ਼-ਚੀਜ਼ਾਂ ਇਕੱਠੀਆਂ ਕਰਨੀਆਂ। ਅਜਿਹੇ ਲੋਕਾਂ ਨੂੰ ਕੁਲੈਕਟਰਜ਼ ਕਹਿੰਦੇ ਹਨ। ਕੁਲੈਕਟਰਜ਼ ਕਿਸੇ ਹੋਰ ਮਕਸਦ ਨਾਲ ਚੀਜ਼ਾਂ ਜਮ੍ਹਾਂ ਕਰਦੇ ਹਨ, ਕਿਸ ਨੂੰ ਪੇਟਿੰਗਜ਼ ਇਕੱਠੀਆਂ ਕਰਨ ਦਾ ਸ਼ੌਕ ਹੋ ਸਕਦਾ ਹੈ, ਕੋਈ ਟਿਕਟਾਂ ਇਕੱਠੀਆਂ ਕਰਦਾ ਹੈ ਤੇ ਕੋਈ ਸਿੱਕੇ। ਇਸਨੂੰ ਬਿਮਾਰੀ ਨਹੀਂ ਕਿਹਾ ਜਾ ਸਕਦਾ। ਸੋ ਮੈਂ ਚਾਬੀਆ ਦਾ ਕੁਲੈਕਟਰ ਹਾਂ, ਉਹਨਾਂ ਚਾਬੀਆਂ ਦਾ ਜਿਹਨਾਂ ਦਾ ਵਾਹ ਮੇਰੇ ਜੀਵਨ ਨਾਲ ਰਿਹਾ ਹੈ। ਸੋ ਮੇਰੀ ਸਥਿਤੀ ਕੁਲੈਕਟਰ ਵਾਲੀ ਹੋ ਸਕਦੀ ਹੈ ਹੋਰਡਿੰਗ-ਡਿਸਆਰਡਰ ਵਾਲੀ ਨਹੀਂ। ਅਸਲ ਵਿੱਚ ਮੇਰੀ ਹਾਲਤ ਇਹ ਹੈ,

ਸੁੱਟੀ ਨਾ ਗਈ ਮੈਥੋਂ, ਆਪਣੇ ਘਰ ਦੀ ਉਹ ਚਾਬੀ,
ਜਿਹਦੇ ਨਾਲ ਤੂੰ ਖੋਲ੍ਹਿਆ ਬੂਹਾ, ਪਹਿਲੀ ਤੇ ਆਖਰੀ ਵਾਰ।

...ਪੰਨਾ 2 ਦਾ ਬਾਕੀ ਮਹੱਲ ਇਕ ਦਮ ਢਹਿ ਢੇਰੀ ਹੋ ਗਿਆ ਜਦੋਂ ਮੈਂ ਇਕ ਵਾਰ ਤਿੰਨ ਚਾਰ ਦਿਨ ਪਰਚੇ ਸਬੰਧੀ ਕੰਮਾਂ ਵਿਚ ਬਾਹਰ ਰਹਿਣ ਪਿੱਛੋਂ ਪਿੰਡ ਪਰਤਿਆ। ਆਉਂਦੇ ਨੂੰ ਪਿੰਡ ਵਿਚ ਸਪੀਕਰ ਗੜਕ ਰਿਹਾ ਸੀ "ਬਾਬਾ, ਵੇ ਕਲਾ ਮਰੋੜ...." ਮੈਂ ਘਰ ਵੀ ਨਾ ਗਿਆ। ਭਰਿਆ ਪੀਤਾ ਸਪੀਕਰ ਵਾਲਿਆਂ ਕੋਲ ਗਿਆ। ਪਿੰਡ ਦੇ ਬਹੁਤ ਸਾਰੇ ਮੁੰਡੇ ਰੀਕਾਰਡ ਵਜਾਉਣ ਵਾਲੇ ਨੂੰ ਘੇਰਾ ਪਾਈ ਖੜ੍ਹੇ ਸਨ ਅਤੇ ਆਪਣੀਆਂ ਫ਼ਰਮਾਇਸ਼ਾਂ ਦੱਸ ਰਹੇ ਸਨ। ਗੱਲ ਇੰਝ ਹੋਈ ਸੀ ਪਿੰਡ ਵਿਚ ਕੋਈ ਵਿਆਹ ਸੀ ਅਤੇ ਧੱਕੜ ਰੁਚੀਆਂ ਵਾਲੇ ਜੱਟਾਂ ਨੇ ਜੁਰਮਾਨਾ ਦੇਣਾ ਪਰਵਾਨ ਕਰਕੇ ਸਪੀਕਰ ਵਜਾਉਣਾ ਸ਼ੁਰੂ ਕਰ ਦਿੱਤਾ ਸੀ। ਮੁੰਡੇ ਮੈਨੂੰ ਵੇਖ ਜਕ ਜਹੇ ਗਏ। ਫੇਰ ਮੈਨੂੰ ਪਾਸੇ ਨੂੰ ਲੈ ਗਏ। "ਅੱਜ ਤੁਹਾਨੂੰ ਕੀ ਹੋ ਗਿਆ ਏ ?" ਮੈਂ ਆਖਿਆ।

"ਯਾਰ ਗੱਲਾਂ ਤਾਂ ਤੇਰੀਆਂ ਸਾਰੀਆਂ ਠੀਕ ਆ। ਗਾਣੇ ਹੈਨ ਵੀ ਗੰਦੀ ਚੀਜ਼। ਅਸੀਂ ਮਨੋਂ ਇਹਨਾਂ ਨੂੰ ਨਫ਼ਰਤ ਵੀ ਕਰਦੇ ਆਂ ਪਰ ਕੀ ਕਰੀਏ ਇਹਨਾਂ ਤੋਂ ਬਿਨਾਂ ਜੀਅ ਜਿਹਾ ਨਹੀਂ ਲੱਗਦਾ।" ਉਨ੍ਹਾਂ ਸਾਰਿਆਂ ਦਾ ਰਲਿਆ ਮਿਲਿਆ ਉੱਤਰ ਸੀ। ਤੇ ਉਹ ਸੱਚ ਬੋਲ ਰਹੇ ਸਨ।

ਮੈਂ ਹੈਰਾਨ ਸਾਂ ਉਹ ਇਕੋ ਵੇਲੇ ਗਾਣਿਆਂ ਨੂੰ ਨਫ਼ਰਤ ਅਤੇ ਪਿਆਰ ਕਰ ਰਹੇ ਸਨ। ਕਈ ਦਿਨ ਮੈਂ ਏਸ ਮਸਲੇ 'ਤੇ ਸੋਚਦਾ ਰਿਹਾ। ਸਪੀਕਰ ਦੀ ਪਾਬੰਦੀ ਹੁਣ ਟੁੱਟ ਚੁੱਕੀ ਸੀ। ਪਰ ਸਾਰਾ ਮਸਲਾ ਵੀ ਸਪੱਸ਼ਟ ਹੋ ਚੁੱਕਾ ਸੀ।

ਲੋਕਾਂ ਅੱਗੇ ਕਿਸੇ ਚੀਜ਼ ਨੂੰ ਭੰਡਣ ਦੇ ਨਾਲ-ਨਾਲ ਉਸ ਦਾ ਬਦਲ (Alternative) ਦੇਣਾ ਵੀ ਅਤਿ ਜ਼ਰੂਰੀ ਹੈ। ਅਸੀਂ ਸਪੀਕਰ ਤੇ ਰਾਸਾਂ ਵਗੈਰਾ ਬੰਦ ਕਰਵਾ ਦਿੱਤੀਆਂ ਸਨ ਪਰ ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਦਿੱਤਾ ਕੀ ? ਕੁੱਝ ਵੀ ਨਹੀਂ, ਸਿਆਸਤ ਅਤੇ ਫ਼ਲਸਫੇ ਦੀਆਂ ਰੁੱਖੀਆਂ ਤੇ ਰਸ ਹੀਣ ਗੱਲਾਂ ਤੋਂ ਸਿਵਾ। ਇਹ ਅਤੇ ਅਜਿਹੇ ਮਸਲੇ ਪੰਜਾਬੀ ਦੇ ਸੱਚੇ ਸਾਹਿਤਕਾਰਾਂ ਲਈ ਵੰਗਾਰ ਹਨ। ਜੇ ਅਸੀਂ ਕੁੱਝ ਕਰਨਾ ਹੈ ਤਾਂ ਆਓ ਬਦਲ ਦੇ ਰੂਪਾਂ ਬਾਰੇ ਗੰਭੀਰਤਾ ਨਾਲ ਸੋਚੀਏ !

**(ਸ੍ਰੋਤ: ਕਿਤਾਬ 'ਪਾਸ਼ ਦੀ ਵਾਰਤਕ-ਤਲਵੰਡੀ ਸਲੇਮ ਨੂੰ ਜਾਂਦੀ ਸੜਕ')**

# ਇੱਕ ਨਜ਼ਰ-ਸੰਸਾਰ ਦੀਆਂ ਖ਼ਬਰਾਂ 'ਤੇ

**ਅਮਰੀਕਾ ਵਿੱਚ ਘਟ ਰਹੀ ਧਾਰਮਿਕ ਰੁਚੀ**

ਪੀਊ ਰੀਸਰਚ ਸੈਂਟਰ ਦੁਆਰਾ ਕੀਤੇ ਗਏ 'ਨੈਸ਼ਨਲ ਪਬਲਿਕ ਦ੍ਰਿਸ਼ਟੀਕੋਣ ਰੈਫਰੈਂਸ ਸਰਵੇ' ਵਿੱਚ ਪਾਇਆ ਗਿਆ ਹੈ ਕਿ ਦਸ ਵਿਚੋਂ ਤਿੰਨ ਬਾਲਗ ਆਪਣੇ ਆਪ ਨੂੰ ਕਿਸੇ ਵੀ ਧਰਮ ਨਾਲ ਸਬੰਧਤ ਨਾ ਹੋਣ ਦਾ ਦਾਅਵਾ ਕਰਦੇ ਹਨ। ਸਰਵੇ ਇਹ ਹੀ ਦਰਸਾਉਂਦਾ ਹੈ ਕਿ ਜਿੱਥੇ ਦਸ ਸਾਲ ਪਹਿਲਾਂ 75% ਬਾਲਗ ਆਪਣੀ ਧਾਰਮਿਕ ਪਛਾਣ ਈਸਾਈ ਵਜੋਂ ਕਰਦੇ ਸਨ, ਹੁਣ ਉਨ੍ਹਾਂ ਦੀ ਗਿਣਤੀ 63% 'ਤੇ ਆ ਗਈ ਹੈ। ਇਸੇ ਤਰ੍ਹਾਂ ਗੈਲਪ ਵਲੋਂ ਕਰਾਇਆ ਗਿਆ ਇਕ ਸਲਾਨਾ ਸਰਵੇ ਦੱਸਦਾ ਹੈ ਕਿ ਜਿੱਥੇ ਸਾਲ 2000 ਤੋਂ ਪਹਿਲਾਂ ਚਰਚ ਦੀ ਮੈਂਬਰਸ਼ਿਪ ਲਗਾਤਾਰ 70% ਤੋਂ ਉੱਪਰ ਰਹੀ ਹੈ, ਉੱਥੇ ਇਹ ਸਾਲ 2020 ਤੱਕ ਘਟ ਕੇ 47% ਤੱਕ ਆ ਗਈ ਹੈ। ਇਹ ਗਿਰਾਵਟ ਕੈਥੋਲਿਕਾਂ ਅਤੇ ਮੋਰਮਨਾਂ ਨਾਲੋਂ ਪ੍ਰੋਟੈਸਟੈਂਟਾਂ ਵਿੱਚ ਜ਼ਿਆਦਾ ਦਰਜ ਕੀਤੀ ਗਈ।

**9 ਜਨਵਰੀ ਨੂੰ "ਸਾਬਕਾ ਮੁਸਲਮਾਨ ਦਿਨ" ਮਨਾਉਣ ਦਾ ਐਲਾਨ**

ਕੇਰਲਾ ਦੀ ਤਰਕਸ਼ੀਲ ਸੰਸਥਾ 'ਸਾਬਕਾ ਮੁਸਲਮਾਨ ਆਫ ਕੇਰਲਾ' (EMK) ਦੇ ਪ੍ਰਧਾਨ ਲਿਆਕਤ ਅਲੀ ਸੀ ਐਮ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਉਨ੍ਹਾਂ ਨੇ 9 ਜਨਵਰੀ ਨੂੰ, ਜਿਸ ਦਿਨ ਮੁਸਲਮਾਨ ਪ੍ਰਚਾਰਕ ਐਮ ਐਮ ਅਕਬਰ ਅਤੇ ਤਰਕਸ਼ੀਲ ਸਾਥੀ ਈ ਏ ਜਬਰ ਵਿੱਚ ਬਹਿਸ ਸੀ, ਜਿਸ ਨੇ ਧਰਮ ਦੀ ਵੱਡੇ ਪੱਧਰ ਉੱਤੇ ਖੁੱਲ੍ਹਮਖੁੱਲ੍ਹੀ ਆਲੋਚਨਾ ਸ਼ੁਰੂ ਕਰ ਦਿੱਤੀ ਸੀ ਅਤੇ ਬਹੁਤ ਲੋਕਾਂ ਨੂੰ ਇਸਲਾਮ ਛੱਡਣ ਦੀ ਪ੍ਰੇਰਨਾ ਦਿੱਤੀ ਸੀ, ਨੂੰ 'ਸਾਬਕਾ ਮੁਸਲਮਾਨ ਦਿਨ' ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਸੰਸਥਾ ਅਨੁਸਾਰ ਬਾਕੀ ਧਰਮਾਂ ਦੇ ਮੁਕਾਬਲੇ ਇਸਲਾਮ ਛੱਡਣ ਵਾਲੇ ਲੋਕਾਂ ਨੂੰ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨ ਪੈਂਦਾ ਹੈ ਅਤੇ ਇਹ ਸੰਸਥਾ ਇਨ੍ਹਾਂ ਲੋਕਾਂ ਜਾਂ ਧਰਮ ਛੱਡਣ ਦੇ ਚਾਹਵਾਨ ਲੋਕਾਂ ਦੀ ਮੱਦਦ ਅਤੇ ਹੌਸਲੇ ਵਧਾਈ ਲਈ ਬਹੁਤ ਵਧੀਆ ਪਲੇਟਫਾਰਮ ਹੈ। ਇਹ ਸੰਸਥਾ ਧਰਮ ਦੀਆਂ ਪ੍ਰਚੱਲਤ ਰਹੁ ਰੀਤਾਂ ਦੇ ਨਾਂ 'ਤੇ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਅਤੇ ਜ਼ੁਲਮਾਂ ਦੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਵੀ ਯੋਜਨਾ ਬਣਾ ਰਹੀ ਹੈ।

**ਸਕੂਲਾਂ ਵਿੱਚੋਂ ਧਾਰਮਿਕ ਸਿਖਿਆ ਹਟਾਉਣ ਨਾਲ ਸਦਾਚਾਰਤਾ ਨਹੀਂ ਘਟਦੀ**

ਗਲੋਬਲ ਰੀਸਰਚ ਨੈਟਵਰਕ CESIFO ਵੱਲੋਂ 3 ਜਨਵਰੀ 2022 ਨੂੰ ਜਾਰੀ ਕੀਤੇ ਇਕ ਪਰਚੇ ਮੁਤਾਬਕ ਸਕੂਲਾਂ ਵਿੱਚੋਂ ਜ਼ਰੂਰੀ ਧਾਰਮਿਕ ਸਿਖਿਆ ਹਟਾਉਣ ਨਾਲ ਬੱਚਿਆਂ ਦੀ ਸਦਾਚਾਰਤਾ ਨਹੀਂ ਘਟਦੀ। ਇਸ ਪਰਚੇ ਵਿੱਚ ਜਰਮਨੀ, ਜਿੱਥੇ 1970 ਤੋਂ 2004 ਤੱਕ ਇਹ ਸਿਖਿਆ ਹੌਲੀ-ਹੌਲੀ ਖਤਮ ਕਰ ਦਿੱਤੀ ਗਈ, ਦੇ ਡਾਟਾ ਨੂੰ ਅਧਾਰ ਬਣਾਇਆ ਗਿਆ ਹੈ। ਇਸ ਅਨੁਸਾਰ ਜਿੱਥੇ ਇਹ ਸਿਖਿਆ ਖਤਮ ਕਰਨ ਨਾਲ ਸਦਾਚਾਰਤਾ ਵਿੱਚ ਕੋਈ ਗਿਰਾਵਟ ਨਹੀਂ ਆਈ, ਉੱਥੇ ਸਗੋਂ ਇਸ ਨਾਲ ਜ਼ਿਆਦਾ ਲਿੰਗ ਬਰਾਬਰਤਾ ਵਾਲਾ ਰੋਲ, ਘੱਟ ਬੱਚੇ, ਜ਼ਿਆਦਾ ਲੇਬਰ ਮਾਰਕੀਟ ਵਿੱਚ ਹਿੱਸੇਦਾਰੀ ਅਤੇ ਆਮਦਨ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

**29 ਜਨਵਰੀ ਨੂੰ 'ਵਿਰਾਸਤੀ ਧਰਮ' ਦੇ ਵਿਰੁੱਧ ਅੰਤਰਰਾਸ਼ਟਰੀ ਰੋਸ ਦਿਵਸ ਮਨਾਇਆ**

ਇਸ ਸਾਲ 29 ਜਨਵਰੀ ਨੂੰ ਦੁਨੀਆਂ ਭਰ ਵਿੱਚ ਵਿਰਾਸਤੀ ਧਰਮ ਦੇ ਵਿਰੁੱਧ 11 ਵਾਂ ਸਲਾਨਾ ਅੰਤਰਰਾਸ਼ਟਰੀ ਰੋਸ ਦਿਵਸ ਮਨਾਇਆ ਗਿਆ, ਜਿਸ ਦਾ ਮੁੱਖ ਮਕਸਦ ਬੱਚਿਆਂ 'ਤੇ ਜਬਰੀ ਪਰਿਵਾਰਕ ਧਰਮ ਠੋਸਣ ਦੇ ਵਿਰੁੱਧ ਜਾਗਰੂਕਤਾ ਫੈਲਾਉਣਾ ਹੈ। ਇਸ ਰੋਸ ਨੂੰ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ ਰਿਵਕਾ ਗੋਲਡਸਟੀਨ ਨੇ ਕਿਹਾ ਕਿ ਇਹ ਰੋਸ ਜੋ ਸਾਲ 2010 ਵਿੱਚ ਸ਼ੁਰੂ ਹੋਇਆ ਸੀ ਦਿਨੋ ਦਿਨ ਨਾਸਤਿਕ ਭਾਈਚਾਰੇ ਵਿੱਚ ਬਹੁਤ ਮਕਬੂਲ ਹੋ ਰਿਹਾ ਹੈ। ਉਸ ਨੇ ਅੱਗੇ ਕਿਹਾ ਕਿ ਧਾਰਮਿਕ ਪਰਿਵਾਰਾਂ ਵਲੋਂ ਆਪਣੇ ਬੱਚਿਆਂ ਨੂੰ ਆਪਣੇ ਧਰਮ ਵਿੱਚ ਦਾਖਲ ਕਰਨ ਦੀ ਰੀਤ ਦੁਨਿਆਂ ਭਰ ਵਿੱਚ ਵੱਡੇ ਪੱਧਰ 'ਤੇ ਪ੍ਰਚਲਤ ਹੈ। ਉਸ ਨੇ ਇਹ ਵੀ ਕਿਹਾ ਕਿ ਕਈ ਵਾਰ ਦਾਖਲੇ ਦੀ ਇਹ ਰੀਤ ਬਿਨ੍ਹਾਂ ਕਿਸੇ ਨੁਕਸਾਨ ਦੇ ਹੁੰਦੀ ਹੈ ਪਰ ਬੱਚੇ ਨੂੰ ਡਰਾ ਕੇ ਕਿ ਜੇ ਉਸ ਨੇ ਇਕ ਕਾਲਪਨਿਕ ਸ਼ਕਤੀ ਦੀ ਇੱਛਾ ਅਨੁਸਾਰ ਰਹੁ ਰੀਤਾਂ ਨਾ ਕੀਤੀਆਂ ਜਾਂ ਮੰਨੀਆਂ ਤਾਂ ਉਹ ਮਰਨ ਤੋਂ ਬਾਅਦ ਨਰਕਾਂ ਵਿੱਚ ਸੜੇਗਾ ਜਾਂ ਉਸ ਉੱਤੇ ਧਾਰਮਿਕ ਵਿਸ਼ਵਾਸ਼ ਸਜ਼ਾ ਦੇ ਕੇ ਠੋਸਣ ਨਾਲ ਬੱਚਿਆਂ ਦਾ ਮਨੋਵਿਗਿਆਨਿਕ ਤੌਰ ਉੱਤੇ ਬਹੁਤ ਨੁਕਸਾਨ ਹੁੰਦਾ ਹੈ।

**ਵਿਦਿਆਰਥੀਆਂ ਵੱਲੋਂ ਪ੍ਰਾਰਥਨਾ ਸਭਾ ਦਾ ਵਿਰੋਧ**

ਵੈਸਟ ਵਿਰਜੀਨੀਆ ਹੰਟਿੰਗਟਨ ਹਾਈ ਸਕੂਲ ਦੇ ਇਕ ਸੌਂ ਤੋਂ ਵੱਧ ਵਿਦਿਆਰਥੀਆਂ ਨੇ ਸਕੂਲ ਸਮੇਂ ਵਿੱਚ ਈਸਾਈ ਪ੍ਰਾਰਥਨਾ ਸਭਾ ਵਿੱਚ ਜਬਰੀ ਹਾਜਰੀ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸਭਾ 'ਚੋਂ ਵਾਕ ਆਊਟ ਕੀਤਾ ਅਤੇ "ਚਰਚ ਅਤੇ ਸਟੇਟ ਨੂੰ ਵੱਖਰਾ ਕਰੋ" ਅਤੇ **ਬਾਕੀ ਪੰਨਾ 38 'ਤੇ**

ਪਿਰਤ ਤੇ ਪ੍ਰੇਰਨਾ:

# ਤਰਕ ਫ਼ੈਸਲਾ: ਸੁਖ਼ਦ ਅਹਿਸਾਸ

**ਰਮਿੰਦਰ ਪਾਲ ਸਿੰਘ**



ਸਾਡੇ ਸਮਾਜ ਵਿੱਚ ਅਕਸਰ ਬੱਚਿਆਂ ਨੂੰ ਸਵਰਗ ਨਰਕ ਦੀਆਂ ਕਲਪਿਤ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਮਸਲਨ ਮਨੁੱਖ ਦੇ ਕੀਤੇ ਚੰਗੇ ਮੰਦੇ ਕੰਮਾਂ ਦਾ ਹਿਸਾਬ ਕਿਤਾਬ ਕੀਤਾ ਜਾਂਦਾ ਹੈ ਵਗੈਰਾ ਵਗੈਰਾ। ਅਜਿਹਾ ਬਹੁਤ ਕੁਝ ਪਰੀ ਕਹਾਣੀਆਂ ਵਿੱਚ ਵੀ ਪੜ੍ਹਨ ਨੂੰ ਮਿਲਦਾ ਹੈ। 2004 ਵਿੱਚ 11 ਸਾਲ ਦੀ ਉਮਰ ਵਿੱਚ ਮੈਂ ਦਸ਼ਮੇਸ਼ ਸਕੂਲ਼ ਮਾਨਸਾ ਵਿਖੇ ਤਰਕਸ਼ੀਲ ਨਾਟਕ ਮੇਲੇ ਵਿੱਚ ਰਾਜਿੰਦਰ ਭਦੌੜ ਦੇ ਵਿਚਾਰ ਸੁਣੇ। ਪ੍ਰਭਾਵਿਤ ਹੋਇਆ ਤੇ ਆਪਣੇ ਸਿਲੇਬਸ ਦੀਆਂ ਕਿਤਾਬਾਂ ਦੇ ਨਾਲ ਨਾਲ ਹੋਰ ਪੁਸਤਕਾਂ ਪੜ੍ਹਨ ਵੱਲ ਰੁਚਿਤ ਹੋਇਆ। ਅਗਾਂਹਵਧੂ ਲਹਿਰਾਂ ਵਿੱਚ ਕੰਮ ਕਰਨ ਵਾਲ਼ੇ ਮੇਰੇ ਪਿਤਾ ਰਾਮ ਸਿੰਘ ਜੀ ਮੇਰੇ ਮਾਰਗ ਦਰਸ਼ਕ ਬਣੇ। ਸੰਨ 2006 ਤੋਂ ਦੇਸ਼ ਭਗਤ ਯਾਦਗਾਰ ਵਿੱਚ ਭਰਦੇ ਗ਼ਦਰੀ ਬਾਬਿਆਂ ਦੇ ਮੇਲੇ ਤੇ ਬਿਨ੍ਹਾਂ ਨਾਗਾ ਜਾਣ ਲੱਗਾ। ਸ਼ਹੀਦ ਭਗਤ ਸਿੰਘ ਬਾਰੇ ਫਿਲਮਾਂ ਵੇਖਣ ਤੇ ਸਾਹਿਤ ਪੜ੍ਹਨ ਲੱਗਾ। ਜੀਵ ਵਿਕਾਸ ਤੇ ਸਿਗਮੰਡ ਫਰਾਇਡ ਤੱਕ ਨੂੰ ਪੜ੍ਹਿਆ ਜਿਸਨੇ ਮੈਨੂੰ ਤਰਕ, ਦਲੀਲ ਦੇ ਨਾਲ ਨਾਲ ਸਹੀ ਸਮਝ ਤੇ ਦ੍ਰਿਸ਼ਟੀਕੋਣ ਦਿੱਤਾ।

ਕੈਨੇਡਾ ਪਹੁੰਚ ਕੇ ਮੇਰੀ ਵਿਚਾਰਧਾਰਾ ਵਿੱਚ ਹੋਰ ਨਿਖ਼ਾਰ ਆਉਂਦਾ ਗਿਆ। ਮੈਂ ਇਸ ਸੱਚ ਨੂੰ ਜਾਣ ਲਿਆ ਕਿ ਜੀਵਨ ਇੱਕ ਸੰਘਰਸ਼ ਹੈ। ਇਸਨੂੰ ਮਿਹਨਤ ਤੇ ਸੰਘਰਸ਼ ਨਾਲ ਸੁਖਾਲਾ ਬਣਾਇਆ ਜਾ ਸਕਦਾ ਹੈ। ਆਪਣੇ ਅਜਿਹੇ ਵਿਚਾਰਾਂ ਸਦਕਾ ਮੈਂ ਆਪਣੀ ਜ਼ਿੰਦਗੀ ਦੇ ਅਹਿਮ ਪੜ੍ਹਾਅ ਵੇਲ਼ੇ ਵਿਆਹ ਨੂੰ ਧਾਰਮਿਕ ਰਸਮਾਂ ਰਿਵਾਜਾਂ ਤੋਂ ਮੁਕਤ ਕਰਨ ਦਾ ਫ਼ੈਸਲਾ ਲਿਆ। ਮੇਰੇ ਪਰਿਵਾਰ, ਮਾਤਾ ਹਰਜਿੰਦਰ ਕੌਰ ਤੇ ਜੀਵਨ ਸਾਥਣ ਨਵਦੀਪ ਕੌਰ ਨੇ ਮੇਰਾ ਹਰ ਪੱਖੋਂ ਸਾਥ ਦਿੱਤਾ। ਵਿਆਹ ਮੌਕੇ ਕੀਤੀਆਂ ਜਾਣ ਵਾਲੀਆਂ ਸਭਿਆਚਾਰਕ ਰਸਮਾਂ ਮੈਂ ਕੇਵਲ ਪਰਿਵਾਰਾਂ ਦੀ ਖ਼ੁਸ਼ੀ ਕਰਕੇ ਕੀਤੀਆਂ ਜਦਕਿ ਧਾਰਮਿਕ ਰਸਮਾਂ ਨੂੰ ਤਿਲਾਂਜਲੀ ਦਿੱਤੀ।

ਮੈਂ ਅਜਿਹਾ ਆਪਣੇ ਤਰਕਸ਼ੀਲ਼ ਵਿਚਾਰਾਂ ਦੀ ਪਰਪੱਕਤਾ 'ਤੇ ਪਹਿਰੇਦਾਰੀ ਲਈ ਕੀਤਾ। ਇਹ ਸਾਬਤ ਕਰਨ ਲਈ ਕਿ ਧਾਰਮਿਕ ਰਸਮਾਂ ਤੋਂ ਬਿਨ੍ਹਾਂ ਹੋਏ ਵਿਆਹ ਵੀ ਸਫ਼ਲ ਤੇ ਖ਼ੁਸ਼ੀਆਂ ਦਾ ਸਾਥ ਬਣਦੇ ਹਨ। ਵਿਆਹਾਂ ਦੀ ਸਫ਼ਲਤਾ ਧਾਰਮਿਕ ਰਹੁ ਰੀਤਾਂ 'ਤੇ ਨਹੀਂ ਸਗੋਂ ਸਾਡੀ ਜ਼ਿੰਦਗੀ ਪ੍ਰਤੀ ਪਹੁੰਚ, ਵਿਚਾਰਧਾਰਾ ਤੇ ਕਾਰ ਵਿਹਾਰ 'ਤੇ ਨਿਰਭਰ ਹੁੰਦੀ ਹੈ।

ਮੈਂ ਸਮਝਦਾਂ ਹਾਂ ਕਿ ਵਿਆਹ ਵੇਲ਼ੇ ਦੀਆਂ ਧਾਰਮਿਕ ਰਸਮਾਂ ਦਾ ਮਨੁੱਖ ਦੀ ਅਸਲ ਜ਼ਿੰਦਗੀ ਨਾਲ ਨੇੜ ਦਾ ਵਾਸਤਾ ਨਹੀਂ ਹੈ। ਅਜਿਹੇ ਸਖ਼ਤ ਫ਼ੈਸਲੇ ਕਾਰਣ ਸਮਾਜ ਤੇ ਸਨੇਹੀਆਂ ਤੋਂ ਟਕੋਰਾਂ ਵੀ ਮਿਲੀਆਂ। ਮੈਂ ਵਿਚਾਰਾਂ ਦੀ ਅਡੋਲਤਾ ਕਾਰਣ ਪ੍ਰਵਾਹ ਨਹੀਂ ਕੀਤੀ। ਇਸ ਫੈਸਲੇ ਕਾਰਣ ਮੈਨੂੰ ਕੁਝ ਦੋਸਤਾਂ ਦੇ ਦੂਰ ਹੋਣ ਦਾ ਡਰ ਸੀ ਪਰ ਅਜਿਹਾ ਕੁਝ ਨਹੀਂ ਹੋਇਆ।

ਪਤਨੀ ਨਾਲ ਕੈਨੇਡਾ ਵਾਪਸ ਪਰਤਣ ਲਈ ਮੈਰਿਜ ਰਜਿਸਟਰੇਸ਼ਨ ਦੀ ਲੋੜ ਸੀ। ਤਹਿਸੀਲ ਦਫ਼ਤਰ ਉਨ੍ਹਾਂ ਧਾਰਮਿਕ ਸਬੂਤ ਮੰਗਿਆ ਪਰ ਮੇਰੇ ਕੋਲ ਨਹੀਂ ਸੀ। ਧਰਮ ਵਾਲੇ ਖਾਨੇ ਵਿੱਚ ਮੈਂ ਨਾਸਤਿਕ ਲਿਖਵਾਇਆ ਹੋਣ ਕਰਕੇ ਉਨ੍ਹਾਂ ਰਜਿਸਟਰੇਸ਼ਨ ਤੋਂ ਨਾਂਹ ਨੁੱਕਰ ਕੀਤੀ। ਉਨ੍ਹਾਂ ਵੱਲੋਂ ਇਤਰਾਜ਼ ਜਤਾਉਣ 'ਤੇ ਅਸੀਂ ਤਹਿਸੀਲਦਾਰ ਤੋਂ ਲਿਖਤੀ ਰੂਪ ਵਿੱਚ ਇਤਰਾਜ਼ ਮੰਗੇ ਤਾਂ ਜੋ ਅਗਲੇਰੀ ਕਾਨੂੰਨੀ ਕਰਵਾਈ ਕਰ ਸਕੀਏ। ਅਜਿਹੀ ਸਥਿਤੀ ਵਿੱਚ ਉਨ੍ਹਾਂ ਵੀ ਸਾਡੇ ਨਾਲ ਸਹਿਮਤੀ ਦਿੱਤੀ। ਮੇਰੇ ਤੇ ਪਰਿਵਾਰ ਦੇ ਸਟੈਂਡ ਸਦਕਾ ਘੋਸ਼ਣਾ ਪੱਤਰ ਤੇ ਹੋਰ ਦਸਤਾਵੇਜ਼ ਤਿਆਰ ਕਰਵਾ ਕੇ ਦਫ਼ਤਰ ਨੇ ਰਜਿਸਟਰੇਸ਼ਨ ਕਰ ਦਿੱਤੀ। ਸ਼ਾਇਦ ਮਾਨਸਾ ਜ਼ਿਲ੍ਹੇ ਦਾ ਇਹ ਪਹਿਲਾ ਮੈਰਿਜ ਰਜਿਸਟ੍ਰੇਸ਼ਨ ਕੇਸ ਸੀ ਜਿਹੜਾ ਨਾਸਤਿਕ ਲਿਖ਼ ਕੇ ਰਜਿਸਟਰਡ ਹੋਇਆ। ਜਿਸਨੇ ਧਰਮ ਨੂੰ ਹਰੇਕ ਵਿਅਕਤੀ ਦੇ ਨਿੱਜੀ ਮਸਲੇ ਤੇ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਦੇ ਫੈਸਲੇ 'ਤੇ ਮੋਹਰ ਲਾਈ।

ਮੈਂ ਅਜਿਹਾ ਆਪਣੇ ਤਰਕਸ਼ੀਲ਼ ਵਿਚਾਰਾਂ ਦੀ ਪਰਪੱਕਤਾ 'ਤੇ ਪਹਿਰੇਦਾਰੀ ਲਈ ਕੀਤਾ। ਇਹ ਸਾਬਤ ਕਰਨ ਲਈ ਕਿ ਧਾਰਮਿਕ ਰਸਮਾਂ ਤੋਂ ਬਿਨ੍ਹਾਂ ਹੋਏ ਵਿਆਹ ਵੀ ਸਫ਼ਲ ਤੇ ਖ਼ੁਸ਼ੀਆਂ ਦਾ ਸਾਥ ਬਣਦੇ ਹਨ। ਵਿਆਹਾਂ ਦੀ ਸਫ਼ਲਤਾ ਧਾਰਮਿਕ ਰਹੁ ਰੀਤਾਂ 'ਤੇ ਨਹੀਂ ਸਗੋਂ ਸਾਡੀ ਜ਼ਿੰਦਗੀ ਪ੍ਰਤੀ ਪਹੁੰਚ, ਵਿਚਾਰਧਾਰਾ ਤੇ ਕਾਰ ਵਿਹਾਰ **ਬਾਕੀ ਪੰਨਾ 14 'ਤੇ**

ਸਾਂਝ ਸੁਵੱਲੀ

# ਅਨਿਸ ਦਾ ਸੰਗ ਸਾਥ ..



ਰਾਮ ਸਵਰਨ ਲੱਖੇਵਾਲੀ

ਕੌਮੀ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਡਾ. ਨਰੇਂਦਰ ਦਾਭੋਲਕਰ ਦੀ ਵਿਗਿਆਨਕ ਚੇਤਨਾ ਲਹਿਰ ਅੰਧ ਸ਼ਰਧਾ ਨਿਰਮੂਲਣ ਸੰਮਤੀ (ਅਨਿਸ) ਨਾਲ ਸਾਂਝ ਦੋ ਦਹਾਕੇ ਪੁਰਾਣੀ ਹੈ। ਅਗਿਆਨਤਾ, ਅੰਧਵਿਸ਼ਵਾਸਾਂ ਤੇ ਸਮਾਜਿਕ ਨਾ ਬਰਾਬਰੀ ਨੂੰ ਮਾਤ ਦੇਣ ਲਈ ਇਹ ਸਾਂਝ ਮਹੱਤਵਪੂਰਨ ਹੈ। ਉਸ ਖ਼ੇਤਰ ਵਿੱਚ ਜਾਤ ਪਾਤ ਤੇ ਅੰਧਵਿਸ਼ਵਾਸਾਂ ਖਿਲਾਫ਼ ਉੱਠੀਆਂ ਲਹਿਰਾਂ ਸਾਡੇ ਲਈ ਪ੍ਰੇਰਨਾ ਸ੍ਰੋਤ ਬਣਦੀਆਂ ਹਨ। ਮਰਾਠੀ ਤੋਂ ਹਿੰਦੀ, ਪੰਜਾਬੀ ਰਚਨਾਵਾਂ ਦਾ ਆਦਾਨ ਪ੍ਰਦਾਨ ਕਰਦਿਆਂ ਪ੍ਰੇਰਨਾ, ਉਤਸ਼ਾਹ ਤੇ ਸਬਕ ਅੰਗ ਸੰਗ ਰਹਿੰਦੇ ਹਨ।

ਕਈ ਸਾਲ ਪਹਿਲਾਂ ਹਰਿਆਣੇ ਦੀਆਂ ਖਾਪ ਪੰਚਾਇਤਾਂ ’ਤੇ ਸਟੋਰੀ ਕਰਨ ਆਏ ਮਰਾਠੀ ਮੈਗਜ਼ੀਨ ‘ਵਾਰਤਾ ਪੱਤਰ’ ਦੇ ਪ੍ਰਬੰਧਕੀ ਸੰਪਾਦਕ ਰਾਹੁਲ ਥੋਰਾਤ ਦਾ ਪੰਜਾਬ ਆਉਣ ਦਾ ਸਬੱਬ ਬਣਿਆ। ਰਾਹੁਲ ਨਾਲ ਜਲ੍ਹਿਆਂ ਵਾਲਾ ਬਾਗ ਤੇ ਦੇਸ਼ ਭਗਤ ਹਾਲ ਜਲੰਧਰ ਗਏ। ਤਰਕਸ਼ੀਲ ਭਵਨ ਵੇਖ ਕੇ ਉਸਨੇ ਖ਼ੁਸ਼ੀ ਤੇ ਸੰਤੁਸ਼ਟੀ ਦਾ ਇਜ਼ਹਾਰ ਕੀਤਾ। ਖਟਕੜ ਕਲਾਂ ਜਾ ਕੇ ਉਹ ਸ਼ਹੀਦ ਏ ਆਜ਼ਮ ਦੀ ਯਾਦਗਾਰ, ਜਨਮ ਭੂਮੀ, ਘਰ ਤੇ ਪਿੰਡ ’ਚੋਂ ਨਾਇਕ ਦੀ ਹੋਂਦ ਤਲਾਸ਼ਦਾ ਨਜ਼ਰ ਆਇਆ। ਖੇਤਾਂ ਦੇ ਪੁੱਤ ਯੁੱਗ ਕਵੀ ਪਾਸ਼ ਦੇ ਘਰ ਤਲਵੰਡੀ ਸਲੇਮ ਪਹੁੰਚ ਕੇ ਰਾਹੁਲ ਪਿੰਡ ਦੀ ਮਿੱਟੀ ਨੂੰ ਨਤਮਤਸਕ ਹੋਇਆ। ਸਭਨਾਂ ਥਾਵਾਂ ਤੋਂ ਮਿਲੇ ਮਾਣ-ਸਨਮਾਨ ਨੇ ਉਸਨੂੰ ਇਸ ਧਰਤੀ ਦੀ ਵਿਰਾਸਤ ਨਾਲ ਜੋੜਿਆ। ਆਪਣੇ ਪ੍ਰਭਾਵ ਡਾਇਰੀ ਵਿੱਚ ਨੋਟ ਕਰਦਾ, ਨਾਲ ਹੀ ਆਪਣੇ ਸੰਗੀ ਸਾਥੀਆਂ ਨਾਲ ਮਰਾਠੀ ਵਿੱਚ ਗੱਲਾਂ ਕਰਦਾ। ਉਹ ਦਿਨ ਭਰ ਸਾਡੇ ਨਾਲ ਵਿਚਰਦਾ। ਸ਼ਾਮ ਨੂੰ ਘਰ ਪਰਤਣ ਤੇ ਉਹ ਆਪਣੇ ਰਾਜ ਵਿੱਚ ਚਲਦੀ ਚੇਤਨਾ ਲਹਿਰ ਦੇ ਪ੍ਰੇਰਨਾਮਈ ਅੰਸ਼ ਸੁਣਾਉਣ ਲਗਦਾ। ਪੰਜਾਬ ਦੀ ਧਰਤੀ ਤੋਂ ਸੁਖਦ ਅਹਿਸਾਸ ਲੈ ਰਾਹੁਲ ਵਾਪਸ ਪਰਤਿਆ।




ਪੁਣੇ ਵਿਖੇ ਹੋਏ ਰਾਸ਼ਟਰੀ ਸਮਾਜਿਕ ਤੇ ਸਾਹਿਤਕ ਸਮਾਰੋਹ ਵਿੱਚ ਜਾਣ ਦਾ ਮੌਕਾ ਬਣਿਆ। ਰਾਹੁਲ ਸਾਡੀ ਉਡੀਕ ਕਰ ਰਿਹਾ ਸੀ। ਤਿੰਨ ਦਿਨ ਸਾਡੇ ਨਾਲ ਸਾਇਆ ਬਣ ਕੇ ਰਿਹਾ। ਮਹੱਤਵਪੂਰਨ ਥਾਵਾਂ ਤੇ ਲਿਜਾਂਦਾ, ਮਿੱਤਰਾਂ ਨੂੰ ਮਿਲਾਉਂਦਾ ਸਾਡਾ ਗਾਈਡ ਬਣ ਵਿਚਰਦਾ ਰਿਹਾ। ਮਹਾਰਾਸ਼ਟਰ ਦੀ ਸਰ ਜ਼ਮੀਂ ’ਤੇ ਮਹਾਤਮਾ ਜੋਤੀਬਾ ਫੂਲੇ ਦੇ ਸਿੱਖਿਆ ਤੇ ਸਮਾਜ ਲਈ ਕੀਤੇ ਮਹਾਨ ਕਾਰਜ ਬਾਰੇ ਮਾਣ ਨਾਲ ਦਸਦਾ ਰਿਹਾ। ਸਾਦੇ, ਸਿੱਖਿਅਕ, ਅਮਨਪਸੰਦ ਤੇ ਬੁੱਧੀਮਾਨ ਲੋਕਾਂ ਦੀ ਸੰਗਤ ਚਾਨਣ ਦੀ ਲੱਪ ਵਾਂਗ ਜਾਪੀ। ਪੁਸਤਕ ਪਿੰਡ ਭੀਲਾਰ, ਮਰਾਠੀ ਮੈਗਜ਼ੀਨ ਸਾਧਨਾ ਅਤੇ ਹਰ ਪਾਸੇ ਸਾਹਿਤਕ ਮਾਹੌਲ ਮਨ ਦਾ ਸਕੂਨ ਬਣਿਆ। ਲਿਖਣਾ, ਪੜ੍ਹਨਾ ਤੇ ਸਮਾਜਿਕ ਚੇਤਨਾ ਦਾ ਕੰਮ ਰਾਹੁਲ ਦਾ ਜੀਵਨ ਕਰਮ ਹੈ। ਗਿਆਨ ਵਿਗਿਆਨ ਨੂੰ ਪ੍ਰਣਾਇਆ ਆਪਾ ਤੇ ਸਮਾਜ ਨੂੰ ਸੁਖਾਵੇਂ ਰੁਖ਼ ਤੋਰਨ ਲਈ ਰੁਝੇਵਿਆਂ ਭਰਪੂਰ ਜ਼ਿੰਦਗੀ। ਉਹ ਡਾ. ਨਰੇਂਦਰ ਦਾਭੋਲਕਰ ਦੀ ਵਿਸ਼ਾਲ ਜਨ ਆਧਾਰ ਵਾਲੀ ਸੰਸਥਾ ਅੰਧਸ਼ਰਧਾ ਨਿਰਮੂਲਨ ਸੰਮਤੀ ਦਾ ਹੋਣਹਾਰ ਆਗੂ ਹੈ। ਅਸੀਂ ਉਸ ਨਾਲ ਪੁਣੇ ਤੋਂ ਮਾਸਿਕ ਮਰਾਠੀ ਮੈਗਜ਼ੀਨ ਦੇ ਮੁੱਖ ਦਫਤਰ ਸਾਂਗਲ਼ੀ ਜਾਂਦੇ ਹਾਂ। ਮੈਗਜ਼ੀਨ ਦਾ ਦਫ਼ਤਰ ਮਰਾਠੀ ਸਾਹਿਤ ਦਾ ਭੰਡਾਰ ਹੈ। ਮੈਗਜ਼ੀਨ ਦੀ ਸਿਲਵਰ ਜੁਬਲੀ ’ਤੇ ਵੱਖ ਵੱਖ ਵਿਸ਼ਿਆਂ ’ਤੇ ਛਾਪੇ ਮਰਾਠੀ ਸਾਹਿਤ ਬਾਰੇ ਮਾਣ ਨਾਲ ਦਸਦਾ ਹੈ।

ਰਾਹੁਲ ਦਾ ਘਰ ਉਸਦੇ ਕਰਮ ਤੋਂ ਅਲੱਗ ਨਹੀਂ। ਮੈਗਜ਼ੀਨ ਦੇ ਦਫ਼ਤਰ ਉੱਪਰ ਹੀ ਉਸਦਾ ਰੈਣ ਬਸੇਰਾ ਹੈ। ਜਿੱਥੇ ਬੈਠ ਉਹ ਜਨ ਚੇਤਨਾ ਲਈ ਸੋਚਾਂ ਵਿੱਚ ਦਮ ਭਰਦਾ ਹੈ। ਵੱਡੇ ਜਨ ਆਧਾਰ ਵਾਲੀ ਸੰਸਥਾ ਨਿਰਮੂਲਣ ਸੰਮਤੀ ਲਈ ਉਹ ਕਈ ਪ੍ਰਾਜੈਕਟਾਂ ’ਤੇ ਕੰਮ ਕਰਦਾ ਹੈ। **ਬਾਕੀ ਪੰਨਾ 14 ’ਤੇ**

ਕੇਸ ਰਿਪੋਰਟ:

# ਓਪਰੀ ਸ਼ੈਅ



**ਕੁਲਜੀਤ ਡੰਗਰ ਖੇੜਾ**

ਚੋਣ ਕਮਿਸ਼ਨ ਦੀ ਵੋਟਾਂ ਬਣਾਉਣ-ਕੱਟਣ ਦੀ ਡਿਊਟੀ ਕਰਦਿਆਂ ਇੱਕ ਪਿੰਡ ਗਏ। ਘਰ ਦਾ ਦਰਵਾਜਾ ਖੜਕਾਇਆ ਤਾਂ ਅੰਦਰੋਂ ਕੋਈ ਆਵਾਜ਼ ਨਾ ਆਈ। ਫਿਰ ਆਵਾਜ਼ ਮਾਰਨ 'ਤੇ ਇੱਕ ਬਜ਼ੁਰਗ ਬਾਹਰ ਆਇਆ। ਮੈਨੂੰ ਸਿਰ ਤੋਂ ਪੈਰਾਂ ਤੱਕ ਨਿਹਾਰਦਾ ਹੋਇਆ ਪੁੱਛਣ ਲੱਗਿਆ, "ਕੀ ਗੱਲ ਹੈ ਭਾਈ ਸਾਹਿਬ? ਕੀ ਕੰਮ ਹੈ?" ਮੈਂ ਉਸ ਨੂੰ ਮਕਸਦ ਦੱਸਿਆ। ਉਹ ਕੁੱਝ ਸੋਚ ਵਿਚਾਰ ਕਰਨ ਮਗਰੋਂ ਮੈਨੂੰ ਘਰ ਦੇ ਅੰਦਰ ਲੈ ਆਇਆ। ਅੰਦਰ ਲਿਜਾ ਉਸ ਨੇ ਮੈਨੂੰ ਢਿੱਲੇ ਜਿਹੇ ਮੰਜੇ 'ਤੇ ਬੈਠਣ ਦਾ ਇਸ਼ਾਰਾ ਕੀਤਾ। ਅੰਦਰ ਦੇ ਦ੍ਰਿਸ਼ ਨੂੰ ਵੇਖ ਕੇ ਮੈਂ ਹੈਰਾਨ ਹੋ ਗਿਆ। ਡਰ ਤੇ ਭੈਅ ਦਾ ਮਾਹੌਲ ਸੀ। ਕੱਚੇ ਵਰਾਂਡੇ ਦੇ ਇੱਕ ਪਾਸੇ ਇੱਕ ਭਗਵੇਂ ਕਪੜਿਆਂ ਵਾਲ਼ਾ ਅਖੌਤੀ ਬਾਬਾ ਤੇ ਉਸਦਾ ਚੇਲਾ ਬਿਰਾਜਮਾਨ ਸਨ। ਸੁਧ-ਬੁੱਧ ਵਿਹੂਣੀ ਇੱਕ ਜਵਾਨ ਲੜਕੀ ਸਾਹਮਣੇ ਬੈਠਾਈ ਪਾਠ-ਪੂਜਾ ਕਰਨ ਵਿੱਚ ਮਸ਼ਰੂਫ ਸੀ। ਘਰ ਅੰਦਰ ਧੂਫ ਦੀ ਗੰਧ ਚਾਰੇ ਪਾਸੇ ਪਸਰੀ ਹੋਈ ਸੀ।

ਮੇਰੇ ਪੁੱਛਣ 'ਤੇ ਘਰ ਦੇ ਬਜ਼ੁਰਗ ਨੇ ਦੱਸਿਆ, "ਜੀ , ਇਹ ਮੇਰੀ ਲੜਕੀ ਹੈ, ਪਿਛਲੇ ਪੰਜ-ਛੇ ਸਾਲਾਂ ਤੋਂ ਇਸ ਵਿੱਚ ਕੋਈ ਓਪਰੀ ਸ਼ੈਅ ਪਰਵੇਸ਼ ਕਰ ਗਈ ਹੈ, ਬੜਾ 'ਲਾਜ ਕਰਵਾਇਆ ਪਰ ਖਹਿੜਾ ਨਹੀਂ ਛੱਡਦੀ ਪਈ। ਹੁਣ ਇਹਨਾਂ ਸੰਤਾਂ ਦੀ ਦੱਸ ਪਈ ਸੀ। ਇਹਦੇ ਇਲਾਜ ਲਈ ਅਸੀਂ ਕੋਈ ਪੀਰ ਫ਼ਕੀਰ ਦਾ ਡੇਰਾ ਨੀਂ ਛੱਡਿਆ। ਪਤਾ ਨਹੀਂ ਕਿੰਨਾ ਕੁ ਪੈਸਾ ਤੇ ਘਰ ਪੱਟ ਦਿੱਤਾ ਪਰ ਬਲਾ ਇਸ ਦਾ ਖਹਿੜਾ ਨਹੀਂ ਛੱਡਦੀ ਪਈ। ਅਸੀਂ ਤਾਂ ਸੁੱਖ-ਸੀਰਨੀਆਂ ਦੇਣ ਵਾਲੀ ਵੀ ਕੋਈ ਕਸਰ ਨੀਂ ਛੱਡੀ। ਹੁਣ ਤਾਂ ਕੋਸ਼ਿਸਾਂ ਕਰਕੇ ਹੰਭ ਗਏ ਹਾਂ"। ਉਹ ਨਿਰਾਸ਼ਾ ਦੇ ਆਲਮ ਵਿੱਚ ਬੋਲਦਾ ਗਿਆ। ਮੈਂ ਉਸ ਤੋਂ ਵੋਟਾਂ ਸੰਬੰਧੀ ਜਾਣਕਾਰੀ ਲਈ ਅਤੇ ਉਸ ਨੂੰ ਇਕ ਪਾਸੇ ਕਰਕੇ ਆਪਣਾ ਫੋਨ ਨੰਬਰ ਪਰਚੀ 'ਤੇ ਲਿਖ ਉਸ ਹੱਥ ਫੜ੍ਹਾਇਆ। ਨਾਲ ਹੀ ਹੌਲੀ ਦੇਣੇ ਕਿਹਾ ਕਿ ਤੁਹਾਡੀ ਲੜਕੀ ਨੂੰ ਠੀਕ ਕਰਨਾ ਇਨ੍ਹਾਂ ਅਖੌਤੀ ਬਾਬਿਆਂ ਦੇ ਵੱਸ ਦਾ ਰੋਗ ਨਹੀਂ। ਤੁਸੀਂ ਲੜਕੀ ਦੇ ਸਹੀ ਇਲਾਜ ਦੇ ਲਈ ਮੈਨੂੰ ਇਸ ਫੋਨ ਨੰਬਰ 'ਤੇ ਸੰਪਰਕ ਕਰ ਲੈਣਾ। ਅਸੀਂ ਇਸ ਨੂੰ ਠੀਕ ਕਰਨ ਵਿੱਚ ਤੁਹਾਡੀ ਹਰ ਸੰਭਵ ਮਦਦ ਕਰਾਂਗੇ।

ਸ਼ਾਮ ਨੂੰ ਹੀ ਮੈਨੂੰ ਉਸ ਬਜ਼ੁਰਗ ਦਾ ਫੋਨ ਆ ਗਿਆ। ਉਸ ਕਹਿਣ ਲੱਗਾ, "ਜੀ, ਤੁਹਾਡੀ ਗੱਲ ਬਿਲਕੁਲ ਠੀਕ ਹੈ, ਮੇਰੀ ਕੁੜੀ ਨੂੰ ਕੋਈ ਫਰਕ ਨਹੀਂ ਪਿਆ। ਉਹ ਤਾਂ ਉਸੇ ਤਰ੍ਹਾਂ ਹੀ ਬੌਲ ਮਾਰ ਰਹੀ ਹੈ। ਨਾਲੇ ਅੱਜ ਵਾਲੇ ਬਾਬੇ ਵੀ ਪੱਚੀ ਸੌ ਰੁਪਏ ਲੈ ਕੇ ਚਲੇ ਗਏ ਹਨ। ਲੜਕੀ ਦੀ ਹਾਲਤ ਪਹਿਲਾਂ ਵਾਲੀ ਹੀ ਹੈ।" ਮੈਂ ਉਸ ਨੂੰ ਅਗਲੇ ਦਿਨ ਹੀ ਉਨ੍ਹਾਂ ਦੇ ਘਰ ਪਹੁੰਚਣ ਦਾ ਇਕਰਾਰ ਕੀਤਾ। ਅਗਲੀ ਸਵੇਰ ਮੈਂ ਦੋ ਹੋਰ ਤਰਕਸ਼ੀਲ ਸਾਥੀਆਂ ਨੂੰ ਨਾਲ ਲੈ ਕੇ ਉਸ ਬਜ਼ੁਰਗ ਦੇ ਘਰ ਪਹੁੰਚ ਗਿਆ। ਅਸੀਂ ਉਸ ਨੂੰ ਇੱਕ ਕਮਰੇ ਵਿੱਚ ਅਲੱਗ ਬੈਠਾ ਲਿਆ ਅਤੇ ਲੜਕੀ ਦੇ ਬੀਤੇ ਜੀਵਨ ਬਾਰੇ ਵਿਸਥਾਰ ਨਾਲ ਦੱਸਣ ਬਾਰੇ ਆਖਿਆ। ਬਜ਼ੁਰਗ ਨੇ ਦੱਸਿਆ, "ਜੀ, ਮੇਰੇ ਦੋ ਲੜਕੀਆਂ ਅਤੇ ਇੱਕ ਲੜਕਾ ਹੈ, ਲੜਕਾ ਵਿਆਹਿਆ ਹੋਇਆ ਹੈ। ਉਹ ਆਪਣੀ ਰੋਜ਼ੀ-ਰੋਟੀ ਲਈ ਪਰਿਵਾਰ ਸਮੇਤ ਸ਼ਹਿਰ ਰਹਿੰਦਾ ਹੈ। ਸਾਰਾ ਕੁੱਝ ਠੀਕ ਠਾਕ ਸੀ, ਇਹ ਕੁੜੀ ਵੀ ਚੰਗੀ ਭਲੀ ਸੀ। ਸਾਰਾ ਘਰ ਦਾ ਕੰਮ ਕਰਦੀ ਸੀ। ਇਸ ਤੋਂ ਛੋਟੀ ਲੜਕੀ ਦਾ ਮੈਂ ਵਿਆਹ ਕਰ ਦਿੱਤਾ।" ਅਸੀਂ ਜਦੋਂ ਪੁੱਛਿਆ ਕਿ ਤੁਸੀਂ ਛੋਟੀ ਲੜਕੀ ਦਾ ਵਿਆਹ ਵੱਡੀ ਤੋਂ ਪਹਿਲਾਂ ਕਿਉਂ ਕੀਤਾ ਤਾਂ ਉਸ ਨੇ ਦੱਸਿਆ, "ਕੀ ਕਰੀਏ ਜੀ ਕੁੜੀਆਂ ਦਾ ਫੁੱਫੜ ਹੀ ਰਿਸ਼ਤਾ ਕਰਵਾ ਰਿਹਾ ਸੀ। ਜਦੋਂ ਮੁੰਡੇ ਵਾਲੇ ਵੱਡੀ ਕੁੜੀ ਨੂੰ ਵੇਖਣ ਆਏ ਤਾਂ ਉਹਨਾਂ ਨੇ ਵੱਡੀ ਕੁੜੀ ਦੀ ਥਾਂ ਛੋਟੀ ਕੁੜੀ ਦੇ ਰਿਸ਼ਤੇ ਦੀ ਗੱਲ ਰੱਖ ਦਿੱਤੀ।"

ਜਵਾਈ ਭਾਈ ਦੀ ਜਿੱਦ 'ਤੇ ਮੈਂ ਵੀ ਹਾਂ ਕਰ ਦਿੱਤੀ। ਛੋਟੀ ਕੁੜੀ ਦਾ ਚੁੰਨੀ ਚੜ੍ਹਾਵਾ ਕਰ ਦਿੱਤਾ। ਉਹ ਆਪਣੇ ਘਰੀਂ ਰੰਗੀ ਵਸਦੀ ਹੈ। ਬਾਅਦ ਵਿੱਚ ਇਸ ਕੁੜੀ ਨੂੰ ਪਤਾ ਨੀਂ ਕੀ ਹੋ ਗਿਆ, ਸਮਝ ਤੋਂ ਬਾਹਰ ਹੈ। ਵਿਆਹ ਤੋਂ ਬਾਅਦ ਇਹ ਉਦਾਸ ਰਹਿਣ ਲੱਗੀ। ਅਸੀਂ ਸੋਚਿਆ ਕਿ ਛੋਟੀ ਭੈਣ ਤੋਂ ਬਗੈਰ ਉਦਾਸ ਰਹਿੰਦੀ ਹੈ। ਸਮਾਂ ਪਾ ਕੇ ਠੀਕ ਹੋ ਜਾਏਗੀ ਪਰ ਇਸ ਦੀ ਹਾਲਤ ਦਿਨੋ ਦਿਨ ਵਿਗੜਦੀ ਗਈ। ਪਹਿਲਾਂ ਕੰਮ ਕਰਨੋਂ ਹਟ ਗਈ। ਕਹਿੰਦੀ ਕੁਸ਼ ਵੀ ਕਰਨ ਨੂੰ ਮਨ ਨਹੀਂ ਕਰਦਾ। ਫਿਰ ਹੌਲੀ-ਹੌਲੀ ਮੰਜਾ ਮੱਲ ਬੈਠੀ। ਡਾਕਟਰ ਕਹਿੰਦੇ, ਏਹਨੂੰ ਕੋਈ ਬੀਮਾਰੀ ਨਹੀਂ। ਬੱਸ, ਇਸ ਦੇ ਇਲਾਜ ਲਈ ਭਟਕਦਿਆਂ ਆਹ ਦਿਨ ਆ ਗਏ। ਵਿਆਹ ਬਾਰੇ ਪੁੱਛਣ 'ਤੇ

ਬਜ਼ੁਰਗ ਨੇ ਦੱਸਿਆ, ਪਹਿਲਾਂ ਤਾਂ ਇਸ ਕੁੜੀ ਲਈ ਕੁੱਝ ਸਮਾਂ ਕੋਈ ਚੱਜ ਦਾ ਘਰ ਨਹੀਂ ਲੱਭਿਆ ਫਿਰ ਇਹ ਬਿਮਾਰ ਰਹਿਣ ਲੱਗ ਪਈ ਤਾਂ ਵਿਆਹ ਵਾਲੀ ਗੱਲ ਪਿੱਛੇ ਪੈਂਦੀ ਗਈ। ਸਾਨੂੰ ਲੜਕੀ ਦੇ ਇਸ ਹਾਲਤ ਵਿੱਚ ਪਹੁੰਚਣ ਦੀ ਗੱਲ ਲਗਭਗ ਸਮਝ ਲੱਗ ਚੁੱਕੀ ਸੀ ਪਰ ਅਸੀਂ ਲੜਕੀ ਨਾਲ ਗੱਲਬਾਤ ਕਰਕੇ ਮਸਲੇ ਦਾ ਹੱਲ ਕਰਨਾ ਸੀ।

ਜਦੋਂ ਅਸੀਂ ਲੜਕੀ ਨਾਲ ਅਲੱਗ ਬੈਠ ਕੇ ਗੱਲਬਾਤ ਸ਼ੁਰੂ ਕੀਤੀ ਤਾਂ ਸ਼ੁਰੂ ਵਿੱਚ ਉਸ ਨੇ ਕੋਈ ਜਵਾਬ ਨਾ ਦਿੱਤਾ। ਸਿਰਫ ਸਾਡੇ ਵੱਲ ਬਿਟਰ-ਬਿਟਰ ਤਕਦੀ ਰਹੀ। ਅਸੀਂ ਉਸ ਨੂੰ ਆਪਣੇ ਬਾਰੇ, ਜ਼ਿੰਦਗੀ ਤੇ ਰਿਸ਼ਤਿਆਂ ਬਾਰੇ ਉਦਾਹਰਨਾਂ ਨਾਲ ਸਮਝਾਇਆ। ਉਹ ਗੱਲ ਸੁਣਨ ਲੱਗ ਗਈ। ਜਦੋਂ ਅਸੀਂ ਉਸ ਨੂੰ ਪੂਰਨ ਵਿਸਵਾਸ਼ ਵਿੱਚ ਲਿਆ ਅਤੇ ਉਸ ਦੇ ਵਿਆਹ ਦੀ ਗੱਲ ਤੋਰੀ ਤਾਂ ਉਹ ਹੁੰਗਾਰਾ ਭਰਨ ਲੱਗ ਪਈ। ਅਸੀਂ ਉਸ ਨੂੰ ਕਿਹਾ ਕਿ ਅਸੀਂ ਤਾਂ ਉਸ ਦੇ ਰਿਸ਼ਤੇ ਲਈ ਹੀ ਗੱਲ ਕਰਨ ਆਏ ਹਾਂ, ਸਾਡੀ ਨਜ਼ਰ ਵਿੱਚ ਇੱਕ ਵਧੀਆ ਮੁੰਡਾ ਹੈ। ਇਹ ਗੱਲ ਸੁਣਦਿਆ ਹੀ ਉਸ ਨੇ ਗਲ਼ ਵਿੱਚ ਲਮਕਦੀ ਚੁੰਨੀ ਨੂੰ ਠੀਕ ਕਰਕੇ ਵਧੀਆ ਬੁੱਕਲ ਮਾਰ ਲਈ। ਅਸੀਂ ਉਸ ਨੂੰ ਸਮਝਾਇਆ ਕਿ ਉਹ ਆਪਣੇ-ਆਪ ਨੂੰ ਵਧੀਆ ਤਰੀਕੇ ਨਾਲ ਸੰਭਾਲ਼ੇ। ਪਹਿਲਾਂ ਦੀ ਤਰ੍ਹਾਂ ਹੀ ਘਰ ਦੇ ਕੰਮਾਂ ਵਿੱਚ ਰੁਚੀ ਲਵੇ। ਉਸ ਨੇ ਸਾਨੂੰ ਹਾਂ-ਪੱਖੀ ਹੁੰਗਾਰਾ ਦਿੱਤਾ।

ਅਸੀਂ ਉਸ ਨਾਲ਼ ਹਫਤੇ ਬਾਦ ਫਿਰ ਮਿਲਣ ਦਾ ਵਾਅਦਾ ਕੀਤਾ। ਉਸ ਨੂੰ ਆਪਣੀ ਛੋਟੀ ਭੈਣ ’ਤੇ ਸਖ਼ਤ ਗਿਲਾ ਸੀ ਕਿ ਉਸ ਨੇ ਘਰ ਵੀ ਵਸਾ ਲਿਆ ਤੇ ਮੇਰਾ ਚਾਵਾਂ ਨਾਲ ਬਣਾਇਆ ਦਾਜ ਦਾ ਸਮਾਨ ਵੀ ਲੈ ਗਈ। ਅਸੀਂ ਉਸ ਨੂੰ ਬੀਤੇ ਵਕਤ ਨੂੰ ਭੁਲਾਉਣ ਤੇ ਆਉਣ ਵਾਲੀ ਜ਼ਿੰਦਗੀ ਨੂੰ ਸੁਖਾਵਾਂ ਬਣਾਉਣ ਦਾ ਸੁਝਾਅ ਦਿੱਤਾ। ਜਿਸਨੂੰ ਉਸ ਨੇ ਖ਼ੁਸ਼ੀ ਨਾਲ ਸਵੀਕਾਰ ਕਰ ਲਿਆ। ਅਸੀਂ ਉਸ ਦੇ ਬਜ਼ੁਰਗ ਬਾਪ ਨੂੰ ਲੜਕੀ ਦੇ ਮਾਨਸਿਕ ਰੋਗੀ ਹੋਣ ਦਾ ਕਾਰਨ ਸਮਝਾਇਆ ਕਿ ਵੱਡੀ ਲੜਕੀ ਨੂੰ ਅਣਦੇਖਿਆ ਕਰਕੇ ਛੋਟੀ ਲੜਕੀ ਦਾ ਵਿਆਹ ਕਰਨਾ ਉਸ ਦੀ ਵੱਡੀ ਭੁੱਲ ਸੀ। ਹੁਣ ਚੰਗਾ ਮੁੰਡਾ ਵੇਖ ਕੇ ਜਲਦੀ ਤੋਂ ਜਲਦੀ ਇਸ ਦਾ ਵਿਆਹ ਕਰਨਾ ਚਾਹੀਦਾ ਹੈ। ਬਜ਼ੁਰਗ ਨੂੰ ਸਾਰੀ ਸਮਝ ਆ ਚੁੱਕੀ ਸੀ। ਮਹੀਨੇ ਦੇ ਵਿੱਚ ਵਿੱਚ ਲੜਕੀ ਘਰ ਦੇ ਕੰਮ-ਕਾਰ ਵਿੱਚ ਲੱਗ ਗਈ। ਬਾਪ ਨੇ ਉਸ ਲਈ ਯੋਗ ਵਰ ਲੱਭ ਕੇ ਲੜਕੀ ਦਾ ਵਿਆਹ ਕਰ ਦਿੱਤਾ। ਲੜਕੀ ਦੀ ਓਪਰੀ ਸ਼ੈਅ ਕਿਧਰੇ ਨਜ਼ਰ ਨੀਂ ਆਈ। ਉਹ ਆਪਣੇ ਸਹੁਰੇ ਘਰ ਰਾਜ਼ੀ ਖ਼ੁਸ਼ੀ ਵਸ ਰਹੀ ਹੈ।

**97819 25566**

**... ਪੰਨਾ 11 ਦਾ ਬਾਕੀ** ’ਤੇ ਨਿਰਭਰ ਹੁੰਦੀ ਹੈ।

ਜ਼ਿੰਦਗੀ ਦੇ ਇਸ ਫ਼ੈਸਲੇ ਵਿੱਚ ਮੇਰੇ ਪਰਿਵਾਰਕ ਮਾਹੌਲ ਤੇ ਪੁਸਤਕਾਂ ਦੇ ਅਧਿਐਨ ਦਾ ਵੱਡਾ ਰੋਲ ਹੈ। ਪੁਸਤਕਾਂ ਤੋਂ ਹੀ ਮੈਂ ਜੀਵਨ ਵਿੱਚ ਕੁਝ ਨਵਾਂ ਤੇ ਨਿਵੇਕਲਾ ਕਰਨ ਦੀ ਜਾਂਚ ਸਿੱਖੀ। ਇਹ ਅਧਿਐਨ ਜ਼ਿੰਦਗੀ ਦੇ ਨਵੇਂ ਰਾਹ ਖੋਲ੍ਹਦਾ ਹੈ। ਪ੍ਰੇਰਨਾ ਤੇ ਸਬਕ ਬਣਦਾ ਹੈ। ਮੈਨੂੰ ਆਪਣੇ ਫ਼ੈਸਲੇ, ਤਰਕਸ਼ੀਲ ਵਿਚਾਰਾਂ ਉੱਪਰ ਪੂਰਨ ਸੰਤੁਸ਼ਟੀ ’ਤੇ ਫ਼ਖ਼ਰ ਹੈ। ਧਾਰਮਿਕ ਰਹੁ ਰੀਤਾਂ ਤੋਂ ਬਿਨਾ ਵਿਆਹ ਕਰਵਾਉਣ ਦਾ ਮੇਰਾ ਤਰਕ ਫ਼ੈਸਲਾ ਹੁਣ ਇਹ ਮੇਰੀ ਜ਼ਿੰਦਗੀ ਦਾ ਸੁਖ਼ਦ ਅਹਿਸਾਸ ਬਣ ਗਿਆ ਹੈ।

**ਸ਼ਾਬਦਿਕ ਰੂਪ: ਪ੍ਰਿੰਸੀਪਲ ਲੱਖਾ ਸਿੰਘ**
**94644 81975**

**...ਪੰਨਾ 12 ਦਾ ਬਾਕੀ** ਮਰਾਠੀ ਪਿੰਡਾਂ ਵਿੱਚ ਅੰਧਵਿਸ਼ਵਾਸਾਂ ਦਾ ਹਨੇਰਾ ਮਿਟਾਉਣ ਤੇ ਕਰਮਾਂ ਕਾਂਡਾਂ ਦੇ ਭਰਮ ਭੁਲੇਖੇ ਦੂਰ ਕਰਨ ਜਾਂਦੀ ਗਿਆਨ ਵਿਗਿਆਨ ਵਾਹਿਨੀ ਦਾ ਕਾਰਜ ਭਾਰ ਸੰਸਥਾ ਨੇ ਉਸਨੂੰ ਸੌਂਪਿਆ ਹੈ। ਉਸਦੇ ਮਨ ਮਸਤਕ ਵਿੱਚ ਭਰਮ ਮੁਕਤ, ਬਰਾਬਰੀ ਵਾਲੇ ਸਮਾਜ ਦਾ ਸੁਪਨਾ ਸੰਜੋਇਆ ਹੈ। ਇਸ ਕਾਜ ਵਿੱਚ ਜੁਟਿਆ ਉਹ ਅਕਦਾ ਥੱਕਦਾ ਨਹੀਂ। ਉਸਦੀਆਂ ਆਪਣੀਆਂ ਲੋੜਾਂ ਸੀਮਤ ਹਨ ਪਰ ਕੰਮ ਦਾ ਖੇਤਰ ਅਸੀਮਤ। ਇਸ ਸੁਵੱਲੜੇ ਰਾਹ ਤੁਰਦਿਆਂ ਉਹ ਨਿਮਰਤਾ ਨਾਲ ਆਖਦਾ ਹੈ, ਇਹ ਡਾ.ਦਾਭੋਲਕਰ ਦੀਆਂ ਪੈੜਾਂ ਤੇ ਕੁਰਬਾਨੀ ਸਦਕਾ ਹੈ।

ਆਪਣੇ ਦਫ਼ਤਰ ਵਿੱਚ ਬੈਠਿਆਂ ਉਹ ਕਲਮ, ਕਲਾ ਨਾਲ ਜਨ ਚੇਤਨਾ ਨੂੰ ਉੱਤਮ ਕਾਰਜ ਦੱਸਦਾ ਹੈ। ਰਾਹੁਲ ਆਖਦਾ, ਇਹ ਕਲਮ ਦੀ ਤਾਕਤ ਹੈ ਕਿ ਜਿਨ੍ਹਾਂ ਫ਼ਿਰਕੂ ਤਾਕਤਾਂ ਨੇ ਡਾ. ਦਾਭੋਲਕਰ ਨੂੰ ਸਾਡੇ ਕੋਲੋਂ ਖੋਹਿਆ ਸੀ, ਉਹਨਾਂ ਦੇ ਆਸ਼ੇ ਪੂਰੇ ਨਹੀਂ ਹੋਏ, ਨਾ ਹੋਣਗੇ। ਡਾ. ਦਾਭੋਲਕਰ ਤਾਂ ਸਾਡੇ ਅੰਗ ਸੰਗ ਨੇ। ਇਹ ਉਹਨਾਂ ਦੇ ਵਿਚਾਰਾਂ ਤੇ ਆਦਰਸ਼ਾਂ ਦੀ ਤਾਕਤ ਹੈ। ਇਹੋ ਆਪਣੀ ਸਾਂਝ ਦਾ ਸਬੱਬ ਹੈ ਤੇ ਤੁਰਦੇ ਰਹਿਣ ਦੀ ਚਾਹ।

ਫੁੱਲਾਂ, ਪੁਸਤਕਾਂ ਤੇ ਅਪਣੱਤ ਭਰੀਆਂ ਮੁਸਕਾਨਾਂ ਨਾਲ ਸਾਨੂੰ ਵਿਦਾਈ ਮਿਲੀ। ਇਹ ਸਾਡੇ ਸਫ਼ਰ ਦੇ ਅਮੁੱਲੇ ਪਲ਼ ਸਨ। ਵਾਪਸੀ ’ਤੇ ਮਨ ਦਾ ਰੌਂਅ ਸਕੂਨ ਭਰਿਆ ਸੀ। ਉਨ੍ਹਾਂ ਸੰਗ ਵਿਚਰਦਿਆਂ ਮਿਲੀ ਪ੍ਰੇਰਨਾ ਸਫ਼ਰ ਦਾ ਹਾਸਲ ਸੀ ਕਿ ਹਰ ਘਰ ਵਿਚ ਪੁਸਤਕ ਵਾਸਾ ਹੋਵੇ, ਮਨਾਂ ਵਿਚ ਚੇਤਨਾ ਦੇ ਦੀਪ ਜਗਮਗ ਕਰਨ; ਜਾਣਨ, ਜਿਉਣ ਦੀ ਤਾਂਘ ਤੇ ਮੰਜ਼ਿਲ ਪਾਉਣ ਦੀਆਂ ਉਮੰਗਾਂ ਉਗਮਣ।

**95010-06626**

**ਪੜ੍ਹਨਯੋਗ ਪੁਸਤਕਾਂ-6**

# ਵੋਲਗਾ ਤੋਂ ਗੰਗਾ



**ਰਾਜਪਾਲ ਸਿੰਘ**

ਕੁੱਝ ਕਿਤਾਬਾਂ ਵਕਤੀ ਤੌਰ 'ਤੇ ਚਰਚਿਤ ਹੁੰਦੀਆਂ ਅਤੇ ਪੜ੍ਹੀਆਂ ਜਾਂਦੀਆਂ ਹਨ ਪਰ ਉਹ ਸਮਾਂ ਬੀਤ ਜਾਣ ਬਾਅਦ ਉਨ੍ਹਾਂ ਦੀ ਮਹੱਤਤਾ ਘਟ ਜਾਂਦੀ ਹੈ। ਇਸਦੇ ਮੁਕਾਬਲੇ ਕੁੱਝ ਪੁਸਤਕਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਖਿੱਚ ਬਹੁਤ ਸਮਾਂ ਬੀਤਣ ਬਾਅਦ ਵੀ ਮੱਧਮ ਨਹੀਂ ਪੈਂਦੀ, ਉਨ੍ਹਾਂ ਦੀ ਮਹੱਤਤਾ ਉਵੇਂ ਬਰਕਰਾਰ ਰਹਿੰਦੀ ਹੈ। ਮਹਾਂ-ਵਿਦਵਾਨ ਰਾਹੁਲ ਸੰਕਰਾਤਾਇਨ ਦੀ ਲਿਖੀ 'ਵੋਲਗਾ ਤੋਂ ਗੰਗਾ' ਵੀ ਅਜਿਹੀ ਪੁਸਤਕ ਹੈ ਜਿਸ ਦੀ ਸਾਰਥਿਕਤਾ ਇਸਦੇ ਲਿਖੇ ਜਾਣ ਤੋਂ 80 ਸਾਲ ਬਾਅਦ ਵੀ ਉਸੇ ਤਰ੍ਹਾਂ ਕਾਇਮ ਹੈ। ਇਸਦੀ ਸਦੀਵੀ ਮਹੱਤਤਾ ਦਾ ਕਾਰਣ ਇਸ ਦਾ ਵਿਸ਼ਾ ਵਸਤੂ ਹੈ ਜੋ ਮਨੁੱਖੀ ਸਮਾਜ ਦੇ ਲਗਪਗ ਦਸ ਹਜ਼ਾਰ ਸਾਲਾਂ ਦੇ ਇਤਿਹਾਸ ਨੂੰ ਕਲਾਵੇ ਵਿਚ ਲੈਂਦਾ ਹੈ। ਇਸ ਪੁਸਤਕ ਵਿੱਚ ਵੱਖ ਵੱਖ ਕਾਲਾਂ ਨਾਲ ਸਬੰਧਿਤ 20 ਕਹਾਣੀਆਂ ਰਾਹੀਂ ਮਨੁੱਖੀ ਸਮਾਜ ਦੇ ਇਤਿਹਾਸ ਅਤੇ ਵਿਕਾਸ ਨੂੰ ਚਿਤਰਿਆ ਗਿਆ ਹੈ।



ਇਸ ਦੀ ਪਹਿਲੀ ਕਥਾ 'ਨਿਸ਼ਾ' ਅੱਜ ਤੋਂ ਅੱਠ ਹਜ਼ਾਰ ਸਾਲ ਪਹਿਲਾਂ ਦੇ ਸਮੇਂ ਨਾਲ ਸਬੰਧਿਤ ਹੈ ਜਿਸ ਵਿੱਚ ਵੋਲਗਾ ਨਦੀ ਦੇ ਕੰਢੇ 'ਤੇ ਰਹਿੰਦੇ ਇੱਕ ਕਬੀਲੇ ਦਾ ਵਰਣਨ ਹੈ। ਉਸ ਸਮੇਂ ਮਾਤਰੀ ਪ੍ਰਧਾਨ ਸਮਾਜ ਹੈ ਜਿਸ ਵਿੱਚ ਸਰੀਰਕ ਸਬੰਧਾਂ ਬਾਰੇ ਕੋਈ ਨਿਯਮ ਜਾਂ ਸਦਾਚਾਰ ਨਹੀਂ ਹੈ। ਇਸ ਕਰਕੇ ਕਬੀਲਾ ਆਪਣੀ ਮੁਖੀ ਔਰਤ ਨਾਲ ਹੀ ਬੱਝਿਆ ਹੁੰਦਾ ਹੈ। ਜੀਵਨ ਪੱਥਰ ਦੇ ਹਥਿਆਰਾਂ ਨਾਲ ਸ਼ਿਕਾਰ ਕਰਨ ਅਤੇ ਜੰਗਲ ਵਿਚੋਂ ਮਿਲਦੇ ਖਾਣਯੋਗ ਪਦਾਰਥਾਂ ਨੂੰ ਇਕੱਠੇ ਕਰ ਕੇ ਚਲਦਾ ਸੀ। ਅਗਲੀ ਕਥਾ ਉਸ ਤੋਂ ਢਾਈ ਹਜ਼ਾਰ ਸਾਲ ਬਾਅਦ ਦੇ ਸਮੇਂ ਦਾ ਚਿਤ੍ਰਣ ਕਰਦੀ ਹੈ ਜਦ ਮਨੁੱਖ ਮਾਰੇ ਗਏ ਜਾਨਵਰਾਂ ਦੇ ਚਮੜੇ ਨਾਲ ਆਪਣਾ ਸਰੀਰ ਢਕਣ ਲੱਗ ਪਿਆ, ਮਿੱਟੀ ਦੇ ਬਰਤਨ ਬਨਾਉਣ ਲੱਗ ਪਿਆ ਸੀ ਅਤੇ ਗੁਫਾਵਾਂ ਦੀ ਬਜਾਏ ਲੱਕੜ ਅਤੇ ਘਾਹ ਫੂਸ ਨਾਲ ਝੌਂਪੜੇ ਬਣਾ ਕੇ ਰਹਿਣ ਲੱਗਾ ਸੀ। ਪਰ ਇਹ ਟਿਕਾਣੇ ਸਥਾਈ ਨਹੀਂ ਸਨ, ਜਦ ਉਥੋਂ ਸ਼ਿਕਾਰ ਅਤੇ ਜੰਗਲੀ ਫਲ ਆਦਿ ਘਟ ਜਾਂਦੇ ਤਾਂ ਕਬੀਲਾ ਹੋਰ ਜਗ੍ਹਾ ਚਲਾ ਜਾਂਦਾ। ਮਨੁੱਖ ਜੰਗਲੀ ਜਾਨਵਰਾਂ ਅਤੇ ਕੁਦਰਤੀ ਆਫ਼ਤਾਂ ਦਾ ਟਾਕਰਾ ਕਰਨ ਦੇ ਪਹਿਲਾਂ ਦੇ ਮੁਕਾਬਲੇ ਵਧੇਰੇ ਸਮਰੱਥ ਹੋ ਗਿਆ ਸੀ। ਜਿਸ ਕਰਕੇ ਕਬੀਲਿਆਂ ਦੀ ਆਬਾਦੀ ਵਧਣ ਲੱਗੀ। ਆਬਾਦੀ ਵਧਣ ਨਾਲ ਉਸ ਨੂੰ ਹੋਰ ਥਾਵਾਂ ਦੀ ਤਲਾਸ਼ ਵਿੱਚ ਨਵੇਂ ਸਥਾਨਾਂ ਵੱਲ ਜਾਣ ਪੈਂਦਾ ਜਿੱਥੇ ਪਹਿਲਾਂ ਰਹਿ ਰਹੇ ਕਬੀਲਿਆਂ ਨਾਲ ਉਨ੍ਹਾਂ ਦੇ ਟਕਰਾਅ ਹੁੰਦੇ। ਇਸ ਦੂਸਰੀ ਕਥਾ ਦੇ ਅੰਤ ਉੱਤੇ ਗਿਣਤੀ ਪੱਖੋਂ ਕਮਜ਼ੋਰ ਕੁਰੂ ਕਬੀਲੇ ਨੂੰ ਵੋਲਗਾ ਦਾ ਕੰਢਾ ਛੱਡ ਕੇ ਮੱਧ ਏਸ਼ੀਆ ਦੇ ਉਜ਼ਬੇਕਿਸਤਾਨ ਦੇ ਇਲਾਕੇ ਵੱਲ ਜਾਣਾ ਪੈਂਦਾ ਹੈ। ਅਗਲੀ ਕਥਾ ਇਸ ਤੋਂ ਹੋਰ ਪੰਜ ਸੌ ਸਾਲ ਬਾਅਦ ਦਾ ਹਾਲ ਬਿਆਨ ਕਰਦੀ ਹੈ ਜਦ ਪਸ਼ੂ-ਪਾਲਣ ਸ਼ੁਰੂ ਹੋ ਚੁੱਕਾ ਹੈ। ਪਸ਼ੂ-ਧਨ ਖੋਹਣ ਲਈ ਕਬੀਲਿਆਂ ਵਿੱਚ ਲੜਾਈਆਂ ਹੁੰਦੀਆਂ ਹਨ ਅਤੇ ਇਹ ਕੁਰੂ ਕਬੀਲਾ ਪੁਰੂ ਕਬੀਲੇ ਨੂੰ ਉਥੋਂ ਭਜਾ ਕੇ ਹੋਰ ਦੱਖਣ ਵੱਲ ਧੱਕ ਦਿੰਦਾ ਹੈ।

ਚੌਥੀ ਕਥਾ ਮਨੁੱਖੀ ਸਮਾਜ ਵਿੱਚ ਆਈ ਇੱਕ ਵੱਡੀ ਤਬਦੀਲੀ ਨੂੰ ਬਿਆਨ ਕਰਦੀ ਹੈ ਜਦ ਮਨੁੱਖ ਪਸ਼ੂ-ਪਾਲਣ ਦੇ ਨਾਲ ਨਾਲ ਖੇਤੀਬਾੜੀ ਵੀ ਸ਼ੁਰੂ ਕਰਦਾ ਹੈ। ਇਸੇ ਸਮੇਂ ਮਨੁੱਖ ਧਾਤਾਂ ਦੀ ਵਰਤੋਂ ਕਰਨੀ ਸਿਖਦਾ ਹੈ। ਮਨੁੱਖ ਵੱਲੋਂ ਵਰਤੀ ਜਾਣ ਵਾਲੀ ਪਹਿਲੀ ਧਾਤ ਤਾਂਬਾ ਸੀ ਕਿਉਂਕਿ ਇਸ ਨੂੰ ਪਿਘਲਾਉਣਾ ਅਤੇ ਵਰਤਣਾ ਸੌਖਾ ਸੀ (ਇਸਦੇ ਮੁਕਾਬਲੇ ਲੋਹਾ ਸਖਤ ਅਤੇ ਉੱਚੇ ਤਾਪਮਾਨ 'ਤੇ ਪਿਘਲਦਾ ਹੈ)। ਇਸ ਕਥਾ ਦੀ ਸਭ ਤੋਂ ਦਿਲਚਸਪ ਗੱਲ ਪੁਰਾਣੀ ਰਵਾਇਤੀ ਸੋਚ ਦੇ ਬਜ਼ੁਰਗਾਂ ਵੱਲੋਂ ਖੇਤੀ ਅਤੇ ਤਾਂਬੇ ਦੀ ਵਰਤੋਂ ਦਾ ਵਿਰੋਧ ਹੈ ਜਿਸ ਤੋਂ ਪਤਾ ਚਲਦਾ ਹੈ ਹਰ ਨਵੀਂ ਤਕਨੀਕ ਅਤੇ ਜੀਵਨ ਜਾਚ ਦਾ ਪਹਿਲਾਂ ਪਹਿਲ ਵਿਰੋਧ ਹੋਣਾ ਸੁਭਾਵਿਕ ਹੀ ਹੁੰਦਾ ਹੈ ਕਿਉਂਕਿ ਲੋਕ ਪੁਰਾਣੇ ਢੰਗ ਅਨੁਸਾਰ ਜਿਉਣਾ ਗਿੱਝੇ ਹੁੰਦੇ ਹਨ। ਇੱਕ ਨੌਜਵਾਨ ਯਾਤਰੀ ਨਾਲ ਗੱਲ ਕਰਦਿਆਂ ਪੁਰੂ ਕਬੀਲੇ ਦਾ ਬਜ਼ੁਰਗ ਕਹਿੰਦਾ ਹੈ

"ਇਹ ਤਾਂਬਾ ਤੇ ਖੇਤ ਵੇਖ ਕੇ ਮੇਰਾ ਕਾਲਜਾ ਮੱਚਦਾ ਹੈ। ਜਦੋਂ ਤੋਂ ਇਹ ਚੀਜ਼ਾਂ ਵਕਸ਼ੂ ਨਦੀ ਦੇ ਕੰਢੇ 'ਤੇ ਆਈਆਂ

ਹਨ, ਉਦੋਂ ਤੋਂ ਹੀ ਪਾਪ-ਅਧਰਮ ਵਧ ਗਏ ਹਨ। ਦੇਵਤੇ ਵੀ ਗੁੱਸੇ ਹੋ ਗਏ, ਮਹਾਂਮਾਰੀਆਂ ਵਧ ਗਈਆਂ ਅਤੇ ਮਾਰ-ਕਾਟ ਵੀ ਵਧ ਗਈ।" ਇਵੇਂ ਖੇਤੀ ਕਰਨ ਬਾਰੇ ਉਹ ਕਹਿੰਦਾ ਹੈ "ਇਨ੍ਹਾਂ ਤਾਂਬੇ ਦੇ ਸ਼ਸ਼ਤਰਾਂ ਨਾਲ ਧਰਤੀ ਮਾਤਾ ਦੀ ਛਾਤੀ ਚੀਰੀ। ਅਜਿਹਾ ਪਾਪ ਕਦੇ ਕਿਸੇ ਨੇ ਨਹੀਂ ਸੀ ਕੀਤਾ। ਧਰਤੀ ਨੂੰ ਮਾਂ ਸਮਝਿਆ ਜਾਂਦਾ ਹੈ ਬੱਚਾ।"

ਇਸ ਦੌਰ ਵਿੱਚ ਔਰਤ ਦੀ ਸਥਿਤੀ ਵੀ ਮਰਦ ਤੋਂ ਦੁਜੈਲੀ ਹੋ ਜਾਂਦੀ ਹੈ। ਔਰਤਾਂ ਦੀ ਪ੍ਰਧਾਨਗੀ ਵਾਲੇ ਕਬੀਲਿਆਂ ਦੀ ਥਾਂ ਹੁਣ ਜਨ ਹੋਂਦ ਵਿੱਚ ਆ ਜਾਂਦੇ ਹਨ ਜਿਨ੍ਹਾਂ ਵਿੱਚ ਸ਼ਾਮਲ ਮਰਦ ਔਰਤਾਂ ਦੀ ਗਿਣਤੀ ਕਾਫੀ ਵੱਡੀ ਹੁੰਦੀ ਹੈ। ਉਹ ਆਪਣੀ ਰੱਖਿਆ ਅਤੇ ਦੂਸਰੇ ਜਨਾਂ ਨਾਲ ਲੜਾਈਆਂ ਵਿੱਚ ਅਗਵਾਈ ਦੇਣ ਲਈ ਆਗੂ ਚੁਣਦੇ ਹਨ ਜਿਸ ਨੂੰ ਇਸ ਕਥਾ ਵਿੱਚ ਉਹ 'ਇੰਦਰ' ਦੀ ਉਪਾਧੀ ਦਿੰਦੇ ਹਨ। ਯਾਨੀ ਕਿ ਬਾਅਦ ਵਿੱਚ ਦੇਵਤੇ ਵਜੋਂ ਜਾਣਿਆ ਜਾਣ ਵਾਲਾ ਇੰਦਰ ਅਸਲ ਵਿੱਚ ਮੁਢਲੇ ਆਰੀਆਂ ਦਾ ਸੈਨਾਪਤੀ ਜਾਂ ਆਗੂ ਸੀ।

ਅਗਲੀ ਕਥਾ ਆਰੀਆਂ ਦੇ ਭਾਰਤ ਵੱਲ ਆਉਣ ਅਤੇ ਇਥੋਂ ਦੇ ਪਹਿਲੇ ਵਸਨੀਕਾਂ ਨਾਲ ਯੁੱਧ ਕਰਨ ਨਾਲ ਸਬੰਧਿਤ ਹੈ। ਆਬਾਦੀ ਵਧਣ 'ਤੇ ਉਪਰੋਕਤ ਕਬੀਲੇ ਦੱਖਣ ਵੱਲ ਸਵਾਤ ਘਾਟੀ ਨੂੰ ਚਲਦੇ ਹਨ। (ਸਵਾਤ ਘਾਟੀ ਮੌਜੂਦਾ ਪਾਕਿਸਤਾਨ ਵਿੱਚ ਹੈ) ਵਪਾਰ ਸ਼ੁਰੂ ਹੋ ਜਾਣ ਕਰਕੇ ਉਹ ਜਾਣਦੇ ਸਨ ਇਹ ਇਲਾਕਾ ਬਹੁਤ ਖੁਸ਼ਹਾਲ ਹੈ। ਜਿਵੇਂ ਕਿ ਅਸੀਂ ਸਿੰਧ ਘਾਟੀ ਦੀ ਸਭਿਅਤਾ ਦੇ ਵਰਣਨ ਵਿੱਚ ਪੜ੍ਹਦੇ ਆਏ ਹਾਂ -ਲੋਕ ਵਧੀਆ ਮਕਾਨਾਂ ਵਿੱਚ ਰਹਿੰਦੇ ਸਨ ਪਰ ਵਪਾਰੀ ਬਿਰਤੀ ਦੇ ਹੋ ਗਏ ਸਨ, ਦਾਸ ਰਖਦੇ ਸਨ ਅਤੇ ਵਸਤਾਂ ਦਾ ਵਟਾਂਦਰਾ ਕਰਨ ਆਉਂਦੇ ਆਰੀਆਂ ਨੂੰ ਉਹ ਮੂਰਖ ਅਤੇ ਨੀਵੇਂ ਸਮਝਦੇ ਸਨ। ਸੋ ਹਿਤਾਂ ਦੇ ਟਕਰਾਉਣ 'ਤੇ ਯੁੱਧ ਹੁੰਦਾ ਹੈ ਅਤੇ ਘੋੜ ਸਵਾਰ ਆਰੀਆ ਉਨ੍ਹਾਂ ਨੂੰ ਕੁਚਲ ਦਿੰਦੇ ਹਨ।

ਅਗਲੀਆਂ ਕੁੱਝ ਕਥਾਵਾਂ ਵਿੱਚ ਆਰੀਆਂ ਅਤੇ ਸਥਾਨਕ ਲੋਕਾਂ ਦੇ ਆਪਸੀ ਮੇਲ ਕਾਰਣ ਆਰੀਆਂ ਵਿੱਚ ਵੀ ਦਾਸ ਬਨਾਉਣ, ਜਨ ਦੇ ਆਗੂ ਵੱਲੋਂ ਸਾਰੀਆਂ ਤਾਕਤਾਂ ਆਪਣੇ ਹੱਥ ਵਿੱਚ ਕਰ ਕੇ ਰਾਜਾ ਬਣਨ, ਔਰਤਾਂ ਨੂੰ ਸਮਜਿਕ-ਰਾਜਨੀਤਕ ਜੀਵਨ ਵਿਚੋਂ ਬਾਹਰ ਕਰਨ ਵਰਗੇ ਰੁਝਾਨਾਂ ਦਾ ਵਰਣਨ ਹੈ। ਬਾਹਰੋਂ ਆਏ ਆਰੀਆਂ ਦੇ ਸਥਾਨਕ ਔਰਤਾਂ ਨਾਲ ਮੇਲ ਵਿਚੋਂ ਅਗਲੀਆਂ ਪੀੜ੍ਹੀਆਂ ਦੇ ਨੈਣ ਨਕਸ਼ ਵੀ ਬਦਲਣ ਲੱਗੇ, ਪੀਲੇ ਕੇਸ ਅਤੇ ਨੀਲੀਆਂ ਅੱਖਾਂ ਵਾਲਾ ਗੁਣ ਘਟਣ ਲੱਗਾ। ਆਰੀਆਂ ਦੇ ਪੁਰਾਣੇ ਬਜ਼ੁਰਗਾਂ ਨੇ ਰਵਾਇਤੀ ਪ੍ਰਬੰਧ ਅਤੇ ਖ਼ੂਨ ਦੀ ਸ਼ੁੱਧਤਾ ਕਾਇਮ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਪਰ ਇਤਿਹਾਸ ਦਾ ਆਪਣਾ ਵਹਿਣ ਹੁੰਦਾ ਹੈ, ਜਿਸ ਨੂੰ ਉਸ ਦੌਰ ਦੀਆਂ ਪਦਾਰਥਕ ਹਾਲਤਾਂ ਤੈਅ ਕਰਦੀਆਂ ਹਨ, ਇਹ ਕੁੱਝ ਵਿਅਕਤੀਆਂ ਦੀਆਂ ਇੱਛਾਵਾਂ ਦਾ ਮੁਥਾਜ ਨਹੀਂ ਹੁੰਦਾ।

ਇਸ ਲੜੀ ਵਿੱਚ ਅੱਠਵੀਂ ਕਥਾ ਕਾਫੀ ਮਹੱਤਵਪੂਰਨ ਹੈ ਜਿਸ ਦਾ ਕਾਲ 700 ਈ. ਪੂਰਵ, ਭਾਵ ਅੱਜ ਤੋਂ ਕੋਈ ਤਿੰਨ ਹਜ਼ਾਰ ਸਾਲ ਪਹਿਲਾਂ ਦਾ ਮਿਥਿਆ ਗਿਆ ਹੈ। ਇਸ ਕਾਲ ਵਿੱਚ ਵੇਦਾਂ ਤੋਂ ਅੱਗੇ ਉਪਨਿਸ਼ਦ ਰਚੇ ਗਏ, ਨਿਰਾਕਾਰ ਬ੍ਰਹਮ ਦਾ ਸੰਕਲਪ ਘੜਿਆ ਗਿਆ ਅਤੇ ਪੁਨਰ-ਜਨਮ ਦੀ ਮਿੱਥ ਸਥਾਪਤ ਕੀਤੀ ਗਈ। ਅਜਿਹੇ ਸੰਕਲਪ ਕਿਉਂ ਅਤੇ ਕਿਵੇਂ ਘੜ੍ਹੇ ਗਏ ਇਸ ਬਾਰੇ ਇੱਕ ਵਿਦਵਾਨ ਆਪਣੀ ਔਰਤ ਸਾਥਣ ਨਾਲ ਇਉਂ ਗੱਲਬਾਤ ਕਰਦਾ ਦਿਖਾਇਆ ਹੈ

"....ਅਸੀਂ ਜੱਗ ਕਰਦੇ ਹਾਂ ਅਤੇ ਬ੍ਰਾਹਮਣਾਂ ਨੂੰ ਦਾਨ ਦੱਖਣਾ ਦਿੰਦੇ ਹਾਂ। ਇਹ ਇਸ ਲਈ ਕਿ ਜਨਤਾ ਦੇਵਤਿਆਂ ਦੀ ਅਲੌਕਿਕ ਸ਼ਕਤੀ ਉੱਪਰ ਵਿਸ਼ਵਾਸ ਕਰੇ। ਤੇ ਇਹ ਵੀ ਸਮਝੇ ਕਿ ਅਸੀਂ ਜੋ ਇਹ ਖੁਸ਼ਬੂਦਾਰ ਚੌਲ, ਵੱਛਿਆਂ ਦੇ ਨਰਮ ਮਾਸ ਦੀ ਤਰੀ, ਮਹੀਨ ਵਸਤਰ ਅਤੇ ਮੋਤੀਆਂ ਜੜੇ ਗਹਿਣੇ ਹੰਢਾਉਂਦੇ ਹਾਂ, ਇਹ ਸਭ ਦੇਵਤਿਆਂ ਦੀ ਕਿਰਪਾ ਨਾਲ ਹੈ।"

"ਤਾਂ ਕੀ ਪੁਰਾਣੇ ਦੇਵਤੇ ਹੀ ਕਾਫੀ ਨਹੀਂ ਸਨ, ਹੁਣ ਇਸ ਨਵੇਂ ਬ੍ਰਹਮ ਦੀ ਕੀ ਲੋੜ ਪੈ ਗਈ?"

"ਪੀੜ੍ਹੀਆਂ ਤੋਂ ਕਿਸੇ ਨੇ ਇੰਦਰ, ਵਰੁਣ, ਬ੍ਰਹਮਾ ਨੂੰ ਨਹੀਂ ਵੇਖਿਆ। ਹੁਣ ਬਹੁਤਿਆਂ ਦੇ ਮਨ ਵਿੱਚ ਸ਼ੱਕ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ।"

"ਤਾਂ ਕੀ ਬ੍ਰਹਮ ਵਿੱਚ ਸ਼ੱਕ ਨਹੀਂ ਹੋਵੇਗਾ?"

" ਬ੍ਰਹਮ ਦਾ ਸਰੂਪ ਹੀ ਮੈਂ ਅਜੇਹਾ ਘੜਿਆ ਹੈ ਕਿ ਕੋਈ ਵੀ ਉਸਨੂੰ ਵੇਖਣ ਦੀ ਮੰਗ ਨਹੀਂ ਕਰੇਗਾ। ਅਜੇਹੀ ਧਾਰਨਾ ਜੋ ਕਿ ਅਸਮਾਨ ਦੀ ਤਰ੍ਹਾਂ ਹੀ ਵੇਖਣ-ਸੁਣਨ ਦੀ ਚੀਜ਼ ਨਹੀਂ, ਜੋ ਇਥੇ ਉਥੇ ਸਭ ਜਗ੍ਹਾ ਹੈ, ਉਸਨੂੰ ਵੇਖਣ ਦਾ ਸਵਾਲ ਹੀ ਕਿਵੇਂ ਉੱਠ ਸਕਦਾ ਹੈ? ਸਵਾਲ ਤਾਂ ਉਨ੍ਹਾਂ ਸਾਕਾਰ ਦੇਵਤਿਆਂ ਨੂੰ ਵੇਖਣ ਦੇ ਉਠਦੇ ਸਨ।........ ਪਰ ਲੋਪਾ! ਇਸ ਬ੍ਰਹਮ ਤੋਂ ਵੀ ਵੱਧ ਕੇ ਮੇਰੀ ਇੱਕ ਹੋਰ ਕਾਢ ਹੈ।"

"ਕੀ?"

"ਮਰ ਕੇ ਇਸ ਦੁਨੀਆ ਵਿੱਚ ਆਉਣਾ ਪੁਨਰ ਜਨਮ। ਇਹ ਸਭ ਤੋਂ ਕੰਮ ਦਾ ਫੰਦਾ ਹੈ।" ....."ਲੋਪਾ! ਮੈਂ ਤੇ ਤੂੰ ਨਹੀਂ ਰਹਾਂਗੇ, ਪਰ ਉਹ ਸਮਾਂ ਆਵੇਗਾ ਜਦੋਂ ਸਾਰੀ ਗਰੀਬ ਜਨਤਾ ਇਸ ਪੁਨਰ-ਜਨਮ ਦੇ ਭਰੋਸੇ ਜ਼ਿੰਦਗੀ ਦੀ ਸਾਰੀ ਕੜਵਾਹਟ, ਕਸ਼ਟ ਅਤੇ ਅਨਿਆਂ ਸਹਿਣ ਲਈ ਤਿਆਰ ਹੋਵੇਗੀ।"

ਇਨ੍ਹਾਂ ਤੋਂ ਬਾਅਦ ਦੀਆਂ ਕਥਾਵਾਂ ਵਿੱਚ ਰਾਜਨੀਤਕ ਤਬਦੀਲੀਆਂ, ਛੋਟੇ ਰਾਜਾਂ ਨੂੰ ਖਤਮ ਕਰ ਕੇ ਵੱਡੇ ਸਾਮਰਾਜ ਬਣਨਾ, ਯੂਨਾਨੀਆਂ, ਮੁਸਲਮਾਨਾਂ ਅਤੇ ਫਿਰ ਅੰਗਰੇਜ਼ਾਂ ਦੇ ਆਉਣ ਦੇ ਵਰਣਨ ਹਨ। ਰਾਜਨੀਤਕ ਤਬਦੀਲੀਆਂ ਤੋਂ ਬਿਨ੍ਹਾਂ ਇਨ੍ਹਾਂ ਕਹਾਣੀਆਂ ਰਾਹੀਂ ਰਾਹੁਲ ਜੀ ਨੇ ਸਮਾਜਿਕ ਤਬਦੀਲੀਆਂ ਅਤੇ ਨਵੀਂਆਂ ਰੀਤੀਆਂ ਅਤੇ ਧਾਰਮਿਕ ਮਾਨਤਾਵਾਂ ਦੇ ਬਣਨ ਅਤੇ ਵਿਗਸਣ ਦਾ ਬਾਖੂਬੀ ਚਿਤ੍ਰਣ ਕੀਤਾ ਹੈ। ਇਨ੍ਹਾਂ ਕਥਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਕਿਵੇਂ ਪਹਿਲਾਂ ਗਊ ਮਾਸ ਸਮੇਤ ਕਿਸੇ ਤਰ੍ਹਾਂ ਦੇ ਮਾਸ ਖਾਣ 'ਤੇ ਪਾਬੰਦੀ ਨਹੀਂ ਸੀ ਅਤੇ ਬ੍ਰਾਹਮਣ ਵਰਗ ਵਿੱਚ ਵੀ ਇਹ ਖਾਣਾ ਪ੍ਰਚਲਿਤ ਸੀ ਪਰ ਚੌਥੀ-ਪੰਜਵੀਂ ਸਦੀ ਵਿੱਚ ਗਊ ਮਾਸ ਖਾਣਾ ਪਾਪ ਬਣਾ ਦਿੱਤਾ ਗਿਆ ਜਿਸ ਦੇ ਕਈ ਭੌਤਿਕ ਅਤੇ ਆਰਥਿਕ ਕਾਰਣ ਸਨ। ਇਸ ਪੁਸਤਕ ਦੀ ਆਖਰੀ ਕਥਾ 'ਸੁਮੇਰ' ਦਾ ਸਮਾਂ ਸੰਨ 1942 ਹੈ ਜਦ ਦੂਜੀ ਸੰਸਾਰ ਜੰਗ ਵਿੱਚ ਜਰਮਨੀ ਸੋਵੀਅਤ ਰੂਸ ਉੱਤੇ ਹਮਲਾ ਕਰ ਦਿੰਦਾ ਹੈ ਅਤੇ ਦੁਨੀਆ ਭਰ ਦੇ ਕਮਿਊਨਿਸਟ ਸੋਵੀਅਤ ਯੂਨੀਅਨ ਦੇ ਹੱਕ ਵਿੱਚ ਫੈਸਲੇ ਲੈ ਲੈਂਦੇ ਹਨ। ਤਦ ਇਸ ਕਥਾ ਦਾ ਪਾਤਰ ਸੁਮੇਰ ਵੀ ਜਰਮਨੀ ਖਿਲਾਫ਼ ਲੜ੍ਹਨ ਲਈ ਹਵਾਈ ਫੌਜ ਵਿੱਚ ਭਰਤੀ ਹੋ ਕੇ ਸ਼ਹੀਦੀ ਪ੍ਰਾਪਤ ਕਰ ਲੈਂਦਾ ਹੈ।

ਇਸ ਤਰ੍ਹਾਂ ਇਸ ਪੁਸਤਕ ਵਿੱਚ ਆਰੀਆਂ ਦੇ ਮੱਧ-ਏਸ਼ੀਆ ਵੱਲੋਂ ਚੱਲ ਕੇ ਭਾਰਤ ਵਿੱਚ ਆਉਣ ਅਤੇ ਇੱਥੇ ਸਥਾਪਿਤ ਹੋਣ ਦੇ ਅੱਠ ਹਜ਼ਾਰ ਸਾਲਾਂ ਦਾ ਇਤਿਹਾਸ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਬਹੁਤ ਖ਼ੂਬਸੂਰਤ ਢੰਗ ਨਾਲ ਬਿਆਨਿਆ ਗਿਆ ਹੈ। ਪੰਜਾਬੀ ਵਿੱਚ ਇਹ ਪੁਸਤਕ ਦੋ ਵਾਰੀ ਅਨੁਵਾਦ ਹੋਈ ਹੈ ਇੱਕ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ ਜਿਸ ਦੀ ਕੀਮਤ 300 ਰੁਪਏ ਹੈ, ਜਦ ਕਿ ਦੂਸਰਾ ਅਨੁਵਾਦ ਕੰਵਲ ਧਾਲੀਵਾਲ ਵੱਲੋਂ ਕੀਤਾ ਗਿਆ ਜੋ ਗੁਰਦੇਵ ਫਾਊਂਡੇਸ਼ਨ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। 333 ਪੰਨਿਆਂ ਦੀ ਇਸ ਪੁਸਤਕ ਦੀ ਕੀਮਤ ਕੇਵਲ 200 ਰੁਪਏ ਰੱਖੀ ਗਈ ਹੈ। **- 98767 10809**

### ਸੋਧ

ਤਰਕਸ਼ੀਲ (ਮਈ -ਜੂਨ) 2022 ਵਿੱਚ 51 ਪੰਨੇ 'ਤੇ ਭਾਰਤੀ ਮਜ਼ਦੂਰ ਸਭਾ Coventry ਦੇ ਸਾਥੀਆਂ ਦੀ ਛਪੀ ਆਰਥਿਕ ਸਹਾਇਤਾ ਵਿੱਚ 'ਡਾਲਰ' ਸ਼ਬਦ ਨੂੰ 'ਪੌਂਡ' ਪੜ੍ਹਿਆ ਜਾਵੇ ਜੀ।

## ਦਿਨ .... ਜੋ ਇਤਿਹਾਸ ਬਣੇ

1 **ਜੁਲਾਈ** : ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜ਼ਨ ਵਾਇਲੀ ਦੀ ਲੰਡਨ ਵਿਚ ਗੋਲੀਆਂ ਮਾਰ ਕੇ ਹੱਤਿਆ (1909)

6 **ਜੁਲਾਈ** : ਲੂਈ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਦੇ ਟੀਕੇ ਦੀ ਈਜ਼ਾਦ (1885)

11 **ਜੁਲਾਈ** : ਵਿਸ਼ਵ ਜਨਸੰਖਿਆ ਦਿਵਸ

13 **ਜੁਲਾਈ** : ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)

16 **ਜੁਲਾਈ** : ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀ ਤੋਂ ਉਡਾਣ (1969)

17 **ਜੁਲਾਈ** : ਪੰਜਾਬ ਰਿਆਸਤੀ ਪਰਜਾ ਮੰਡਲ ਦੀ ਸਥਾਪਨਾ (1928)

18 **ਜੁਲਾਈ** : ਜੀਵ ਸੈੱਲ ਸਿਧਾਂਤ ਦੇ ਖ਼ੋਜੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)

20 **ਜੁਲਾਈ** : ਚੰਦ ਉੱਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)

23 **ਜੁਲਾਈ** : ਚੰਦਰ ਸ਼ੇਖਰ ਆਜ਼ਾਦ ਦਾ ਜਨਮ (1906)

31 **ਜੁਲਾਈ** : ਸ਼ਹੀਦ ਊਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)

5 **ਅਗਸਤ** : ਚੰਦ 'ਤੇ ਪਹਿਲਾ ਪੈਰ ਧਰਨ ਵਾਲੇ ਨੀਲ ਆਰਮਸਟਰੌਂਗ ਦਾ ਜਨਮ (1930)

6 **ਅਗਸਤ** : ਪ੍ਰਮਾਣੂ ਬੰਬ ਵਿਰੋਧੀ ਦਿਵਸ

11 **ਅਗਸਤ** : ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)

13 **ਅਗਸਤ** : ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਤਰੋ ਦਾ ਜਨਮ (1926)

17 **ਅਗਸਤ** : ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿਚ ਫਾਂਸੀ (1909)

18 **ਅਗਸਤ** : ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿਚ ਸੰਭਾਵੀ ਮੌਤ (1945)

23 **ਅਗਸਤ** : ਪਥਰਾਟ ਵਿਗਿਆਨੀ ਜਾਰਜ ਕੂਵੀਅਰ ਦਾ ਜਨਮ (1769)

29 **ਅਗਸਤ** : ਕੌਮੀ ਖੇਡ ਦਿਵਸ

# ਆਓ ਵਿਗਿਆਨਕ ਕਾਰਣ ਜਾਣੀਏ



**ਰਣਧੀਰ ਗਿੱਲਪੱਤੀ**

ਵਿਦਿਆਰਥੀ ਦੋਸਤੋ, ਉਮੀਦ ਕਰਦੇ ਹਾਂ ਕਿ ਤੁਸੀਂ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਖੁਸ਼ੀ ਖੁਸ਼ੀ ਮਾਣੀਆਂ ਹੋਣਗੀਆਂ। ਆਓ ਇੱਕ ਵਾਰ ਫਿਰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਾਪਰਦੇ ਵਰਤਾਰਿਆਂ ਨੂੰ ਵਿਗਿਆਨਕ ਨਜ਼ਰੀਏ ਤੋਂ ਵਾਚਣ ਦਾ ਯਤਨ ਕਰੀਏ ਅਤੇ ਪਹਿਲਾਂ ਹੀ ਚੱਲ ਰਹੀ ਵਿਚਾਰ ਚਰਚਾ ਦੀ ਲੜੀ ਨੂੰ ਅੱਗ ਤੋਰੀਏ।

**ਕਈ ਲੋਕ ਉਬਲਦੇ ਤੇਲ ਵਿੱਚ ਹੱਥ ਪਾ ਲੈਂਦੇ ਹਨ ਪਰ ਹੱਥ ਜਲਦੇ ਨਹੀਂ, ਕਿਉਂ ?**

ਜੇ ਤੁਹਾਡੇ ਸਰੀਰ ਦੇ ਕਿਸੇ ਅੰਗ ’ਤੇ ਉਬਲਦਾ ਪਾਣੀ ਪੈ ਜਾਵੇ ਤਾਂ ਕੀ ਹੋਵੇਗਾ ? ਸਪਸ਼ਟ ਹੈ ਕਿ ਉਬਲਦਾ ਪਾਣੀ ਪੈਣ ਨਾਲ ਚਮੜੀ ਵਿੱਚ ਤਿੱਖੀ ਜਲਨ ਹੋਵੇਗੀ ਤੇ ਜੇ ਤੁਰੰਤ ਜਲੇ ਹੋਏ ਅੰਗ ਨੂੰ ਠੰਢੇ ਪਾਣੀ ਵਿੱਚ ਨਾ ਡਬੋਇਆ ਜਾਵੇ ਤਾਂ ਚਮੜੀ ’ਤੇ ਛਾਲੇ ਜਾਂ ਫਫੋਲੇ ਬਣ ਜਾਣਗੇ। ਪਰ ਜੇਕਰ ਕੋਈ ਬਿਨ੍ਹਾਂ ਚਮੜੀ ਦੇ ਜਲਣ ਦੇ ਉਬਲਦੇ ਤੇਲ ਵਿੱਚ ਹੱਥ ਪਾ ਕੇ ਕਰਾਮਾਤ ਦਿਖਾਉਣ ਦਾ ਦਾਅਵਾ ਕਰੇ ਤਾਂ ਕੀ ਤੁਸੀਂ ਇਸ ਨੂੰ ਸੱਚ ਮੰਨੋਗੇ ? ਸਪਸ਼ਟ ਹੈ ਕਿ ਤੁਹਾਡਾ ਜਵਾਬ ਨਾਂਹ ਵਿੱਚ ਹੋਵੇਗਾ, ਕਿਉਂਕਿ ਤੁਹਾਨੂੰ ਪਤਾ ਹੈ ਕਿ ਤੇਲ ਦਾ ਉਬਾਲ ਦਰਜਾ ਤਾਂ ਪਾਣੀ ਦੇ ਉਬਾਲ ਦਰਜੇ ਤੋਂ ਕਿਤੇ ਜ਼ਿਆਦਾ ਹੁੰਦਾ ਹੈ, ਇਸ ਲਈ ਚਮੜੀ ਦੇ ਬਿਨ੍ਹਾਂ ਜਲਣ ਦੇ ਉਬਲਦੇ ਤੇਲ ਵਿੱਚ ਹੱਥ ਪਾਉਣਾ ਸੰਭਵ ਨਹੀਂ ਹੈ। ਫਿਰ ਵੀ ਜੇਕਰ ਕੋਈ ਤੁਹਾਡੇ ਸਾਹਮਣੇ ਅਜਿਹਾ ਕਰਕੇ ਵਿਖਾਵੇ ਤਾਂ ਤੁਸੀਂ ਹੈਰਾਨ ਜ਼ਰੂਰ ਹੋਵੋਗੇ। ਉਮੀਦ ਕੀਤੀ ਜਾ ਸਕਦੀ ਹੈ ਕਿ ਤੁਸੀਂ ਪਿਛਲੇ ਲੰਬੇ ਸਮੇਂ ਤੋਂ ਵੱਖ-ਵੱਖ ਵਰਤਾਰਿਆਂ ਦੀ ਵਿਗਿਆਨਕ ਨਜ਼ਰੀਏ ਤੋਂ ਪਰਖ ਪੜਤਾਲ ਕਰਦੇ ਰਹੇ ਹੋਣ ਕਰਕੇ ਇਹ ਵੀ ਜਾਣ ਗਏ ਹੋਵੋਗੇ ਕਿ ਕੋਈ ਕਰਾਮਾਤ ਜਾਂ ਗੈਬੀ ਸ਼ਕਤੀ ਨਹੀਂ ਹੁੰਦੀ। ਤੁਸੀਂ ਇਹ ਵੀ ਸਿੱਖ ਲਿਆ ਹੈ ਕਿ ਪਰਖ ਪੜਤਾਲ ਕਰਕੇ ਸਬੂਤ ਹਾਸਿਲ ਕਰੇ ਬਿਨਾਂ ਕਿਸੇ ਦਾਅਵੇ ’ਤੇ ਯਕੀਨ ਨਹੀਂ ਕਰਨਾ। ਆਓ ਇੱਕ ਵਾਰ ਫਿਰ ਉਪਰੋਕਤ ਦਾਅਵੇ ਨੂੰ ਵਿਗਿਆਨ ਦੀ ਕਸਵੱਟੀ ’ਤੇ ਪਰਖੀਏ।

ਹੁਣ ਤੁਸੀਂ ਇਸ ਦਾਅਵੇ ਦੀ ਪਰਖ ਵਾਸਤੇ ਆਪਣੇ ਘਰੋਂ ਸਰ੍ਹੋਂ ਦਾ ਤੇਲ ਲਿਆ ਕੇ ਤੇ ਆਪਣੀ ਹਾਜ਼ਰੀ ਵਿੱਚ ਇਸ ਨੂੰ ਉਬਾਲ ਕੇ ਇਸ ਵਿੱਚ ਹੱਥ ਪਾਉਣ ਲਈ ਕਹੋ ਤਾਂ ਕਰਾਮਾਤ ਦਿਖਾਉਣ ਦਾ ਦਾਅਵੇਦਾਰ ਵਿਅਕਤੀ ਇਸ ਵਿੱਚ ਹੱਥ ਪਾਉਣ ਦਾ ਜੇਰਾ ਨਹੀਂ ਕਰੇਗਾ ਤੇ ਉਸਦੇ ਦਾਅਵੇ ਦੀ ਫੂਕ ਨਿੱਕਲ ਜਾਵੇਗੀ। ਆਓ ਦੇਖੀਏ ਕਿ ‘ਕਰਾਮਾਤ’ ਦਿਖਾਉਣ ਦਾ ਦਾਅਵੇਦਾਰ ਇਹ ‘ਕੌਤਕ’ ਕਰਦਾ ਕਿਵੇਂ ਹੈ ?

ਵਿਗਿਆਨ ਦੇ ਨਿਯਮ ਅਨੁਸਾਰ ਜੇ ਦੋ ਤਰਲਾਂ ਨੂੰ ਮਿਲਾ ਕੇ ਉਬਾਲਿਆ ਜਾਵੇ ਤਾਂ ਸਭ ਤੋਂ ਪਹਿਲਾਂ ਉਹ ਤਰਲ ਉਬਲਣ ਲੱਗੇਗਾ ਜਿਸ ਦਾ ਉਬਾਲ ਦਰਜਾ ਘੱਟ ਹੋਵੇਗਾ। ਉਸ ਤਰਲ ਦੇ ਖਤਮ ਹੋਣ ਤੋਂ ਬਾਅਦ ਹੀ ਦੂਜਾ ਤਰਲ ਆਪਣੇ ਇਸ ਨਾਲੋਂ ਉੱਚੇ ਉਬਾਲ ਦਰਜੇ ’ਤੇ ਪਹੁੰਚ ਕੇ ਉਬਲਣ ਲੱਗੇਗਾ। ਉਬਲਦੇ ਤੇਲ ’ਚ ਹੱਥ ਪਾਉਣ ਦਾ ਦਾਅਵੇਦਾਰ ਅਚੇਤ ਜਾਂ ਸਚੇਤ ਰੂਪ ਵਿੱਚ ਤਰਲਾਂ ਦੇ ਉਬਲਣ ਸੰਬੰਧੀ ਵਿਗਿਆਨ ਦੇ ਇਸ ਨਿਯਮ ਨੂੰ ਜਾਣਦਾ ਹੈ। ਦਰਅਸਲ ‘ਕਰਾਮਾਤ’ ਦੇ ਦਾਅਵੇਦਾਰ ਦਾ ਕੜਾਹੀ ਵਿੱਚ ਉਬਲ ਰਿਹਾ ਤੇਲ ਸਿਰਫ਼ ਸਰ੍ਹੋਂ ਦਾ ਤੇਲ ਹੀ ਨਹੀਂ ਹੈ। ਉਸਨੇ ਇਸ ਸਰ੍ਹੋਂ ਦੇ ਤੇਲ ਵਿੱਚ ਕਾਫ਼ੀ ਮਾਤਰਾ ਵਿੱਚ ਨਿੰਬੂ ਦਾ ਰਸ ਮਿਲਾਇਆ ਹੋਇਆ ਹੈ ਤੇ ਇਹ ਮਿਸ਼ਰਣ ਦੇਖਣ ਨੂੰ ਸਰ੍ਹੋਂ ਦੇ ਤੇਲ ਵਰਗਾ ਹੀ ਲਗਦਾ ਹੈ। ਨਿੰਬੂ ਦਾ ਰਸ ਸਿਟਰਸ ਨਾਮੀ ਤੇਜ਼ਾਬ ਦੇ ਗੁਣਾਂ ਨਾਲ ਭਰਪੂਰ ਹੁੰਦਾ ਹੈ ਜਿਸ ਦਾ ਉਬਾਲ ਦਰਜਾ ਸਿਰਫ਼ 60 ਦਰਜੇ ਸੈਲਸੀਅਸ ਦੇ ਕਰੀਬ ਹੁੰਦਾ ਹੈ। ਜਦੋਂ ਨਿੰਬੂ ਰਸ ਮਿਲੇ ਤੇਲ ਨੂੰ ਗਰਮ ਕੀਤਾ ਜਾਂਦਾ ਹੈ ਤਾਂ ਇਸ ਵਿਚਲਾ ਨਿੰਬੂ ਰਸ ਪਹਿਲਾਂ ਉਬਲਣ ਲਗਦਾ ਹੈ। ਦੇਖਣ ਵਾਲੇ ਨੂੰ ਇਉਂ ਲਗਦਾ ਹੈ ਜਿਵੇਂ ਸਰ੍ਹੋਂ ਦਾ ਤੇਲ ਹੀ ਉਬਲ ਰਿਹਾ ਹੋਵੇ। ‘ਕਰਾਮਾਤ’ ਦਾ ਦਾਅਵੇਦਾਰ ਇਸ ਤੇਲ ਵਿੱਚ ਹੱਥ ਪਾ ਕੇ ਦਰਸ਼ਕਾਂ ਨੂੰ ਅਚੰਭਿਤ ਕਰਦਾ ਹੈ। ਚਮੜੀ ਦੀ ਜ਼ਿਆਦਾ ਜਲਣ ਤੋਂ ਬਚਣ ਲਈ ਉਹ ਆਪਣੇ ਕੋਲ ਠੰਢੇ ਪਾਣੀ ਦਾ ਬਰਤਨ ਰਖਦਾ ਹੈ ਤੇ ਹਰ ਵਾਰ ਤੇਲ ਵਿੱਚ ਹੱਥ ਪਾਉਣ ਤੋਂ ਬਾਅਦ ਉਹ ਤੁਰੰਤ ਆਪਣੇ ਹੱਥ ਨੂੰ ਠੰਢੇ ਪਾਣੀ ਵਿੱਚ ਡੁਬੋ ਦਿੰਦਾ ਹੈ। ਉਸਦੀ ਇਸ ‘ਕਰਾਮਾਤ’ ਨਾਲ ਵਿਗਿਆਨਕ ਨਿਯਮਾਂ ਤੋਂ ਅਣਜਾਣ ਲਾਈਲੱਗ ਲੋਕ ਉਸਨੂੰ ਗੈਬੀ ਸ਼ਕਤੀ ਵਾਲਾ ਮੰਨ ਕੇ ਆਪਣੀ ਲੁੱਟ ਕਰਵਾ ਬਹਿੰਦੇ ਹਨ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁੰਨ ਵੀ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸ਼ਾਂ ਦੇ ਵਿਰੁੱਧ ਚਲਾਈ ਮੁਹਿੰਮ ਦੇ ਦੌਰਾਨ ਅਕਸਰ ਇਸ ਕਿਸਮ ਦਾ ਪ੍ਰਦਰਸ਼ਨ ਕਰਕੇ ਗਿਆਨ ਵਿਹੂਣੀ

ਲੋਕਾਈ ਨੂੰ ਜਾਗਰਿਤ ਕਰਨ ਦਾ ਕੰਮ ਕਰਦੇ ਰਹਿੰਦੇ ਹਨ।

**ਉਬਲਦੇ ਪਾਣੀ ਦੇ ਮੁਕਾਬਲੇ ਭਾਫ਼ ਜਿਆਦਾ ਜਲਣ ਪੈਦਾ ਕਰਦੀ ਹੈ, ਕਿਉਂ ?**

...ਦੋਸਤੋ, ਤੁਸੀਂ ਖ਼ੁਦ ਰਸੋਈ ਦੇ ਕੰਮ ਵਿੱਚ ਹੱਥ ਵਟਾਉਂਦੇ ਹੋਏ ਕਈ ਵਾਰ ਅਨੁਭਵ ਕੀਤਾ ਹੋਵੇਗਾ ਕਿ ਉਬਲਦੇ ਪਾਣੀ ਦੇ ਮੁਕਾਬਲੇ ਭਾਫ਼ ਚਮੜੀ ਉੱਪਰ ਜ਼ਿਆਦਾ ਸਾੜ ਪੈਦਾ ਕਰਦੀ ਹੈ ਤੇ ਇਸਦੀ ਜਲਣ ਜ਼ਿਆਦਾ ਕਸ਼ਟਦਾਇਕ ਹੁੰਦੀ ਹੈ। ਚੁੱਲ੍ਹੇ 'ਤੇ ਰਿੱਝ ਰਹੀ ਸਬਜ਼ੀ ਆਦਿ ਦੇ ਢੱਕਣ 'ਚੋਂ ਨਿੱਕਲੀ ਭਾਫ਼ ਵੱਲੋਂ ਚਮੜੀ ਉੱਪਰ ਪੈਦਾ ਕੀਤਾ ਗਿਆ ਤਿੱਖਾ ਸਾੜ ਇਸ ਦੀ ਮਿਸਾਲ ਹੈ। ਇਸ ਲਈ ਰਸੋਈ ਵਿੱਚ ਕੰਮ ਕਰਦੀਆਂ ਔਰਤਾਂ ਭਾਫ਼ ਦੀ ਤਿੱਖੀ ਜਲਣ ਤੋਂ ਬਚਣ ਪ੍ਰਤੀ ਸੁਚੇਤ ਰਹਿੰਦੀਆਂ ਹਨ।ਆਓ ਦੇਖੀਏ ਇਸ ਵਰਤਾਰੇ ਦਾ ਵਿਗਿਆਨਕ ਕਾਰਣ ਕੀ ਹੈ ? ਅਸੀਂ ਜਾਣਦੇ ਹਾਂ ਕਿ ਸਮੁੰਦਰ ਦੀ ਸਤਾਹ 'ਤੇ ਸ਼ੁੱਧ ਪਾਣੀ 100 ਦਰਜੇ ਸੈਲਸੀਅਸ 'ਤੇ ਉਬਲਦਾ ਹੈ। ਜਦੋਂ ਇਸਨੂੰ ਹੋਰ ਜ਼ਿਆਦਾ ਗਰਮ ਕੀਤਾ ਜਾਂਦਾ ਹੈ ਤਾਂ ਇਹ ਭਾਫ਼ ਦੇ ਰੂਪ ਵਿੱਚ ਗੈਸੀ ਸ਼ਕਲ ਧਾਰਣ ਕਰਨ ਲਗਦਾ ਹੈ। ਪਾਣੀ ਦੇ ਭਾਫ਼ ਦੇ ਰੂਪ ਵਿੱਚ ਬਦਲਣ ਦੌਰਾਨ ਉਬਾਲ ਰਹੇ ਪਾਣੀ ਦਾ ਤਾਪਮਾਨ ਤਾਂ ਉਨੀ ਦੇਰ 100 ਦਰਜੇ ਸੈਲਸੀਅਸ ਉਪਰ ਹੀ ਸਥਿਰ ਰਹਿੰਦਾ ਹੈ ਜਿੰਨੀ ਦੇਰ ਸਾਰਾ ਪਾਣੀ ਭਾਫ਼ ਨਹੀਂ ਬਣ ਜਾਂਦਾ। ਪਰ ਇਸਦੇ ਭਾਫ਼ ਵਿੱਚ ਬਦਲਣ ਦੀ ਕਿਰਿਆ ਦੌਰਾਨ ਮਿਲੀ ਵਾਧੂ ਊਰਜਾ (ਤਾਪਮਾਨ) ਭਾਫ਼ ਵਿੱਚ ਹੀ ਜਜ਼ਬ ਹੁੰਦੀ ਰਹਿੰਦੀ ਹੈ। ਇਸ ਲਈ ਉਬਲਦੇ ਪਾਣੀ ਦੀ ਨਿਸਬਤ ਭਾਫ਼ ਜ਼ਿਆਦਾ ਗਰਮ ਹੁੰਦੀ ਹੈ ਤੇ ਜ਼ਿਆਦਾ ਜਲਣ ਪੈਦਾ ਕਰਦੀ ਹੈ।

**ਗੁਰੂਤਾ ਨਿਯਮ ਦੇ ਉਲਟ ਅੱਗ ਦੀ ਲਾਟ ਉਪਰ ਵੱਲ ਉਠਦੀ ਹੈ, ਕਿਉਂ ?**

...ਦੋਸਤੋ ਅਸੀਂ ਜਾਣਦੇ ਹਾਂ ਕਿ ਸੰਸਾਰ ਪ੍ਰਸਿੱਧ ਭੌਤਿਕ ਵਿਗਿਆਨੀ ਨਿਊਟਨ ਵੱਲੋਂ ਖੋਜੇ ਗਏ ਸਰਵਵਿਆਪੀ ਗੁਰੂਤਾ ਨਿਯਮ ਅਨੁਸਾਰ ਪ੍ਰਿਥਵੀ ਉੱਪਰ ਮੌਜੂਦ ਸਾਰੀਆਂ ਵਸਤਾਂ ਇਸਦੇ ਕੇਂਦਰ ਵੱਲ ਖਿਚੀਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਪ੍ਰਿਥਵੀ ਦਾ ਵਾਯੂਮੰਡਲ ਵੀ ਇਸੇ ਗੁਰੂਤਾ ਖਿੱਚ ਕਾਰਣ ਇਸ ਦੇ ਦੁਆਲੇ ਲਿਪਟਿਆ ਹੋਇਆ ਹੈ। ਪਰ ਅਸੀਂ ਦੇਖਦੇ ਹਾਂ ਕਿ ਜਲਦੀ ਹੋਈ ਮੋਮਬੱਤੀ, ਲੈਂਪ ਜਾਂ ਖੱਲ੍ਹੇ ਵਿੱਚ ਮਚਦੀ ਅੱਗ ਦੀ ਲਾਟ ਉੱਪਰ ਵੱਲ ਉਠਦੀ ਰਹਿੰਦੀ ਹੈ ਜਦਕਿ ਗੁਰੂਤਾ ਨਿਯਮ ਅਨੁਸਾਰ ਇਸਨੂੰ ਹੇਠਾਂ ਵੱਲ ਆਉਣਾ ਚਾਹੀਦਾ ਸੀ। ਆਓ ਦੇਖੀਏ ਕਿਤੇ ਅੱਗ ਦੀ ਲਾਟ ਇਸ ਨਿਯਮ ਨੂੰ ਮੰਨਣ ਤੋਂ ਇਨਕਾਰੀ ਤਾਂ ਨਹੀਂ। ਬਿਲਕੁਲ ਨਹੀਂ, ਅਜਿਹਾ ਹੋ ਹੀ ਨਹੀਂ ਸਕਦਾ। ਦਰਅਸਲ ਗੱਲ ਇਹ ਹੈ ਕਿ ਜਦੋਂ ਜਗਦੀ ਮੋਮਬੱਤੀ ਜਾਂ ਲੈਂਪ ਦੀ ਲਾਟ 'ਤੇ ਜਾਂ ਫਿਰ ਖੱਲ੍ਹੇ ਵਿੱਚ ਅੱਗ ਬਲਦੀ ਹੈ ਤਾਂ ਇਸਦੇ ਦੁਆਲੇ ਦੀ ਹਵਾ ਗਰਮ ਹੋ ਕੇ ਹਲਕੀ ਹੁੰਦੀ ਹੋਈ ਉੱਪਰ ਵੱਲ ਉਠ ਜਾਂਦੀ ਹੈ ਤੇ ਲਾਟ ਦੇ ਦੁਆਲੇ ਘੱਟ ਦਬਾਅ ਵਾਲਾ ਖੇਤਰ ਸਿਰਜ ਦਿੰਦੀ ਹੈ। ਇਸ ਘੱਟ ਦਬਾਅ ਵਾਲੇ ਖੇਤਰ ਨੂੰ ਪੂਰਣ ਵਾਸਤੇ ਪਾਸਿਆਂ ਤੋਂ ਵੱਧ ਦਬਾਅ ਵਾਲੇ ਖੇਤਰ ਦੀ ਹਵਾ ਅੱਗ ਦੀ ਲਾਟ ਵੱਲ ਵਹਿੰਦੀ ਹੈ ਜੋ ਇਸਨੂੰ ਹੇਠਾਂ ਤੋਂ ਉਪਰ ਵੱਲ ਚੁਕਦੀ ਹੈ। ਫਿਰ ਇਹ ਹਵਾ ਵੀ ਗਰਮ ਹੋ ਕੇ ਘੱਟ ਦਬਾਅ ਵਾਲਾ ਖੇਤਰ ਬਣਾ ਦਿੰਦੀ ਹੈ ਤੇ ਇਸਦੀ ਥਾਂ ਲੈਣ ਵਾਸਤੇ ਪਾਸਿਆਂ ਤੋਂ ਹੋਰ ਹਵਾ ਵਹਿੰਦੀ ਰਹਿੰਦੀ ਹੈ ਤੇ ਗਰਮ ਹੋਈ ਹਵਾ ਸਮੇਤ ਲਾਟ ਨੂੰ ਉਪਰ ਵੱਲ ਚੁੱਕਦੀ ਹੈ। ਇਸ ਪ੍ਰਕਾਰ ਇਸ ਕ੍ਰਿਆ ਦੀ ਇਹ ਲਗਾਤਾਰਤਾ ਬਣੀ ਰਹਿੰਦੀ ਹੈ ਤੇ ਲਾਟ ਉਪਰ ਵੱਲ ਨੂੰ ਉਠਦੀ ਰਹਿੰਦੀ ਹੈ। ਗਰਮੀ ਦੇ ਦਿਨਾਂ ਵਿੱਚ ਇਹ ਕ੍ਰਿਆ ਕਿਸੇ ਖੇਤਰ ਦੀ ਗਰਮ ਹੋ ਕੇ ਹਲਕੀ ਹੋਈ ਹਵਾ ਨਾਲ ਵੀ ਵਾਪਰਦੀ ਹੈ। ਕਿਸੇ ਖੇਤਰ ਦਾ ਤਾਪਮਾਨ ਜ਼ਿਆਦਾ ਵਧਣ ਕਾਰਣ ਇੱਥੋਂ ਦੀ ਹਵਾ ਵੀ ਗਰਮ ਹੋ ਕੇ ਫੈਲਦੀ ਹੈ ਤੇ ਹਲਕੀ ਹੋਣ ਕਾਰਨ ਉੱਪਰ ਉਠਣ ਲਗਦੀ ਹੈ। ਇਸ ਤਰ੍ਹਾਂ ਪੈਦਾ ਹੋਏ ਘੱਟ ਦਬਾਅ ਵਾਲੇ ਖੇਤਰ ਨੂੰ ਪੂਰਣ ਵਾਸਤੇ ਮੁਕਾਬਲਤਨ ਵੱਧ ਦਬਾਅ ਵਾਲੇ ਜ਼ੋਨ ਤੋਂ ਹਵਾ ਘੱਟ ਦਬਾਅ ਵਾਲੇ ਖੇਤਰ ਵੱਲ ਚਲਦੀ ਹੈ ਤੇ ਗਰਮ ਹੋਈ ਹਲਕੀ ਹਵਾ ਨੂੰ ਹੋਰ ਉਪਰ ਉਠਾ ਦਿੰਦੀ ਹੈ। ਪਰ ਹਵਾ ਅਦਿੱਖ ਹੋਣ ਕਾਰਣ ਇਹ ਕ੍ਰਿਆ ਸਾਨੂੰ ਦਿਖਾਈ ਨਹੀਂ ਦਿੰਦੀ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਚੁਫੇਰੇ ਦੇ ਵੱਧ ਦਬਾਅ ਵਾਲੇ ਖੇਤਰਾਂ ਦੇ ਕਈ ਪਾਸਿਆਂ ਤੋਂ ਹਵਾ ਧਾਅ ਕੇ ਘੱਟ ਦਬਾਅ ਵਾਲੇ ਖੇਤਰ ਵੱਲ ਆਉਂਦੀ ਹੈ ਤੇ ਇੱਕ ਘੁਮੇਰ 'ਚ ਘੁੰਮਦੀ ਹੋਈ ਵਰੋਲੇ ਦਾ ਰੂਪ ਧਾਰਣ ਕਰ ਲੈਂਦੀ ਹੈ। ਵਰੋਲੇ ਵਿੱਚ ਉਪਰ ਉਠਦੀ ਗਰਮ ਤੇ ਹਲਕੀ ਹਵਾ ਆਪਣੇ ਨਾਲ ਮਿੱਟੀ ਘੱਟੇ ਤੇ ਹਲਕੇ ਤਿਣਕਿਆਂ ਨੂੰ ਵੀ ਉਪਰ ਉਠਾ ਕੇ ਲੈ ਜਾਂਦੀ ਹੈ ਤੇ ਇਸ ਵਰਤਾਰੇ ਨੂੰ ਦਿਸਣਯੋਗ ਬਣਾ ਦਿੰਦੀ ਹੈ।

98556-56156

**ਵਿਗਿਆਨਕ ਸੋਚ**

"ਭਲਾ ਚਾਹੁੰਣ ਵਾਲੇ ਕਿੰਨੇ ਵੀ ਸੱਚੇ-ਸੁੱਚੇ ਹੋਣ, ਇਹ ਸਮਾਜ ਦਾ ਕੁੱਝ ਨਹੀਂ ਸੰਵਾਰ ਸਕਦੇ। ਸਮਾਜਿਕ ਤਬਦੀਲੀ ਤਾਂ ਵਿਗਿਆਨਕ ਸੋਚ ਵਾਲੀ ਗਤੀਸ਼ੀਲ ਤਾਕਤ ਹੀ ਲਿਆ ਸਕਦੀ ਹੈ।"

– **ਸ਼ਹੀਦ ਭਗਤ ਸਿੰਘ**



# ਹਾਰਮੇਸਿਸ - ਮਰਜ਼ੀ ਨਾਲ ਸਹੇੜਿਆ ਤਣਾਅ

ਡਾ. ਸੁਰੇਸ਼ ਰਤਨ

(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂ ਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੁਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ: ਲੜੀ ਨੰਬਰ 25 ਤੇ 26 )

ਪਿਛਲੀ ਗੱਲਬਾਤ ਵਿਚ ਅਸੀਂ ਦੋ ਲਫਜਾਂ ਦੀ ਵਧੇਰੇ ਵਰਤੋਂ ਕਰਦੇ ਆਏ ਹਾਂ- ਇਕ ਲਫਜ਼ ਹੈ-ਹਾਰਮੇਸਿਸ (Hormesis) ਅਤੇ ਦੂਜਾ ਹਾਰਮੇਟਿਨ (Hormetin)। ਅੱਜ ਅਸੀਂ ਆਪਣੀ ਗੱਲਬਾਤ ਨੂੰ, ਇਸੇ ਸੰਦਰਭ ਵਿਚ ਅੱਗੇ ਵਧਾਵਾਂਗੇ। ਛੋਟੇ ਪੱਧਰ 'ਤੇ ਕੋਈ ਤਣਾਅ ਜੇ ਸਾਡੇ ਸਰੀਰ ਲਈ ਲਾਹੇਵੰਦ ਸਾਬਤ ਹੋਵੇ ਤਾਂ ਇਸ ਵਰਤਾਰੇ ਨੂੰ ਅਸੀਂ ਹਾਰਮੇਸਿਸ ਕਹਿੰਦੇ ਹਾਂ। ਜਿੰਨ੍ਹਾ ਪ੍ਰਸਥਿਤੀਆਂ ਵਿਚ ਹਾਰਮੇਸਿਸ ਹੁੰਦਾ ਹੈ, ਉਨ੍ਹਾਂ ਪ੍ਰਸਥਿਤੀਆਂ ਨੂੰ ਹਾਰਮੇਟਿਨ ਕਿਹਾ ਜਾਂਦਾ ਹੈ। ਕਸਰਤ ਇਸ ਦੀ ਇੱਕ ਵਧੀਆ ਉਦਾਹਰਣ ਹੈ। ਕਸਰਤ ਇਕ ਸਰੀਰਕ ਹਾਰਮੇਟਿਨ ਹੁੰਦੀ ਹੈ। ਕਸਰਤ ਕਰਨ ਨਾਲ ਪਹਿਲਾਂ ਤਾਂ ਸਾਡੇ ਸਰੀਰ ਵਿੱਚ ਇੱਕ ਪੱਧਰ 'ਤੇ ਟੁੱਟ-ਭੱਜ ਹੁੰਦੀ ਹੈ। ਪਰ ਇਸ ਟੁੱਟ-ਭੱਜ ਨੂੰ ਠੀਕ ਕਰਨ ਲਈ ਉਪਜੀਆਂ ਪ੍ਰੋਟੀਨਾਂ ਸਾਡੀ ਸਿਹਤ ਨੂੰ ਸਰੀਰਕ ਅਤੇ ਮਾਨਸਿਕ ਫਾਇਦਾ ਪਹੁੰਚਾਉਣ ਵਿਚ ਮਦਦਗਾਰ ਬਣਦੀਆਂ ਹਨ। ਅਸੀਂ ਜਾਨਣਾ ਚਾਹਾਂਗੇ ਕਿ ਵੱਖ ਵੱਖ ਤਰੀਕੇ ਦੇ ਤਣਾਅ, ਸਾਡੇ ਸਰੀਰ ਦੀ ਬਿਹਤਰੀ ਲਈ ਕਿਵੇਂ ਕਾਰਜਸ਼ੀਲ ਹੁੰਦੇ ਹਨ ? ਸਰੀਰ ਨੂੰ ਦਿੱਤੇ ਤਣਾਅ ਪ੍ਰਤੀ ਪ੍ਰਤੀਕਰਮ ਦੇ ਕਈ ਤਰੀਕੇ ਹੁੰਦੇ ਹਨ। ਜੇ ਸਾਡਾ ਸਰੀਰ ਤਣਾਅ ਪ੍ਰਤੀ ਆਮ ਨਾਲੋਂ ਕੁੱਝ ਵਧ ਪ੍ਰਤੀਕਰਮ ਲਈ ਪ੍ਰੇਰਿਤ ਹੋ ਜਾਵੇ ਤਾਂ ਉਸ ਦੇ ਹਾਰਮੈਟਿਕ ਹੋਣ ਦੀਆਂ ਸੰਭਾਵਨਾਵਾਂ ਵਧ ਹੁੰਦੀਆਂ ਹਨ। ਤਣਾਅ ਉਤਪੰਨ ਹੋਣ ਨਾਲ ਤਣਾਅ ਹਾਰਮੋਨ ਪੈਦਾ ਹੁੰਦੇ ਹਨ। ਪਰ ਅਸਲ ਵਿਚ ਤਣਾਅ ਪ੍ਰਤੀ ਪ੍ਰਤੀਕਰਮ ਦਾ ਆਧਾਰ ਸੈੱਲ ਦੇ ਅੰਦਰ ਹੁੰਦਾ ਹੈ। ਹਰ ਵੱਖਰੇ ਤਣਾਅ (ਜਿਵੇਂ ਸਰੀਰਕ, ਮਾਨਸਿਕ, ਤਾਪਮਾਨ, ਜਾਂ ਖੁਰਾਕ ਅਦਿ ਦਾ ਤਣਾਅ) ਪ੍ਰਤੀ ਸਰੀਰ ਵੱਖਰੀ ਪ੍ਰਤੀਕਿਰਿਆ ਦਿੰਦਾ ਹੈ। ਇਹ ਵੀ ਸਹੀ ਹੈ ਕਿ ਤਣਾਅ ਇੰਨ੍ਹਾ ਹਾਰਮੋਨਾਂ ਨੂੰ ਸਰੀਰ ਦੀ ਬਿਹਤਰੀ ਲਈ ਉਤੇਜਿਤ ਕਰਦਾ ਹੈ।

ਮਿਸਾਲ ਦੇ ਤੌਰ 'ਤੇ ਸਰੀਰਕ ਕਸਰਤ ਵੀ ਇਕ ਤਣਾਅ ਪ੍ਰਤੀਕਰਮ ਦਾ ਤਰੀਕਾ ਹੈ। ਕਸਰਤ ਕਰਨ ਨਾਲ ਤਾਪ ਉਪਜਦਾ ਹੈ, ਤਾਪ ਪ੍ਰੋਟੀਨ ਬਣਦੀਆਂ ਹਨ, ਫ੍ਰੀ ਰੈਡੀਕਲ ਬਣਦੇ ਹਨ, ਇੰਨ੍ਹਾ ਕਰਕੇ ਐਂਟੀਆਕਸੀਡੈਂਟ ਪ੍ਰਤੀਕਰਮ ਪੈਦਾ ਹੁੰਦਾ ਹੈ। ਇਹੀ ਪ੍ਰਤੀਕਰਮ ਸਰੀਰਕ ਸੁਰੱਖਿਆ ਲਈ ਕੰਮ ਕਰਦਾ ਹੈ। ਇਸੇ ਤਰਾਂ ਵੱਖ ਵੱਖ ਤਰ੍ਹਾਂ ਦੇ ਤਣਾਅ ਵੱਖ ਵੱਖ ਪ੍ਰਤੀਕਰਮ (Response) ਪੈਦਾ ਕਰਦੇ ਹਨ। ਮਿਸਾਲ ਦੇ ਤੌਰ 'ਤੇ ਡੀ.ਐਨ.ਏ ਟੁੱਟ ਭੱਜ, ਭੋਜਨ ਦੀ ਕਮੀ, ਊਰਜਾ ਦੀ ਕਮੀ, ਆਦਿ ਤਣਾਅ ਵੱਖ ਵੱਖ ਤਰੀਕੇ ਨਾਲ ਸਰੀਰਕ ਸੁਧਾਰ ਅਤੇ ਸੁਰੱਖਿਆ ਲਈ ਕੰਮ ਕਰਦੇ ਹਨ।

ਭੋਜਨ ਦੀ ਕਮੀ ਆਉਣ ਨਾਲ ਸਰੀਰ ਜੋ ਪ੍ਰਤੀ ਕਿਰਿਆ ਦਿੰਦਾ ਹੈ, ਉਸਨੂੰ ਆਟੋਫੇਜੀ (Autophegy) ਕਹਿੰਦੇ ਹਨ। ਇਸ ਅਧੀਨ ਸੈੱਲ ਆਪਣੇ ਅੰਦਰੋਂ ਮਾੜੇ ਪਦਾਰਥ ਨੂੰ ਖੁਰਾਕ ਬਣਾ ਲੈਂਦਾ ਹੈ। ਇਸ ਦਾ ਸਾਡੀ ਸਮੁੱਚੀ ਸਿਹਤ ਨੂੰ ਫਾਇਦਾ ਹੁੰਦਾ ਹੈ।

ਮਨੁੱਖ ਸਰੀਰ ਨੂੰ ਕਿਸੇ ਕਸ਼ਟ ਦਿਤਿਆਂ ਬਿਨਾ ਹੀ ਬਹੁਤਾ ਕੁੱਝ ਗੋਲੀਆਂ ਕੈਪਸੂਲਾਂ ਵਿਚੋਂ ਹੀ ਲੈਣਾ ਚਾਹੁੰਦਾ ਹੈ। ਉਹ ਇੱਕ ਅਜਿਹੀ ਗੋਲੀ ਖਾਵੇ ਜਿਸ ਨਾਲ ਸਰੀਰ ਨੂੰ ਉਸੇ ਤਰ੍ਹਾਂ ਦੇ ਫਾਇਦੇ ਹੋਣ ਜੋ ਕਸਰਤ ਕਰਨ ਨਾਲ ਹੁੰਦੇ ਹਨ। ਉਹ ਚਾਹੁੰਦਾ ਹੈ ਕਿ ਭੁੱਖ ਲਾਉਣ ਦੀ, ਮੋਟਾਪਾ ਘਟਾਉਣ ਦੀ, ਚਿਹਰੇ ਤੋਂ ਝੁਰੜੀਆਂ ਦੂਰ ਕਰਨ, ਸੁੰਦਰ ਦਿਖ ਦੀ ਕੋਈ ਫੌਰੀ ਦਵਾਈ ਹੋਵੇ, ਬਸ ਸਰੀਰ ਨਾਂ ਹਿਲਾਉਣਾ ਪਵੇ।

ਇਹ ਝੁਰੜੀਆਂ ਠੀਕ ਕਰਨ ਵਾਲੀਆਂ ਕਰੀਮਾਂ ਜਾਂ ਰੂਪ-ਸਜਾ ਪਦਾਰਥ ਹੁੰਦੇ ਹਨ, ਇਹ ਵੀ ਸਰੀਰ ਵਿੱਚ ਸਟ੍ਰੈਸ ਰਿਸਪਾਂਸ ਪੈਦਾ ਕਰਦੇ ਹਨ, ਇਹੀ ਸਟ੍ਰੈਸ ਅੱਗੇ ਚਲਕੇ ਸਰੀਰ ਨੂੰ ਸੁੰਦਰ ਦਿਖਣ ਵਿਚ ਮਦਦਗਾਰ ਬਣਦੇ ਹਨ। ਅਜੇਹੀ ਹੀ ਇਕ ਕਰੀਮ ਪਹਿਲਾਂ ਪਹਿਲ ਮਾਰਕਿਟ ਵਿਚ ਆਈ ਸੀ ਅਤੇ ਚੰਗਾ ਵਣਜ ਕੀਤਾ ਸੀ। ਇਹ ਵੀ ਸਟ੍ਰੈਸ ਪ੍ਰਤੀਕਰਮ 'ਤੇ ਅਧਾਰਿਤ ਸੀ। ਜਾਣੀ ਕਿ ਹਾਰਮੇਟਿਨ ਦੇ ਸਿਧਾਂਤ 'ਤੇ ਤਿਆਰ ਕੀਤੀ ਗਈ ਸੀ।

ਤੁਸੀਂ ਹਲਦੀ ਅਸਵਗੰਧਾ ਨੂੰ ਐਂਟੀਆਕਸੀਡੈਂਟ ਕਹਿੰਦੇ ਹੋ, ਪਰ ਇਹ ਸਟਰੈਸ ਪੈਦਾ ਕਰਕੇ ਐਟੀਆਕਸੀਡੈਟ

ਪ੍ਰਤੀਕਰਮ ਪੈਦਾ ਕਰਦੇ ਹਨ, ਨਾਂ ਕਿ ਖ਼ੁਦ ਐਂਟੀ ਆਕਸੀਡੈਂਟ ਹੁੰਦੇ ਹਨ। ਇਹ ਸਮਝਣ ਦਾ ਇਕ ਨਜਰੀਆ ਹੈ।

ਸਟ੍ਰੈਸ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ- ਹਲਕੀ ਥੁੜ ਚਿਰੀ ਅਤੇ ਕਰੌਨਿਕ ਲੰਬਾ ਸਮਾਂ ਚਲਣ ਵਾਲੀ । ਲੰਬਾ ਸਮਾਂ ਚਲਣ ਵਾਲਾ ਤਣਾਅ ਨੁਕਸਾਨ ਕਰਨ ਵਾਲਾ ਹੁੰਦਾ ਹੈ। ਜਦਕਿ ਹਲਕਾ ਤਣਾਅ ਬਰਦਾਸਤ ਕਰ ਲੈਣ ਤੋਂ ਪਿਛੋਂ ਰਿਕਵਰੀ ਦੇ ਸਮੇਂ ਵਿਚ ਸਰੀਰ ਵਧ ਊਰਜਾਵਾਨ ਹੋ ਕੇ ਉਭਰਦਾ ਹੈ। ਇੰਝ ਹਲਕੀ ਸਟ੍ਰੈਸ ਸਾਡੇ ਲਈ ਫਾਇਦੇਮੰਦ ਸਾਬਤ ਹੁੰਦੀ ਹੈ।

ਜਿਵੇਂ ਇਕ ਦਿਨ ਵਰਤ ਰਖ ਕੇ ਬਾਕੀ ਦਿਨਾਂ ਵਿਚ ਆਮ ਵਾਂਗ ਭੋਜਨ ਗ੍ਰਹਿਣ ਕਰੀਦਾ ਹੈ। ਤਣਾਅ ਸਰੀਰਕ, ਮਾਨਸਿਕ, ਭੋਜਨ ਸੰਬੰਧੀ ਕਿਸੇ ਤਰ੍ਹਾਂ ਦਾ ਵੀ ਹੋ ਸਕਦਾ ਹੈ। ਇਹ ਸਾਡੀ ਆਪੇ ਚੁਣੀ ਹੋਈ ਹੋ ਸਕਦੀ ਹੈ। ਜਦੋਂ ਤਣਾਅ ਦੀ ਚੋਣ ਅਸੀਂ ਖੁਦ ਹੀ ਕੀਤੀ ਹੋਵੇ, ਉਦੋਂ ਅਸੀਂ ਸਟ੍ਰੈਸ ਲੈਣ ਲਈ ਸਰੀਰਕ ਅਤੇ ਮਾਨਸਿਕ ਪੱਧਰ 'ਤੇ ਤਿਆਰ ਹੋ ਜਾਂਦੇ ਹਾਂ। ਇਕ ਤਰ੍ਹਾਂ ਦੇ ਤਣਾਅ ਨੂੰ ਸਿੱਝਣ ਲਈ ਅਸੀਂ ਆਪਣੀ ਪਸੰਦ ਦਾ ਦੂਜਾ ਤਣਾਅ ਚੁਣ ਲੈਂਦੇ ਹਾਂ। ਇਥੋਂ ਤਕ ਕਿ ਮੈਡੀਟੇਸ਼ਨ ਜਾਂ ਧਿਆਨ ਇਕਾਗਰ ਕਰਨਾ ਵੀ ਇਕ ਸਟ੍ਰੈਸ ਹੀ ਹੈ, ਆਪਣੀ ਮਰਜੀ ਨਾਲ ਸਹੇੜੀ ਹੋਈ ਜਿਸ ਦੇ ਨਤੀਜੇ ਸਾਡੇ ਲਈ ਵਧੀਆ ਨਿਕਲਦੇ ਹਨ। ਇਹ ਜਿਹੜੀ ਮੈਂ ਲੈਕਚਰ ਲੜੀ ਸ਼ੁਰੂ ਕੀਤੀ ਹੈ ਇਹ ਵੀ ਮੇਰਾ ਚੁਣਿਆਂ ਹੋਇਆ ਤਣਾਅ ਹੈ। ਦਰਅਸਲ ਮਨ ਮਰਜੀ ਨਾਲ ਲਿਆ ਹੋਇਆ ਤਣਾਅ ਸਾਨੂੰ ਤੰਦਰੁਸਤ ਰੱਖਣ ਵਿਚ ਅਹਿਮ ਰੋਲ ਹੁੰਦਾ ਹੈ।

ਕਈ ਤਰ੍ਹਾਂ ਦੇ ਤਣਾਵਾਂ ਵਿਚੋਂ ਇਕ ਤਣਾਅ ਹੈ ਰੇਡੀਏਸ਼ਨ। ਹਾਲਾਂਕਿ ਲਗਦਾ ਇਹ ਹੈ ਕਿ ਰੇਡੀਏਸ਼ਨ ਸਰੀਰ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪਰ ਇਹ ਦੇਖਿਆ ਗਿਆ ਹੈ ਕਿ ਜੋ ਬੰਦਾ ਐਕਸ-ਰੇ ਮਸ਼ੀਨਾਂ ਚਲਾਉਂਦੇ ਹਨ 20-30 ਸਾਲਾਂ ਤਕ ਥੋੜ੍ਹੀ-ਥੋੜ੍ਹੀ ਰੇਡੀਏਸ਼ਨ ਲੈਂਦੇ ਰਹਿਣ ਕਰਕੇ ਉਨ੍ਹਾਂ ਵਿਚ ਕੁੱਝ ਬਿਮਾਰੀਆਂ ਘਟ ਪਾਈਆਂ ਜਾਂਦੀਆਂ ਹਨ ।

ਇਸੇ ਤਰ੍ਹਾਂ ਦਿਮਾਗੀ ਕਸਰਤਾਂ, ਕਿਤਾਬਾਂ ਪੜ੍ਹਨਾ ਆਦਿ ਮਾਨਸਿਕ ਹੌਰਮੈਟਿਨ ਵਿਚ ਆ ਜਾਂਦਾ ਹੈ। ਵਿਗਿਆਨੀਆਂ ਨੇ ਕੁੱਝ ਦਿਮਾਗੀ ਕਸਰਤਾਂ ਵੀ ਇਸ ਕੰਮ ਲਈ ਸੁਝਾਈਆਂ ਹਨ। ਜਿਵੇਂ ਕਿਤਾਬ ਦੇ ਕਿਸੇ ਸਫੇ ਨੂੰ ਸ਼ੀਸ਼ੇ ਵਿਚ ਪੜਣਾ। ਜਾਂ ਸੌ ਤੋਂ ਸ਼ੁਰੂ ਕਰਕੇ ਪੁੱਠੀ ਗਿਣਤੀ ਕਰਨਾ। ਫਿਰ ਦੋ ਦੋ ਛੱਡਕੇ ਫਿਰ 3-3 ਛੱਡਕੇ ਪੁੱਠੀ ਗਿਣਤੀ ਕਰਣਾ। ਇਹ ਹੌਰਮੈਟਿਨ ਚੈਲਿੰਜ ਹਨ। ਇਸੇ ਤਰ੍ਹਾਂ ਖੁਰਾਕ ਦੇ ਹੌਰਮੈਟਿਨ ਹਨ। ਜਿਵੇਂ ਮਸਾਲੇ। ਤੁਹਾਨੂੰ ਜਾਣਕੇ ਹੈਰਾਨੀ ਹੋ ਸਕਦੀ ਹੈ ਕਿ ਗੰਢਾ, ਲਸਣ, ਅਦਰਕ ਆਦਿ ਵਿੱਚ ਖੁਰਾਕੀ ਤੱਤ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਫੈਟ ਆਦਿ ਨਾਮਾਤਰ ਹਨ। ਇਹ ਊਰਜਾ (Calories) ਵੀ ਨਹੀਂ ਦਿੰਦੇ। ਪਰ ਇਹ ਸਰੀਰ ਵਿਚ ਚੈਲਿੰਜ ਦਿੰਦੇ ਹਨ ਤੇ ਫਿਰ ਸਰੀਰ ਦਾ ਆਪਣਾ ਰੱਖਿਆ ਢਾਂਚਾ ਉਨ੍ਹਾਂ ਨਾਲ ਲੜਦਿਆਂ ਸਰੀਰ ਨੂੰ ਕਾਫੀ ਫਾਇਦਾ ਕਰਦਾ ਹੈ। ਪਰ ਮਸਾਲੇ ਨੂੰ ਅਸੀਂ ਕਦੇ ਵੀ ਇਕੱਲੇ ਨੂੰ ਨਹੀਂ ਵਰਤਦੇ। ਉਨ੍ਹਾਂ ਨੂੰ ਮਿਕਸ ਕਰਕੇ ਵਰਤਦੇ ਹਾਂ।

ਹੌਰਮੈਟਿਨ ਅਸੀਂ ਉਸ ਤਣਾਅ ਨੂੰ ਕਹਿੰਦੇ ਹਾਂ ਜੋ ਥੋੜ੍ਹੀ ਮਾਤਰਾ ਵਿਚ ਤੇ ਵਾਰ ਵਾਰ ਲੈਣ ਨਾਲ ਸਿਹਤ ਨੂੰ ਫਾਇਦਾ ਹੁੰਦਾ ਹੋਵੇ ਪਰ ਹੌਰਮੈਟਿਨ ਦੀ ਪ੍ਰੀਭਾਸ਼ਾ ਵਿਚ ਸਭ ਤੋਂ ਮੁਸ਼ਕਿਲ ਕੰਮ ਹੈ ਕਿ ਕਿੰਨੇ ਕੁ ਤਣਾਅ\ਸਟਰੈਸ ਨੂੰ ਥੋੜ੍ਹੀ ਮਾਤਰਾ ਕਹੀਏ। ਹੌਰਮੇਸਿਸ ਦੀਆਂ ਤਿੰਨ ਲੋੜਾਂ ਹਨ। ਪਹਿਲੀ ਹੈ- ਥੋੜ੍ਹਾ ਸਟਰੈਸ। ਥੋੜੇ ਤੋਂ ਭਾਵ ਹੈ ਜਿੰਨਾ ਵਧ ਤੋ ਵਧ ਤੁਹਾਡਾ ਸਰੀਰ ਸਹਿ ਸਕਦਾ ਹੈ ਉਸਦਾ 30-40 %। ਇਹਨੂੰ ਲੈਬ ਵਿਚ ਹੀ ਮਿਣਿਆ ਜਾ ਸਕਦਾ ਹੈ ਕਿ ਕਿਸੇ ਦੇ ਸੈੱਲ ਕਿੰਨਾ ਕੁ ਤਾਪਮਾਨ ਸਹਿ ਸਕਦੇ ਹਨ। ਇਸੇ ਤਰ੍ਹਾਂ ਜਿਵੇਂ ਮੈਂ ਕਿਹਾ ਕਿ 7 ਤਰ੍ਹਾਂ ਦੇ ਤਣਾਅ ਹੋ ਸਕਦੇ ਹਨ- ਮਾਨਸਿਕ, ਤਾਪਮਾਨ, ਰੇਡੀਏਸ਼ਨ, ਕਸਰਤ, ਖੁਰਾਕ ਆਦਿ। ਭਵਿੱਖ ਵਿਚ ਇਹ ਵੀ ਸੰਭਵ ਹੋ ਸਕਦਾ ਹੈ ਕਿ ਕੋਈ ਟੈਸਟ ਦੱਸ ਸਕੇ ਕਿ ਕਿਸੇ ਦਿਨ ਤੁਹਾਡਾ ਕਿਹੜਾ ਤਣਾਅ ਘਟਿਆ ਹੋਇਆ ਹੈ। ਇਹ ਵੀ ਖੋਜ ਚੱਲ ਰਹੀ ਹੈ ਕਿ ਕਿਹੜਾ ਤਣਾਅ ਪਹਿਲਾਂ ਤੇ ਕਿਹੜਾ ਬਾਦ ਵਿਚ ਲਿਆ ਜਾਵੇ। ਹੌਰਮੈਟਿਨ ਦੀ ਦੂਜੀ ਲੋੜ ਹੈ ਕਿ ਦੁਬਾਰਾ ਤਣਾਅ ਲੈਣ ਤੋਂ ਪਹਿਲਾਂ ਉਸ ਵਿਚ ਤਣਾਅ-ਰਹਿਤ ਸਮਾਂ ਹੋਣਾ ਚਾਹੀਦਾ ਹੈ। ਫਾਇਦਾ ਇਸ ਤਣਾਅ ਮੁਕਤ ਸਮੇਂ ਵਿਚ ਹੀ ਹੋ ਰਿਹਾ ਹੁੰਦਾ ਹੈ। ਜਦੋਂ ਤਣਾਅ ਦੇ ਪ੍ਰਭਾਵਾਂ ਨੂੰ ਸਰੀਰ ਠੀਕ ਕਰ ਰਿਹਾ ਹੁੰਦਾ ਹੈ। ਤੇ ਤੀਜੀ ਲੋੜ ਹੈ ਫਿਰ ਉਹੀ ਤਣਾਓ ਦਾ ਦੁਹਰਾਅ। ਇਹ ਸਾਰੀਆਂ ਗੱਲਾਂ ਮਰਜ਼ੀ ਨਾਲ ਚੁਣੇ ਸਿਹਤਮੰਦ ਤਣਾਅ ਦੀਆਂ ਹਨ।

ਇਸੇ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਇਹ ਭੋਜਨ ਚੰਗਾ ਹੈ ਇਹ ਮਾੜਾ ਪਰ ਅਸੀਂ ਕਹਿੰਦੇ ਹਾਂ ਕਿ ਨਹੀਂ ਕੋਈ ਵੀ ਭੋਜਨ ਚੰਗਾ ਮਾੜਾ ਨਹੀਂ ਹੁੰਦਾ। ਉਸਦੇ ਸਿੱਟੇ ਚੰਗੇ ਮਾੜੇ ਹੁੰਦੇ ਹਨ। ਬਸ ਦੇਖਣਾ ਇਹ ਹੈ ਕਿ ਕਿਹੜੀਆਂ ਹਾਲਤਾਂ ਵਿਚ ਤੇ ਕਿੰਨੀ ਮਾਤਰਾ ਵਿਚ ਕੋਈ ਭੋਜਨ ਸਾਡੇ ਲਈ ਚੰਗਾ ਹੈ।

ਇਸ ਸਾਰੀ ਗੱਲਬਾਤ ਤੋਂ ਹੁਣ ਅਸੀਂ ਪੁੱਜੇ ਹਾਂ ਕਿ ਸਿਹਤ ਦਾ ਸਾਡਾ ਅਧਾਰ ਕੀ ਹੈ। ਉਹ ਹੈ ਜਿਉਣ ਦਾ ਹੌਰਮੈਟਿਕ ਢੰਗ। ਉਸ ਵਿਚ ਭੋਜਨ, ਸਰੀਰਕ ਕਸਰਤ ਸਰਗਰਮੀ, ਮਾਨਸਿਕ ਕ੍ਰਿਆਵਾਂ ਤੇ ਸਮਾਜਕ ਰੁਝੇਵਾ। ਇਨ੍ਹਾਂ ਤਿੰਨਾਂ ਬਾਰੇ ਗੱਲ ਫਿਰ ਅੱਗੇ ਵਧਾਵਾਂਗੇ। ਅੱਜ ਦੀ ਮੁਲਾਕਾਤ ਬਸ ਇਤਨੀ।

**ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ \ ਜਸਵੰਤ ਮੁਹਾਲੀ**

# ਪਗੜੀ ਸੰਭਾਲ ਜੱਟਾ ਲਹਿਰ ਦੇ ਆਗੂ - ਅਜੀਤ ਸਿੰਘ



ਊਸ਼ਾ ਨਿਗਮ

ਅਜੀਤ ਸਿੰਘ ਜੀ ਦਾ ਰਾਜਨੀਤਿਕ ਜੀਵਨ ਸੰਖੇਪ, ਪਰ ਮਹੱਤਵਪੂਰਨ ਰਿਹਾ। ਉਹ ਕੁੱਝ ਸਾਲਾਂ ਵਿਚ ਹੀ ਤੂਫ਼ਾਨ ਵਾਂਗ ਛਾ ਗਏ। ਉਹ ਉਗਰ ਵਿਦਰੋਹੀ ਵਿਚਾਰਾਂ ਦੇ ਸਨ। ਫਿਰ ਇੱਕ ਲੰਬੇ ਸਮੇਂ ਲਈ ਉਹਨਾਂ ਨੂੰ ਆਪਣੇ ਗੁਲਾਮ ਦੇਸ਼ ਦੀਆਂ ਹੱਦਾਂ ਤੋਂ ਦੂਰ ਜਾਣਾ ਪਿਆ। 14 ਮਾਰਚ 1947 ਨੂੰ ਉਹ ਭਾਰਤ ਪਰਤੇ। 14 ਅਗਸਤ 1947 ਨੂੰ ਅੱਧੀ ਰਾਤ ਸਮੇਂ ਭਾਰਤ ਦੀ ਆਜ਼ਾਦੀ ਦਾ ਐਲਾਨ ਹੋਇਆ, ਅਤੇ ਨਾਲ ਹੀ ਭਾਰਤ ਦੀ ਵੰਡ ਵੀ। ਇਸੇ ਰਾਤ ਅਜੀਤ ਸਿੰਘ ਜੀ, ਜੋ ਲੰਬੇ ਦੇਸ਼ ਨਿਕਾਲਿਆਂ, ਰੂਪੋਸ਼ੀਆਂ ਆਦਿ ਕਾਰਣ ਸਰੀਰਕ ਤੌਰ 'ਤੇ ਟੁੱਟ ਚੁੱਕੇ ਸੀ, ਸਦੀਵੀ ਵਿਛੋੜਾ ਦੇ ਗਏ।

ਅਜੀਤ ਸਿੰਘ ਜੀ ਦਾ ਜਨਮ 23 ਫਰਵਰੀ 1881 ਨੂੰ ਖਟਕੜ ਕਲਾਂ (ਜਲੰਧਰ) (ਹੁਣ ਨਵਾਂ ਸ਼ਹਿਰ) ਵਿਚ ਹੋਇਆ ਸੀ। ਪਿਤਾ ਅਰਜਨ ਸਿੰਘ ਅਤੇ ਮਾਤਾ ਜੈ ਕੌਰ ਦੀ ਉਹ ਦੂਸਰੀ ਸੰਤਾਨ ਸਨ। ਉਹਨਾਂ ਦੇ ਪਿਤਾ ਅਰਜਨ ਸਿੰਘ ਆਰੀਆ ਸਮਾਜੀ ਸਨ। ਪੰਜਾਬ ਵਿਚ ਉਹ ਆਰੀਆ ਸਮਾਜ ਦਾ ਦੌਰ ਸੀ। ਭਾਰਤ ਦਾ ਰਾਜਨੀਤਿਕ ਦ੍ਰਿਸ਼ ਬਦਲ ਰਿਹਾ ਸੀ। 1857 ਦੀ ਹਥਿਆਰਬੰਦ ਕ੍ਰਾਂਤੀ ਤੋਂ ਬਾਅਦ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਇੱਛਾ ਫਿਰ ਜੋਰ ਫੜ੍ਹ ਰਹੀ ਸੀ। ਸਾਲ 1905 ਦੀ ਬੰਗਾਲ ਵੰਡ ਨੇ ਨਵੀਂ ਰਾਜਨੀਤਿਕ ਚੇਤਨਾ ਨੂੰ ਜਨਮ ਦਿੱਤਾ। ਜਾਗ੍ਰਿਤੀ ਦੇ ਇਸ ਤੂਫਾਨ ਨੇ ਪੰਜਾਬ ਨੂੰ ਵੀ ਪ੍ਰਭਾਵਿਤ ਕੀਤਾ। ਖ਼ੁਦ ਪੰਜਾਬ ਦੀ ਆਪਣੀ ਸਥਿਤੀ ਵੀ ਸ਼ਾਂਤੀਪੂਰਣ ਨਹੀਂ ਸੀ। ਭੂਮੀ ਮਾਲਕੀ ਸੰਬੰਧੀ ਕੁੱਝ ਕਾਨੂੰਨਾਂ ਵਿੱਚ ਲੋਕ ਵਿਰੋਧੀ ਤਬਦੀਲੀ, ਆਬਿਆਨਾ (ਪਾਣੀ-ਕਰ) ਵਿਚ ਵਾਧੇ ਅਤੇ ਕੋਲੋਨਾਈਜੇਸ਼ਨ ਬਿਲ ਦੇ ਕਾਰਣ ਪੰਜਾਬ ਵਿਚ ਬੇਚੈਨੀ ਫੈਲੀ ਹੋਈ ਸੀ ਅਤੇ ਪੰਜਾਬ ਦਾ ਕਿਸਾਨ ਵਰਗ ਇਸ ਤੋਂ ਬਹੁਤ ਪ੍ਰਭਾਵਿਤ ਸੀ।

> ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦਾ ਪੂਰਾ ਜੀਵਨ ਆਜ਼ਾਦੀ ਲਈ ਕ੍ਰਾਂਤੀ ਜਥੇਬੰਦ ਕਰਨ ਦੀ ਜੱਦੋਜਹਿਦ ਵਿਚੋਂ ਲੰਘਿਆ। ਭਾਰਤ ਮਾਤਾ ਸੁਸਾਇਟੀ ਤੋਂ ਲੈ ਕੇ ਪਗੜੀ ਸੰਭਾਲ ਜੱਟਾ ਲਹਿਰ, ਫਿਰ ਗ਼ਦਰ ਅੰਦੋਲਨ ਅਤੇ ਆਖਰ ਵਿਚ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਨਾਲ ਉਹਨਾਂ ਦਾ ਜੁੜਾਅ ਰਿਹਾ।

ਅਜੀਤ ਸਿੰਘ ਜੀ ਨੇ 1894 ਵਿਚ ਮੈਟ੍ਰਿਕ ਦੀ ਪਰੀਖਿਆ ਪਾਸ ਕੀਤੀ, ਫਿਰ ਲਾਹੌਰ ਦੇ ਡੀ.ਏ.ਵੀ. ਕਾਲਜ ਵਿਚ ਦਾਖਲਾ ਲਿਆ। ਇਥੋਂ ਹੀ ਉਹ ਰਾਜਨੀਤਿਕ ਤੌਰ 'ਤੇ ਚੇਤੰਨ ਹੋਏ। 'ਯੁਗ-ਦ੍ਰਿਸ਼ਟਾ ਭਗਤ ਸਿੰਘ ਅਤੇ ਉਸਦੇ ਪੁਰਖੇ' ਕਿਤਾਬ ਦੀ ਲੇਖਿਕਾ ਸ਼ਹੀਦ ਭਗਤ ਸਿੰਘ ਦੀ ਭਤੀਜੀ ਵੀਰੇਂਦ੍ਰ ਸੰਧੂ ਦੇ ਅਨੁਸਾਰ ਅਜੀਤ ਸਿੰਘ ਜੀ ਦਾ ਉਦੇਸ਼ ਗੁਪਤ ਕ੍ਰਾਂਤੀਕਾਰੀ ਅੰਦੋਲਨ ਵਿਚ ਭਾਗ ਲੈਣਾ ਨਹੀਂ ਸੀ, ਉਹਨਾਂ ਦਾ ਉਦੇਸ਼ ਤਾਂ 1857 ਵਰਗਾ ਸੰਗਰਾਮ ਸੀ ਅਤੇ ਉਹਨਾਂ ਦਾ ਕੰਮ ਖੁੱਲ੍ਹੀ ਬਗਾਵਤ ਦਾ ਗੁਪਤ ਸੰਗਠਨ ਕਰਨਾ ਸੀ। ਲਾਰਡ ਕਰਜਨ ਨੇ 1903 ਵਿਚ ਅੰਗਰੇਜ਼ ਸਰਕਾਰ ਦੀ ਸ਼ਕਤੀ ਅਤੇ ਸ਼ਾਨੋ-ਸ਼ੌਕਤ ਦੇ ਪ੍ਰਦਰਸ਼ਨ ਲਈ ਦਿੱਲੀ-ਦਰਬਾਰ ਦਾ ਆਯੋਜਨ ਕੀਤਾ। ਇਸ ਵਿਚ ਦੇਸ਼ ਦੇ ਤਮਾਮ ਰਾਜਿਆਂ, ਨਵਾਬਾਂ ਨੂੰ ਸੱਦਿਆ ਗਿਆ। ਇਸ ਮੌਕੇ ਦਾ ਲਾਭ ਉਠਾ ਕੇ ਅਜੀਤ ਸਿੰਘ ਜੀ ਨੇ ਵੀ ਇਹਨਾਂ ਨਾਲ ਮੁਲਾਕਾਤ ਕੀਤੀ ਸੀ ਅਤੇ 1857 ਵਰਗੀ ਕ੍ਰਾਂਤੀ ਲਈ ਪ੍ਰੇਰਿਤ ਕਰਨ ਦਾ ਯਤਨ ਕੀਤਾ ਸੀ। ਬੰਗਾਲ ਯਾਤਰਾ ਦੇ ਸਮੇਂ ਉਹਨਾਂ ਦਾ ਸੰਪਰਕ ਕੁੱਝ ਬੰਗਾਲੀ ਕ੍ਰਾਂਤੀਕਾਰੀਆਂ ਨਾਲ ਵੀ ਹੋਇਆ ਸੀ। ਸਹਾਰਨਪੁਰ ਦੇ ਕ੍ਰਾਂਤੀਕਾਰੀ ਜਤੇਂਦ੍ਰ ਮੋਹਨ ਚੈਟਰਜੀ (ਨਿਰਾਲੰਬ ਬਾਬਾ) ਨਾਲ ਵੀ ਉਹਨਾਂ ਦੀ ਮੁਲਾਕਾਤ ਹੋਈ ਸੀ। ਪਰ ਉਹ ਕਿਸੇ ਗੁਪਤ ਸੰਗਠਨ ਦੇ ਮੈਂਬਰ ਨਹੀਂ ਬਣੇ।

ਸਾਲ 1906 ਵਿਚ ਕਾਂਗਰਸ ਦੇ ਕਲੱਕਤਾ ਇਜਲਾਸ ਸਮੇਂ ਅਜੀਤ ਸਿੰਘ ਜੀ ਦੀ ਮੁਲਾਕਾਤ ਲੋਕਮਾਨਯ ਤਿਲਕ ਨਾਲ ਹੋਈ। ਤਿਲਕ 'ਤੇ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਪਿਆ। ਉਹ ਕਲਕੱਤੇ ਤੋਂ 'ਪ੍ਰਕਾਸ਼ਨ ਅੰਦੋਲਨ' ਦਾ ਸੰਕਲਪ ਲੈ ਕੇ ਵਾਪਸ ਆਏ। ਉਹਨਾਂ ਨੇ ਫੈਸਲਾ ਲਿਆ ਕਿ ਉਹ ਕਿਸਾਨਾਂ ਦੀ ਬੇਚੈਨੀ ਨੂੰ ਸਹੀ ਦਿਸ਼ਾ ਅਤੇ ਅਗਵਾਈ ਦੇਣਗੇ। ਕ੍ਰਾਂਤੀਕਾਰੀ ਸੂਫ਼ੀ ਅੰਬਾ ਪ੍ਰਸ਼ਾਦ ਦੇ ਸਹਿਯੋਗ ਨਾਲ ਉਹਨਾਂ ਨੇ ਭਾਰਤ ਮਾਤਾ ਸੁਸਾਇਟੀ ਦੀ ਸਥਾਪਨਾ ਕੀਤੀ। ਕਿਸ਼ਨ ਸਿੰਘ ਅਤੇ ਸਵਰਨ ਸਿੰਘ (ਅਜੀਤ ਸਿੰਘ ਦੇ ਚਾਚਾ), ਲਾਲਾ ਲਾਲ ਚੰਦ ਫਲਕ, ਮੇਹਤਾ ਨੰਦ ਕਿਸ਼ੋਰ, ਲਾਲਾ ਹਰਦਿਆਲ, ਕੇਦਾਰ ਨਾਥ, ਸਹਿਗਲ, ਲਾਲਾ ਪਿੰਡੀ ਦਾਸ, ਮਹਾਸ਼ਾ ਘਸੀਟਾ ਰਾਮ ਆਦਿ ਉਸਦੇ ਮੁੱਖ ਮੈਂਬਰ ਸਨ।

ਭਾਰਤ ਮਾਤਾ ਸੁਸਾਇਟੀ ਦੇ ਦੋ ਹਥਿਆਰ ਸਨ: ਪਹਿਲਾ ਭਾਸ਼ਣ, ਦੂਜਾ ਪ੍ਰਕਾਸ਼ਨ। ਸੂਫੀ ਅੰਬਾ ਪ੍ਰਸ਼ਾਦ 'ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਸੀ। ਇਸਦੇ ਲਈ ਉਹਨਾਂ ਨੇ 'ਭਾਰਤ ਮਾਤਾ ਬੁੱਕ ਏਜੰਸੀ' ਸਥਾਪਿਤ ਕੀਤੀ। ਤਮਾਮ ਅਖ਼ਬਾਰਾਂ, ਰਸਾਲਿਆਂ, ਕਿਤਾਬਾਂ ਦੇ ਮਾਧਿਅਮ ਰਾਹੀਂ ਵਿਦਰੋਹੀ ਸਾਹਿਤ ਦਾ ਪ੍ਰਕਾਸ਼ਨ ਕੀਤਾ ਗਿਆ।

**ਭਾਰਤ ਮਾਤਾ ਸੋਸਾਇਟੀ**

ਭਾਰਤ ਮਾਤਾ ਸੋਸਾਇਟੀ ਵੱਲੋਂ ਥਾਂ-ਥਾਂ ਇੱਕਠ ਕੀਤੇ ਜਾਣ ਲੱਗੇ। ਇਹਨਾਂ ਵਿੱਚ ਭਾਸ਼ਣ ਦੇਣ ਦੀ ਜ਼ਿੰਮੇਵਾਰੀ ਅਜੀਤ ਸਿੰਘ ਜੀ ਦੀ ਸੀ। 1907 ਦੇ ਕਿਸਾਨ ਅੰਦੋਲਨ ਨੂੰ ਉਹਨਾਂ ਦੀ ਸ਼ਾਨਦਾਰ ਅਗਵਾਈ ਮਿਲੀ। ਪੂਰੇ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਮੀਟਿੰਗਾਂ ਇਕੱਤਰਤਾਵਾਂ ਦਾ ਹੜ੍ਹ ਜਿਹਾ ਆ ਗਿਆ। ਉਹਨਾਂ ਵਿਚ ਵੱਡੀ ਗਿਣਤੀ ਵਿਚ ਕਿਸਾਨ ਅਤੇ ਹੋਰ ਤਬਕਿਆਂ ਦੇ ਲੋਕ ਸ਼ਾਮਲ ਹੋਏ। ਉਹਨਾਂ ਦੇ ਭਾਸ਼ਣ ਅੰਗਰੇਜ਼ੀ ਰਾਜ ਦੇ ਸ਼ੋਸ਼ਣ, ਜ਼ੁਲਮਾਂ ਅਤੇ ਜਬਰ ਦੇ ਖਿਲਾਫ਼ ਹੁੰਦੇ ਸੀ।

**ਨਿਊ ਕੋਲੋਨਾਈਜੇਸ਼ਨ ਬਿਲ ਦੀ ਖਿਲਾਫ਼ਤ**

ਮਾਰਚ 1907 ਵਿਚ ਲਾਹੌਰ ਦੇ ਆਰੀਆ ਸੇਵਕ ਹੋਟਲ ਦੇ ਮੈਦਾਨ ਵਿਚ ਹੋਣ ਵਾਲੀ ਸਭਾ ਵਿਚ ਅਜੀਤ ਸਿੰਘ ਜੀ ਨੇ ਇਹ ਖਿਲਾਫ਼ਤ ਕੀਤੀ। ਇਸ ਨੂੰ ਵਾਪਸ ਲੈਣ ਦੀ ਮੰਗ ਕਰਦੇ ਹੋਏ ਚੇਤਾਵਨੀ ਦਿੱਤੀ ਕਿ ਜੇ ਦੋ ਮਹੀਨੇ ਦੇ ਅੰਦਰ ਅਜਿਹਾ ਨਹੀਂ ਹੋਇਆ ਤਾਂ ਅਸੀਂ ਕੋਈ ਟੈਕਸ ਨਹੀਂ ਦੇਵਾਂਗੇ। ਦੇਸ਼ ਦੀ ਲੁੱਟ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਾਡੇ ਵਿਚੋਂ ਸਾਰੇ ਸਿਰ 'ਤੇ ਕੱਫਨ ਬੰਨ੍ਹੀ ਖੜ੍ਹੇ ਹਨ। ਉਸ ਸਭਾ ਵਿਚ ਚਰਚਾ ਕਰਦੇ ਹੋਏ ਸਭਾ ਵਿੱਚ ਮੌਜੂਦ 'ਇੰਡੀਆ' ਪੱਤਰ ਦੇ ਸੰਪਾਦਕ ਲਾਲਾ ਪਿੰਡੀ ਦਾਸ ਨੇ ਲਿਖਿਆ ਸੀ -

**"ਸਰਦਾਰ ਜੀ ਸਰਕਾਰ ਦੇ ਜ਼ੁਲਮਾਂ ਦੀ ਕਹਾਣੀ ਕੁੱਝ ਇਸ ਅੰਦਾਜ਼ ਵਿਚ ਕਹਿੰਦੇ ਸਨ ਕਿ ਲੋਕ ਦੁਹੱਥੜ ਮਾਰ ਕੇ ਰੋਣ ਲਗਦੇ ਸੀ।"**

ਜਲਸਾ ਬੰਦੇ ਮਾਤਰਮ ਦੀ ਗੂੰਜ ਨਾਲ ਖ਼ਤਮ ਹੋਇਆ।

**ਪਗੜੀ ਸੰਭਾਲ ਜੱਟਾ ਲਹਿਰ**

ਭਾਰਤ ਮਾਤਾ ਸੁਸਾਇਟੀ ਦੀ ਅਗਲੀ ਸਭਾ 22 ਮਾਰਚ ਨੂੰ ਲਾਇਲਪੁਰ ਵਿਚ ਹੋਈ। ਇਸ ਵਿਚ 8000 ਲੋਕ ਸ਼ਾਮਲ ਸਨ। ਲਾਲਾ ਲਾਜਪਤ ਰਾਏ ਵੀ ਆਏ। ਇਸ ਸਭਾ ਵਿਚ ਭਾਰਤ ਮਾਤਾ ਸੋਸਾਇਟੀ ਦੇ ਕਾਰਕੁੰਨ ਬਾਂਕੇ ਦਿਆਲ ਨੇ ਆਪਣੀ ਇਹ ਕਵਿਤਾ ਪੜ੍ਹੀ :

**ਪਗੜੀ ਸੰਭਾਲ ਜੱਟਾ,**
**ਪਗੜੀ ਸੰਭਾਲ ਓਏ।**
**ਫਸਲਾਂ ਨੂੰ ਖਾ ਗਏ ਕੀੜੇ**
**ਤਨ 'ਤੇ ਨਾ ਦਿਸਦੇ ਲੀੜੇ**
**ਭੁੱਖਾਂ ਨੇ ਖ਼ੂਬ ਨਪੀੜੇ**
**ਰੋਂਦੇ ਨੇ ਬਾਲ ਓਏ।**
**ਪਗੜੀ ਸੰਭਾਲ ਜੱਟਾ.....**

ਇਸ ਕਵਿਤਾ ਦੀ ਹਰਮਨ ਪਿਆਰਤਾ ਦੇ ਕਾਰਣ ਇਸ ਕਿਸਾਨ ਅੰਦੋਲਨ ਦਾ ਨਾਮ ਹੀ 'ਪਗੜੀ ਸੰਭਾਲ ਜੱਟਾ' ਪੈ ਗਿਆ।



**(23 ਫਰਵਰੀ 1881- 15 ਅਗਸਤ 1947)**

ਇਹਨਾਂ ਸਭਾਵਾਂ ਦੀ ਇੱਕ ਹੋਰ ਖਾਸ ਗੱਲ ਸੀ। ਇੰਨ੍ਹਾਂ ਵਿਚ ਸੈਨਿਕ ਕਾਫੀ ਆਉਂਦੇ ਸੀ। ਮੁਲਤਾਨ ਦੀ 18 ਅਪ੍ਰੈਲ ਦੀ ਸਭਾ ਵਿਚ 200 ਸੈਨਿਕ ਮੌਜੂਦ ਸਨ। ਅੰਗਰੇਜ਼ ਸਰਕਾਰ ਲਈ ਇਹ ਬੇਹੱਦ ਸੰਕਟਮਈ ਸਥਿਤੀ ਸੀ, ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਦੇ ਲਈ। 10 ਮਈ ਨੂੰ 1857 ਦੀ ਪੰਜਾਹਵੀਂ ਵਰ੍ਹੇਗੰਢ ਆਉਣ ਵਾਲੀ ਸੀ। ਬ੍ਰਿਟਿਸ਼ ਖ਼ੁਫੀਆ ਵਿਭਾਗ ਦੇ ਕੋਲ ਖ਼ਬਰ ਸੀ ਕਿ ਅਜੀਤ ਸਿੰਘ ਉਸ ਵਿਦਰੋਹ ਦੀ ਅਗਲੀ ਲੜੀ ਦੀ ਤਿਆਰੀ ਵਿਚ ਸਨ। ਖ਼ੁਫੀਆ ਵਿਭਾਗ ਨੇ 5 ਮਈ 1907 ਨੂੰ ਆਪਣੀ ਇੱਕ ਵਿਸਥਾਰਤ ਰਿਪੋਰਟ ਵਿਚ ਕਿਹਾ ਸੀ ਕਿ ਉਹ (ਅਜੀਤ ਸਿੰਘ) ਲੋਕਾਂ ਨੂੰ ਅੰਗਰੇਜ਼ਾਂ ਦੇ ਕਤਲ ਕਰਨ ਲਈ ਭੜਕਾ ਰਹੇ ਹਨ। ਉਹ ਲੋਕਾਂ ਨੂੰ ਅਤੇ ਫੌਜ ਨੂੰ ਬਗ਼ਾਵਤ ਲਈ ਉਕਸਾ ਰਹੇ ਹਨ। ਰਾਜ ਧ੍ਰੋਹੀ ਪਰਚੇ ਵੰਡੇ ਜਾ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਜੀਤ ਸਿੰਘ ਹੀ ਇਹਨਾਂ ਸਭ ਦੇ ਆਗੂ ਹਨ।

ਪੰਜਾਬ ਸਰਕਾਰ ਦੀ ਘਬਰਾਹਟ ਸੁਭਾਵਿਕ ਸੀ। ਪੰਜਾਬ ਦੇ ਗਵਰਨਰ ਇੰਟਸਨ ਨੇ ਵਾਇਸਰਾਏ ਨੂੰ ਲਿਖਿਆ "ਪੰਜਾਬ ਵਿਚ ਗ਼ਦਰ ਹੋਣ ਵਾਲਾ ਹੈ ਅਤੇ ਉਸਦੀ ਅਗਵਾਈ ਅਜੀਤ ਸਿੰਘ ਅਤੇ ਉਸਦੀ ਪਾਰਟੀ ਕਰੇਗੀ। ਬਗ਼ਾਵਤ ਨੂੰ ਰੋਕਣ ਦਾ ਪ੍ਰਬੰਧ ਕਰੋ।" 1818 ਦੇ ਰੈਗੂਲੇਸ਼ਨ 3 ਦੇ ਤਹਿਤ 9 ਮਈ ਨੂੰ ਲਾਲਾ ਜੀ ਅਤੇ 3 ਜੂਨ ਨੂੰ ਅਜੀਤ ਸਿੰਘ ਜੀ ਨੂੰ ਮਾਂਡਲੇ (ਬਰਮਾ), ਜੇਲ੍ਹ ਭੇਜ ਦਿੱਤਾ ਗਿਆ। ਇਸ ਦਾ ਜਬਰਦਸਤ ਵਿਰੋਧ ਹੋਇਆ। ਅੰਗਰੇਜ਼ ਸਰਕਾਰ ਲਾਲਾ ਲਾਜਪਤ ਰਾਏ ਨੂੰ ਛੱਡਣ ਲਈ ਮਜ਼ਬੂਰ ਹੋਈ। ਨਾਲ ਹੀ ਅਜੀਤ ਸਿੰਘ ਨੂੰ ਛੱਡਣਾ ਵੀ ਸਰਕਾਰ ਦੀ ਮਜਬੂਰੀ ਬਣੀ। ਕੋਲੋਨਾਈਜੇਸ਼ਨ ਐਕਟ ਸਰਕਾਰ ਨੇ ਵਾਪਸ ਲੈ ਲਿਆ। ਇਹ ਕਿਸਾਨ ਅੰਦੋਲਨ ਦੀ

ਅਤੇ ਖ਼ੁਦ ਅਜੀਤ ਸਿੰਘ ਦੀ ਭਾਰੀ ਸਫ਼ਲਤਾ ਸੀ।

ਮਾਂਡਲੇ ਤੋਂ ਵਾਪਸ ਆ ਕੇ ਅਜੀਤ ਸਿੰਘ ਫਿਰ ਤੋਂ ਭਾਰਤ ਮਾਤਾ ਸੁਸਾਇਟੀ ਦੇ ਉਦੇਸ਼ਾਂ ਪ੍ਰਤੀ ਸਮਰਪਤ ਭਾਵ ਨਾਲ ਕੰਮ ਕਰਨ ਲੱਗੇ। ਵਿਦਰੋਹੀ ਸਾਹਿਤ ਦੀ ਰਚਨਾ ਵੀ ਹੁੰਦੀ ਰਹੀ। ਉਸ ਸਮੇਂ 'ਪੇਸ਼ਵਾ' ਰੋਜ਼ਾਨਾ ਅਖ਼ਬਾਰ ਦੀਆਂ 1500 ਕਾਪੀਆਂ ਛਪਦੀਆਂ ਸਨ। ਉਹਨਾਂ ਨੇ ਭਾਸ਼ਾ ਕੋਡ ਦੀ ਰਚਨਾ ਵੀ ਕੀਤੀ ਸੀ ਜਿਸਦੀ ਮੱਦਦ ਨਾਲ ਦੇਸ਼-ਵਿਦੇਸ਼ ਦੇ ਵਿਚ ਗੁਪਤ ਸੁਨੇਹਿਆਂ ਦਾ ਆਦਾਨ-ਪ੍ਰਦਾਨ ਹੋ ਸਕੇ।

**ਕ੍ਰਾਂਤੀ ਦੀ ਯੋਜਨਾ**

ਇਸ ਸਮੇਂ ਅਜੀਤ ਸਿੰਘ ਜੀ ਨੇ ਲਾਲਾ ਹਰਦਿਆਲ, ਸੂਫੀ ਅੰਬਾ ਪ੍ਰਸਾਦ ਅਤੇ ਹੋਰ ਸਹਿਯੋਗੀਆਂ ਨਾਲ ਮਿਲ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਯੋਜਨਾ ਬਣਾਈ। ਇਹ ਯੋਜਨਾ ਇਸ ਤਰ੍ਹਾਂ ਸੀ: ਲਾਲਾ ਹਰਦਿਆਲ ਅਮਰੀਕਾ, ਸੂਫੀ ਅੰਬਾ ਪ੍ਰਸਾਦ ਅਫਗਾਨਿਸਤਾਨ-ਈਰਾਨ ਅਤੇ ਨਿਰੰਜਣ ਸਿੰਘ ਬ੍ਰਾਜੀਲ ਜਾਣ ਅਤੇ ਉਨ੍ਹਾਂ ਦੇਸ਼ਾਂ ਵਿਚ ਭਾਰਤ ਦੇ ਪੱਖ ਵਿਚ ਵਾਤਾਵਰਨ ਬਨਾਉਣ ਤਾਂ ਕਿ ਲੋੜ ਪੈਣ 'ਤੇ ਭਾਰਤ ਨੂੰ ਵਿਦੇਸ਼ਾਂ ਤੋਂ ਮੱਦਦ ਮਿਲ ਸਕੇ। ਅਜੀਤ ਸਿੰਘ ਜੀ ਦੇਸ਼ ਵਿਚ ਰਹਿ ਕੇ ਸਮੁੱਚੇ ਕ੍ਰਾਂਤੀਕਾਰੀ ਸੰਗਠਨਾਂ ਨਾਲ ਸੰਪਰਕ ਬਣਾ ਕੇ ਇਕ ਮਜਬੂਤ, ਕ੍ਰਾਂਤੀਕਾਰੀ ਦਲ ਦਾ ਗਠਨ ਕਰਨ ਅਤੇ ਜਦ ਪਹਿਲਾ ਸੰਸਾਰ ਯੁਧ ਸ਼ੁਰੂ ਹੋਵੇ ਤਾਂ ਉਦੋਂ ਬ੍ਰਿਟੇਨ ਦੇ ਯੁੱਧ ਵਿਚ ਰੁੱਝੇ ਹੋਣ ਦੇ ਕਾਰਣ ਉਸ ਸਥਿਤੀ ਦਾ ਲਾਭ ਉਠਾ ਕੇ ਭਾਰਤ ਵਿਚ ਅੰਗਰੇਜ਼ੀ ਰਾਜ ਦੇ ਖਿਲਾਫ ਵਿਸ਼ਾਲ ਪੱਧਰ 'ਤੇ ਕ੍ਰਾਂਤੀ ਕੀਤੀ ਜਾਵੇ।

ਅਜੀਤ ਸਿੰਘ ਜੀ ਅਤੇ ਉਹਨਾਂ ਦੇ ਸਾਥੀਆਂ ਦੀਆਂ ਗਤੀਵਿਧੀਆਂ ਅਤੇ ਉਹਨਾਂ ਦੇ ਖ਼ਤਰਨਾਕ ਇਰਾਦਿਆਂ ਦੀ ਰਿਪੋਰਟ ਸਰਕਾਰ ਨੂੰ ਮਿਲ ਰਹੀ ਸੀ। ਸਰਕਾਰ ਉਹਨਾਂ ਦੇ ਖਿਲਾਫ਼ ਵਾਰੰਟ ਕੱਢ ਕੇ ਉਹਨਾਂ ਨੂੰ ਬੰਦੀ ਬਨਾਉਣ ਅਤੇ ਸਖ਼ਤ ਸਜਾ ਦੇਣ ਦੀ ਕੋਸ਼ਿਸ਼ ਕਰ ਰਹੀ ਸੀ ਇਸ ਸੰਕਟ ਤੋਂ ਬਚਣ ਲਈ ਆਪਣੇ ਵੱਡੇ ਭਰਾ ਕਿਸ਼ਨ ਸਿੰਘ (ਸ਼ਹੀਦ ਭਗਤ ਸਿੰਘ ਦੇ ਪਿਤਾ) ਅਤੇ ਹੋਰ ਸਾਥੀਆਂ ਵੱਲੋਂ ਮਜਬੂਰ ਕੀਤੇ ਜਾਣ 'ਤੇ ਆਪ ਜੀ ਨੇ ਸੂਫੀ ਅੰਬਾ ਪ੍ਰਸਾਦ ਅਤੇ ਕੁਝ ਹੋਰ ਸਾਥੀਆਂ ਨਾਲ 1909 ਵਿਚ ਆਪਣੇ ਦੇਸ਼ ਦੀ ਧਰਤੀ 'ਤੋਂ ਵਿਦਾ ਲਈ। ਇਸ ਨਾਲ ਉਹਨਾਂ ਦੇ ਜੀਵਨ ਦਾ ਇੱਕ ਅਧਿਆਇ ਖ਼ਤਮ ਹੁੰਦਾ ਹੈ। ਰਾਜਧ੍ਰੋਹੀ ਸਾਹਿਤ ਨੂੰ ਆਧਾਰ ਬਣਾ ਕੇ ਕਿਸ਼ਨ ਸਿੰਘ, ਲਾਲਾ ਲਾਲ ਚੰਦ ਫਲਕ, ਜਿਆ ਉਲ ਹੱਕ ('ਪੇਸ਼ਵਾ' ਦੇ ਸੰਪਾਦਕ), ਮੁਨਸ਼ੀ ਰਾਮ ਅਤੇ ਨੰਦ ਗੋਪਾਲ ਨੂੰ ਸਜ਼ਾ ਦਿੱਤੀ ਗਈ।

ਅਜੀਤ ਸਿੰਘ ਜੀ ਦੇ ਜੀਵਨ ਦਾ ਦੂਜਾ ਦੌਰ ਬਹੁਤ ਲੰਬਾ, ਸੰਘਰਸ਼ਮਈ ਅਤੇ ਔਕੜਾਂ ਭਰਿਆ ਰਿਹਾ। ਇਹ ਸਫ਼ਰ ਕਰਾਚੀ ਦੇ ਸਮੁੰਦਰੀ ਤੱਟ ਤੋਂ ਸ਼ੁਰੂ ਹੋਇਆ। ਈਰਾਨ, ਤੁਰਕਸਿਤਾਨ, ਸ਼ੀਰਾਜ, ਟਰਕੀ, ਬਰਲਿਨ, ਉਹਨਾਂ ਦੀ ਯਾਤਰਾ ਦੇ ਪੜਾਅ ਰਹੇ। ਇਸ ਦੌਰਾਨ ਉਹ ਲਗਾਤਾਰ ਅੰਤਰ-ਰਾਸ਼ਟਰੀ ਰਾਜਨੀਤਕ ਆਗੂਆਂ ਦੇ ਸੰਪਰਕ ਵਿਚ ਰਹੇ ਅਤੇ ਭਾਰਤ ਵਿਚ ਗ਼ਦਰ ਕਰਵਾਉਣ ਲਈ ਆਪਣੇ ਪੱਧਰ 'ਤੇ ਲੱਗੇ ਰਹੇ। 1916 ਵਿਚ ਉਹਨਾਂ ਨੂੰ ਅਨੁਮਾਨ ਹੋ ਗਿਆ ਸੀ ਕਿ ਮਿੱਤਰ ਰਾਸ਼ਟਰਾਂ ਨੂੰ ਅਮਰੀਕਾ ਦਾ ਸਾਥ ਮਿਲਦੇ ਹੀ ਯੁੱਧ ਦਾ ਨਤੀਜਾ ਜਰਮਨੀ ਦੇ ਖਿਲਾਫ਼ ਹੋਵੇਗਾ। ਇਸ ਲਈ ਉਹ 1916 ਵਿਚ ਬ੍ਰਾਜੀਲ ਚਲੇ ਗਏ। 1932 ਵਿਚ ਫਰਾਂਸ ਆਏ ਅਤੇ ਫਿਰ ਜਰਮਨੀ। ਜਰਮਨੀ ਵਿਚ ਉਹਨਾਂ ਨੇ ਸੁਭਾਸ਼ ਚੰਦਰ ਬੋਸ ਨਾਲ ਮਿਲ ਕੇ ਦੇਸ਼ ਦੇ ਆਗਾਮੀ ਪ੍ਰੋਗਰਾਮਾਂ 'ਤੇ ਚਿੰਤਨ ਕੀਤਾ।

**ਆਜ਼ਾਦ ਹਿੰਦ ਲਸ਼ਕਰ**

ਸਾਲ 1939 ਵਿਚ ਦੂਜੀ ਸੰਸਾਰ ਜੰਗ ਸ਼ੁਰੂ ਹੋਈ। ਉਸ ਸਮੇਂ ਅਜੀਤ ਸਿੰਘ ਜੀ ਨੇ ਰੋਮ ਰੇਡੀਓ ਤੋਂ ਭਾਰਤ ਦੇ ਲਈ ਅਤੇ ਯੂਰਪ ਸਥਿਤ ਬ੍ਰਿਟਿਸ਼ ਫੌਜਾਂ ਦੇ ਭਾਰਤੀ ਸਿਪਾਹੀਆਂ (ਜਿਹਨਾਂ ਦੀ ਗਿਣਤੀ ਬਹੁਤ ਸੀ) ਦੇ ਲਈ ਅਨੇਕਾਂ ਰੇਡੀਓ ਪ੍ਰਸਾਰਣ ਕੀਤੇ। ਇਸ ਦਰਮਿਆਨ ਸੁਭਾਸ਼ ਚੰਦਰ ਬੋਸ ਜੀ ਨੇ ਉਹਨਾਂ ਦੇ ਸੰਪਰਕਾਂ ਦਾ ਲਾਹਾ ਲਿਆ। ਅਜੀਤ ਸਿੰਘ ਜੀ ਨੇ 'ਆਜ਼ਾਦ ਹਿੰਦ ਲਸ਼ਕਰ' ਦਾ ਸੰਗਠਨ ਕੀਤਾ। ਇਸਦਾ ਮੁੱਖ ਉਦੇਸ਼ ਭਾਰਤੀ ਫੌਜੀਆਂ ਨੂੰ ਲਸ਼ਕਰ ਵਿਚ ਭਰਤੀ ਕਰਨਾ ਸੀ। ਅੱਗੇ ਚੱਲ ਕੇ ਉਹਨਾਂ ਨੇ ਆਪਣੇ ਲਸ਼ਕਰ ਦੇ ਫੌਜੀਆਂ ਨੂੰ ਸੁਭਾਸ਼ ਚੰਦਰ ਬੋਸ ਦੀ 'ਆਜ਼ਾਦ ਹਿੰਦ ਫੌਜ' ਲਈ ਵੀ ਭੇਜਿਆ। ਅੱਠ ਅਕਤੂਬਰ 1943 ਨੂੰ ਯੁੱਧ ਵਿਚ ਇਟਲੀ ਦੀ ਹਾਰ ਹੋਈ। ਹਾਲਾਤ ਬਦਲ ਚੁੱਕੇ ਸੀ। ਆਖਰ ਦੋ ਮਈ 1945 ਨੂੰ ਅੰਗਰੇਜ਼ਾਂ ਨੇ ਅਜੀਤ ਸਿੰਘ ਜੀ ਨੂੰ ਬੰਦੀ ਬਣਾ ਲਿਆ।

ਭਾਰਤ ਵਿਚ 1938 ਵਿਚ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿਚ ਅੰਤਰਿਮ ਸਰਕਾਰ ਬਣਦੇ ਹੀ ਅਜੀਤ ਸਿੰਘ ਨੂੰ ਦੇਸ਼ ਵਾਪਸ ਬੁਲਾਉਣ ਦਾ ਅੰਦੋਲਨ ਸ਼ੁਰੂ ਹੋ ਗਿਆ ਸੀ। ਪਰ ਕਾਗਜ਼ੀ ਕਾਰਵਾਈ ਪੂਰੀ ਨਾ ਹੋਣ ਕਾਰਣ ਇਹ ਸੰਭਵ ਨਹੀਂ ਹੋ ਸਕਿਆ। 1946 ਵਿਚ ਕ੍ਰਿਸ਼ਨ ਮੈਨਨ ਰੂਸ ਗਏ। ਉਹਨਾਂ ਨੂੰ ਆਜ਼ਾਦ ਹਿੰਦ ਫੌਜ ਦੇ ਨੇਤਾ ਗਿਰਜਾ ਮੁਖਰਜੀ ਤੋਂ ਅਜੀਤ ਸਿੰਘ ਜੀ 'ਤੇ ਹੋਏ ਜਬਰਾਂ, ਔਖਾਂ ਭਰੇ ਜੀਵਨ ਅਤੇ ਬੀਮਾਰ ਸਿਹਤ ਦੀ ਖ਼ਬਰ ਮਿਲੀ। ਜਨਤਾ ਨੇ ਵਾਇਸਰਾਏ 'ਤੇ ਦਬਾਅ ਪਾਇਆ। ਇਸ ਦਬਾਅ ਦੇ ਸਿੱਟੇ ਵਜੋਂ ਉਹ ਮਾਰਚ 1947 ਵਿਚ ਬੰਦੀ ਜੀਵਨ ਤੋਂ ਆਜ਼ਾਦ ਹੋ ਕੇ ਲਾਹੌਰ ਪਹੁੰਚੇ। ਪਹਿਲੀ ਅਪਰੈਲ 1947 ਨੂੰ ਉਹਨਾਂ ਨੇ ਦੇਸ਼ ਲਈ ਆਪਣਾ ਜੋਸ਼ੀਲਾ ਸੰਦੇਸ਼ ਪ੍ਰਸਾਰਿਤ ਕੀਤਾ। **ਬਾਕੀ ਪੰਨਾ 51 'ਤੇ**

# ਨਵੀਂ ਸਵੇਰ

**ਪੇਸ਼:- ਦਾਤਾ ਸਿੰਘ ਨਮੋਲ**

* ਬੱਚਿਆਂ ਨੂੰ ਸਿਰਫ਼ ਸ਼ਾਂਤੀ ਦੀ ਹੀ ਲੋੜ ਨਹੀਂ ਹੁੰਦੀ, ਸਗੋਂ ਉਹ ਇਹ ਵੀ ਚਾਹੁੰਦੇ ਹਨ ਕਿ ਉਹਨਾਂ ਵਿਚਕਾਰ ਹੋਏ ਲੜਾਈ-ਝਗੜਿਆਂ ਬਾਰੇ ਸਹੀ-ਸਹੀ ਨਿਰਣਾ ਕੀਤਾ ਜਾਵੇ ਕਿ ਕਸੂਰਵਾਰ ਕੌਣ ਸੀ ? ........... **ਲਾਦਾ ਐਦਾਰੋਵਾ** (ਬਾਲ ਵਿਕਾਸ ਅਤੇ ਵਿੱਦਿਆ)

* ਕਿਤਾਬਾਂ ਤੋਂ ਸੱਖਣਾ ਬਚਪਨ ਬਚਪਨ ਨਹੀਂ। ਇਹ ਇੱਕ ਅਜਿਹੀ ਅਦਭੁੱਤ ਥਾਂ ਦਾ ਰਾਹ ਬੰਦ ਕਰ ਦੇਣ ਸਮਾਨ ਹੈ ਜਿੱਥੇ ਜਾ ਕੇ ਤੁਸੀਂ ਦੁਰਲੱਭ ਕਿਸਮ ਦਾ ਆਨੰਦ ਮਾਣ ਸਕਦੇ ਹੋ। ..........**ਅਸਟ੍ਰੇਡ ਲਿੰਡਗ੍ਰੇਨ**

* ਬਾਲਪਣ ਦਾ ਮੁੱਖ ਅਤੇ ਬਹੁਤ ਹੀ ਹੈਰਾਨੀ ਜਨਕ ਖਾਸਾ ਇਹ ਹੈ ਕਿ ਬਾਲ ਆਪਣੇ ਮਾਹੌਲ ਬਾਰੇ ਜਾਣਕਾਰੀ ਸਿਰਜਣਾਤਮਕ ਖੇਡ ਦੁਆਰਾ ਹੀ ਪ੍ਰਗਟ ਕਰਦਾ ਹੈ। ਬਾਲਾਂ ਦੀ ਚਿੱਤਰਕਾਰੀ ਦਾ ਵਿਸ਼ਲੇਸ਼ਣ ਕਰਕੇ ਇੱਕ ਸੱਤਾਂ ਜਾਂ ਅੱਠਾਂ ਸਾਲਾਂ ਦੇ ਬੱਚੇ ਵੱਲੋਂ ਤਿਆਰ ਕੀਤੀ ਪਰੀ ਕਹਾਣੀ ਨੂੰ ਸੁਣ ਕੇ, ਜਾਂ ਕਿਸੇ ਬੱਚੇ ਨੂੰ ਖੇਡਦੇ ਵੇਖ ਕੇ ਤੁਹਾਨੂੰ ਬੱਚਿਆਂ ਦੀਆਂ ਸੋਚਣੀਆਂ ਅਤੇ ਕਲਪਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਯਾਦ ਰੱਖੋ ਕਿਸੇ ਵੀ ਕਲਾਕਾਰ (ਵੱਡੇ ਆਦਮੀ ਜਾਂ ਨਿੱਕੇ ਬੱਚੇ) ਦੀ ਕਿਰਤ, ਹਮੇਸ਼ਾ ਕੁੱਝ ਪੇਸ਼ ਕਰਦੀ ਹੈ, ਇਸ ਪੇਸ਼ਕਾਰੀ ਦਾ ਉਸਦੇ ਨਿੱਜੀ ਵਤੀਰੇ ਨਾਲ ਸੰਬੰਧ ਹੁੰਦਾ ਹੈ।

.... **ਲਾਦਾ ਐਦਾਰੋਵਾ**

* ਵਿਦਿਆਰਥੀਆਂ ਨੂੰ ਗਿਆਨ ਦੀ ਇੱਕ ਬੂੰਦ ਦੇਣ ਲਈ ਅਧਿਆਪਕ ਨੂੰ ਆਪਣੇ ਅੰਦਰ ਗਿਆਨ ਦਾ ਇੱਕ ਸਮੁੰਦਰ ਸੰਜੋਣ ਦੀ ਲੋੜ ਹੁੰਦੀ ਹੈ। ਜਦ ਇੱਕ ਅਧਿਆਪਕ ਦੇ ਗਿਆਨ ਦਾ ਘੇਰਾ ਸਕੂਲ ਪਾਠਕ੍ਰਮ ਨਾਲੋਂ ਵਿਸ਼ਾਲ ਹੋਵੇਗਾ, ਜਦ ਪਾਠਕ੍ਰਮ ਉੱਪਰ ਉਸ ਦੀ ਪਕੜ ਉਸ ਲਈ ਕੇਂਦਰ ਬਿੰਦੂ ਬਨਣ ਦੀ ਬਜਾਏ ਉਸਦੀ ਮਾਨਸਿਕ ਸਰਗਰਮੀ ਦਾ ਇੱਕ ਪਹਿਲੂ ਹੀ ਹੋਵੇਗੀ, ਤਦ ਹੀ ਉਹ ਆਪਣੇ ਕਿੱਤੇ ਦਾ ਸ਼ਾਹ-ਅਸਵਾਰ, ਇੱਕ ਕਲਾਕਾਰ ਤੇ ਅਧਿਆਪਨ ਕਮਰੇ ਦਾ ਕਵੀ ਹੋਵੇਗਾ। ......... **ਸੁਖੋਮਲਿੰਸਕੀ** (ਰੂਸੀ ਸਿੱਖਿਆ ਸ਼ਾਸਤਰੀ)

* ਬੱਚੇ ਨੂੰ ਇਹ ਨਾ ਸਿਖਾਓ ਕਿ ਕੀ ਸੋਚਣਾ ਹੈ, ਉਸਨੂੰ ਸਿਖਾਓ ਕਿ ਕਿਵੇਂ ਸੋਚਣਾ ਹੈ ....... **ਮਾਰਗਰੇਟ ਮੀਡ**

* ਜੇ ਅਸੀਂ ਬੱਚਿਆਂ ਨੂੰ ਬੁਰੀਆਂ ਕਹਾਣੀਆਂ ਸੁਣਾ ਕੇ ਬੀਮਾਰ ਕਰ ਸਕਦੇ ਹਾਂ ਤਾਂ ਅਸੀਂ ਚੰਗੀਆਂ ਕਹਾਣੀਆਂ ਸੁਣਾ ਕੇ ਉਹਨਾਂ ਨੂੰ ਰਾਜ਼ੀ ਵੀ ਕਰ ਸਕਦੇ ਹਾਂ। ...**ਫਾਸਬਿੰਡਰ** (ਜਰਮਨ ਫਿਲਮਕਾਰ)

* ਇਹ ਬਹੁਤ ਅਹਿਮੀਅਤ ਰੱਖਦਾ ਹੈ ਕਿ ਕੁਦਰਤ, ਖੇਡਾਂ, ਸੰਗੀਤ, ਖਿਆਲ-ਉਡਾਰੀਆਂ ਅਤੇ ਰਚਨਾਤਮਕਤਾ ਦੇ ਜਿਸ ਸੰਸਾਰ ਨੇ ਬੱਚੇ ਨੂੰ ਸਕੂਲ ਜਾਣ ਤੋਂ ਪਹਿਲਾਂ ਘੇਰ ਰੱਖਿਆ ਹੁੰਦਾ ਹੈ ਉਸ ਨੂੰ ਸਕੂਲ ਦੇ ਪੜ੍ਹਾਈ ਕਮਰੇ ਤੋਂ ਬਾਹਰ ਨਾ ਰੋਕ ਦਿੱਤਾ ਜਾਵੇ। ......... **ਸੁਖੋਮਲਿੰਸਕੀ**

* ਜੋ ਕਿਤਾਬਾਂ ਤੁਹਾਨੂੰ ਸੋਚਣ ਲਈ ਜਿਨ੍ਹਾਂ ਹੀ ਜ਼ਿਆਦਾ ਮਜ਼ਬੂਰ ਕਰਦੀਆਂ ਹਨ, ਉਹ ਤੁਹਾਡੇ ਲਈ ਉਨ੍ਹੀਆਂ ਹੀ ਜਿਆਦਾ ਮਦਦਗਾਰ ਸਾਬਿਤ ਹੁੰਦੀਆਂ ਹਨ। ਸਿੱਖਣ ਦਾ ਸਭ ਤੋਂ ਮੁਸ਼ਕਿਲ ਤਰੀਕਾ ਹੁੰਦਾ ਹੈ, ਆਰਾਮ ਤਲਬੀ ਨਾਲ ਪੜ੍ਹਣਾ, ਪਰ ਕਿਸੇ ਮਹਾਨ ਚਿੰਤਕ ਦੀ ਇੱਕ ਕਿਤਾਬ ਵਿਚਾਰਾਂ ਦੇ ਇੱਕ ਅਜਿਹੇ ਜਹਾਜ਼ ਦੀ ਤਰ੍ਹਾਂ ਹੁੰਦੀ ਹੈ ਜੋ ਸਚਾਈ ਅਤੇ ਖੂਬਸੂਰਤੀ ਨਾਲ ਤੁੰਨ ਕੇ ਭਰਿਆਂ ਹੁੰਦਾ ਹੈ।......... **ਪਾਬਲੋ ਨੇਰੂਦਾ**

* ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਤੁਸੀਂ ਬੱਚਿਆਂ ਦੇ ਚੰਗੇ ਅਧਿਆਪਕ ਬਣਨਾ ਹੈ ਤਾਂ ਆਪਣਾ ਦਿਲ ਉਹਨਾਂ ਨੂੰ ਸੌਂਪ ਦਿਓ। ਬੱਚਿਆਂ ਨੂੰ ਪਿਆਰਨਾ ਅਧਿਆਪਕਾਂ ਦਾ ਕੰਮ ਹੈ। ...**ਸੁਖੋਮਲਿੰਸਕੀ**

* ਜੇਕਰ ਤੁਹਾਡਾ ਬੱਚਾ ਸਮੇਂ ਸਿਰ ਨਹੀਂ ਉੱਠਦਾ ਜਾਂ ਸਕੂਲ ਜਾਣ ਤੋਂ ਟਾਲਮਟੋਲ ਕਰਦਾ ਹੈ ਤਾਂ :

ਬੱਚੇ ਨੂੰ ਦਿਨ ਵਿਚ ਕਿਸੇ ਚੰਗੀ ਗੱਲ ਦੀ ਆਸ ਨਹੀਂ। ਉਹ ਚਿੰਤਾਵਾਂ, ਵੱਖ ਵੱਖ ਟਕਰਾਵਾਂ, ਚੀਕ-ਚਿਹਾੜੇ ਅਤੇ ਉਸ ਉੱਪਰ ਥੋਪੇ ਗਏ ਜ਼ਬਰੀ ਫਰਜ਼ਾਂ ਦੇ ਬੋਝ ਤੋਂ ਤੰਗ ਹੈ। ਉਸ ਨੂੰ ਸਕੂਲ ਵਿਚ ਕੁੱਝ ਚੰਗਾ ਹੋਣ ਦੀ ਆਸ ਨਹੀਂ।

ਆਪਣੇ ਬੱਚੇ 'ਤੇ ਤਰਸ ਖਾਓ। ਉਸ ਨੂੰ ਉਸ ਮਰੀਜ਼ਆਨਾ ਭਾਵਨਾਵਾਂ ਦੀ ਦਲਦਲ ਵਿਚੋਂ ਨਿਕਲਣ 'ਚ ਸਹਾਰਾ ਦਿਓ। ਯਾਦ ਰੱਖੋ ਕਿ ਉਸ ਦੀ ਢੀਠਤਾ ਅਤੇ ਬੇਚੈਨੀ ਉਸ ਪ੍ਰਤੀ ਤੁਹਾਡੀ ਅਣਗਹਿਲੀ ਦਾ ਨਤੀਜਾ ਹੈ। ਜੇਕਰ ਤੁਸੀਂ ਉਸ ਵੱਲ ਧਿਆਨ ਨਹੀਂ ਦਿੰਦੇ। ਤਾਂ ਉਸ ਦੀ ਸ਼ਖਸ਼ੀਅਤ ਵਿਗੜੇਗੀ ਹੀ। ਕੋਈ ਵੀ ਸਖ਼ਤੀ ਬੱਚੇ ਦੀ ਸ਼ਖਸ਼ੀਅਤ ਸਵਾਰਣ ਵਿਚ ਤੁਹਾਡਾ ਸਾਥ ਨਹੀਂ ਦੇ ਸਕਦੀ। ਹਰ ਨਵੀਂ ਝਾੜ-ਝੰਬ ਮਾਮਲੇ ਨੂੰ ਹੋਰ ਬਦਤਰ ਕਰੇਗੀ। ਉਸ ਵਿਚ ਨਵਾਂ ਜਾਨਣ ਦੀ ਇੱਛਾ ਨਹੀਂ ਰਹੇਗੀ।

* ਕਿਸੇ ਬੱਚੇ ਨੂੰ ਧੱਕੋ-ਜ਼ੋਰੀ ਸਿੱਖਿਆ ਨਾ ਦੇਵੋ, ਉਸ ਨੂੰ ਸਿਰਫ਼ ਇਸਦੀ ਦਿਸ਼ਾ ਦਿਖਾਓ, ਜਿਸ ਨੂੰ ਉਹ ਮਾਣ ਸਕੇ। ਇਸ ਤਰ੍ਹਾਂ ਤੁਸੀਂ ਇੱਕ ਅਦਭੁਤ ਪ੍ਰਤਿਭਾ ਨੂੰ ਖੋਜਣ ਦੇ ਜਿਆਦਾ ਯੋਗ ਬਣ ਸਕੋਂਗੇ। .....**ਪਲੈਟੋ**

94176-77407

**ਯਾਦ ਅਮੁੱਲੀ**

## ਚੰਦਰ ਸ਼ੇਖਰ ਆਜ਼ਾਦ



(ਜਨਮ ਦਿਨ 23 ਜੁਲਾਈ)

ਇਲਾਹਾਬਾਦ ਦੇ ਅਲਫਰੈੱਡ ਪਾਰਕ ਵਿੱਚ ਆਜ਼ਾਦ ਦਾ ਅੰਗਰੇਜ਼ ਪੁਲਿਸ ਨਾਲ ਲੜਦਿਆਂ ਸ਼ਹੀਦ ਹੋ ਜਾਣਾ ਅਚਾਨਕ ਇੱਕ ਘਟਨਾ ਹੀ ਸੀ ਪਰ ਆਪਣੀ ਕਾਲ ਕੋਠੜੀ ਵਿੱਚ ਜਦ ਮੈਂ ਇਹ ਖ਼ਬਰ ਸੁਣੀ ਤਾਂ ਆਜ਼ਾਦ ਦੀ ਇਹ ਗੱਲ "ਕੈਲਾਸ਼! ਭਗਤ ਸਿੰਘ ਨੂੰ ਤਾਂ ਫਾਂਸੀ ਹੀ ਹੋਵੇਗੀ, ਉਸਨੂੰ ਫਾਂਸੀ ਹੋਣ ਤੋਂ ਪਹਿਲਾਂ ਹੀ ਕੁਝ ਕਰਕੇ ਦਿਖਾਉਣਾ ਹੈ.." ਮੈਨੂੰ ਰਹਿ ਰਹਿ ਕੇ ਯਾਦ ਆਉਣ ਲੱਗੀ। ਉਹਨਾਂ ਦੇ ਜੀਵਨ ਵਿੱਚ ਕੁਰਾਹੇ ਪਈ ਹੋਈ ਅਨਪੜ੍ਹ, ਰੂੜ੍ਹੀਵਾਦੀ ਤੇ ਗ਼ੁਰਬਤ ਦੀ ਸ਼ਿਕਾਰ ਜਨਤਾ ਦੇ ਇੱਕ ਇਨਕਲਾਬੀ ਮਾਰਗ ਤੇ ਪੇਸ਼ਕਦਮ ਹੋਣ ਦੀ ਇੱਕ ਸੰਖੇਪ ਮਿਸਾਲ ਸਾਨੂੰ ਮਿਲਦੀ ਹੈ। ਆਜ਼ਾਦ ਦਾ ਜਨਮ ਹੱਦ ਦਰਜੇ ਦੀ ਗਰੀਬੀ, ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਹੋਇਆ ਸੀ। ਉਹ ਕਿਤਾਬਾਂ ਪੜ੍ਹ ਕੇ ਨਹੀਂ ਸਗੋਂ ਰਾਜਨੀਤਕ ਸੰਘਰਸ਼ ਤੇ ਜੀਵਨ ਸੰਘਰਸ਼ ਵਿੱਚ ਆਪਣੇ ਸਰਗਰਮ ਅਨੁਭਵਾਂ ਤੋਂ ਸਿਖਦੇ ਹੋਏ ਹੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕ ਆਰਮੀ ਦੇ ਆਗੂ ਬਣੇ, ਜਿਸਦਾ ਮਕਸਦ ਭਾਰਤ ਵਿੱਚ ਧਰਮ ਨਿਰਪੇਖ, ਜਮਾਤ ਰਹਿਤ ਸਮਾਜਵਾਦੀ ਪਰਜਾਤੰਤਰ ਦੀ ਸਥਾਪਨਾ ਕਰਨਾ ਸੀ। ਇਸੇ ਆਰਮੀ ਦੇ ਮੁਖੀ ਬਲਰਾਜ ਦੇ ਤੌਰ 'ਤੇ ਉਹ ਪੁਲਿਸ ਨਾਲ ਲੜਦੇ ਹੋਏ ਸ਼ਹੀਦ ਹੋਏ। ਇਸ ਤਰ੍ਹਾਂ ਇਹ ਪੂਰੀ ਤਰ੍ਹਾਂ ਉਚਿਤ ਹੀ ਹੈ ਕਿ ਚੰਦਰ ਸ਼ੇਖ਼ਰ ਆਜ਼ਾਦ ਦਾ ਜੀਵਨ ਅਤੇ ਉਨ੍ਹਾਂ ਦਾ ਨਾਂ ਸਾਮਰਾਜਵਾਦੀ ਜ਼ੁਲਮ ਵਿੱਚ ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਫਸੀ ਭਾਰਤੀ ਜਨਤਾ ਦੀ ਇਨਕਲਾਬੀ ਚੇਤਨਾ ਦਾ ਪ੍ਰਤੀਕ ਹੋ ਗਿਆ ਹੈ।

**- ਭਗਵਾਨ ਦਾਸ ਮਹੌਰ**

## ਸ਼ਹੀਦ ਖ਼ੁਦੀ ਰਾਮ ਬੋਸ



11 ਅਗਸਤ 1908 ਨੂੰ ਮੁਜ਼ੱਫਰਪੁਰ ਕਾਂਸੀਪੀਰੈਂਸੀ ਕੇਸ ਅਧੀਨ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ੁਦੀ ਰਾਮ ਬੋਸ ਛੋਟੀ ਉਮਰ ਦੇ ਸ਼ਹੀਦ ਬਣੇ। ਉਹ ਬੰਗਾਲ ਦੇ ਸ਼ਹਾਦਤ ਦਾ ਜਾਮ ਪੀਣ ਵਾਲੇ ਪਹਿਲੇ ਦੇਸ਼ ਭਗਤ ਸਨ। ਫਾਂਸੀਂ 'ਤੇ ਚੜ੍ਹਨ ਵੇਲੇ ਬੋਸ ਦੀ ਉਮਰ 18 ਸਾਲ 8 ਮਹੀਨੇ ਤੇ 11 ਦਿਨ ਸੀ।

## ਇਨਕਲਾਬ ਦਾ ਅਰਥ



ਇਨਕਲਾਬ ਦੇ ਅਰਥ ਹਨ, ਬਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ। ਲੁੱਟ ਖਸੁੱਟ ਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਬਣਾਉਣ ਅਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਚ ਪੀਸੇ ਜਾਣ ਲਈ ਮਜਬੂਰ ਕਰਦਾ ਹੈ। ਸਾਮਰਾਜੀ ਨਿਜ਼ਾਮ ਕਾਰਣ ਲਖੂਖਾਂ ਕਿਰਤੀ, ਕੁੱਲੀ, ਗੁੱਲੀ, ਜੁੱਲੀ ਵਿਦਿਆ ਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ ਜਿਸਦਾ ਕਿਰਤੀ ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਕੇ ਖ਼ੂਨ ਨਹੀਂ ਉਬਾਲੇ ਖਾਂਦਾ। ਕਹਿਰ ਹੈ ਯਾਰੋ, ਜਿਹੜਾ ਆਪਣੀ ਜ਼ਿੰਦਗੀ ਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ। ਉਹ ਆਪ ਰਾਤ ਨੂੰ ਢਿੱਡੋਂ ਖ਼ਾਲੀ ਤੇ ਕੇਵਲ ਨੀਲੇ ਆਕਾਸ਼ ਥੱਲੇ ਸੌਂਵੇ ? ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ 'ਤੇ ਖੜ੍ਹਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ। ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਵੇਗਾ। ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜ਼ਾਮਨੀ ਹੈ।

**ਸ਼ਹੀਦ ਊਧਮ ਸਿੰਘ (ਸ਼ਹਾਦਤ 31 ਜੁਲਾਈ, 1940)**
**(ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਵਿੱਚ ਬੋਲਦਿਆਂ)**

---

## ਅਮਰ ਕਵਿਤਾ



ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ,
ਠੀਕ ਠੀਕ ਤੇ, ਖ਼ੱਚ ਨੂੰ ਖ਼ਚ ਆਖੇ।
ਜੋ ਕੁਝ ਕਹਿਣਾ ਉਹ ਕਵ੍ਹੇ ਨਿਧੜਕ ਹੋ ਕੇ,
ਟੱਪ ਟੱਪ ਆਖੇ, ਨੱਚ ਨੱਚ ਆਖੇ।
'ਆਲਮ' ਓਸੇ ਦੀ ਰਹੇਗੀ ਅਮਰ ਕਵਿਤਾ,
ਜੋ ਝੂਠ ਨੂੰ ਝੂਠ, ਤੇ ਸੱਚ ਨੂੰ ਸੱਚ ਆਖੇ।

**- ਗੁਰਦਾਸ ਰਾਮ ਆਲਮ**

**ਰੌਸ਼ਨੀ ਦੇ ਫੁੱਲ ਲੈ ਕੇ ਤੁਰੇ ਜਾਓ, ਤੁਰੇ ਜਾਓ। ... ਮੋਹਨਜੀਤ**

## ਸੱਭਿਅਤਾ ਦਾ ਮੁੱਢ

**ਫਰਾਂਸਿਸਕੋ ਕਿਊਰੇਟ**
**ਇਰਾ ਬਿਅੌਕ**



ਬਹੁਤ ਸਾਲ ਪਹਿਲਾਂ ਐਂਥਰੋਪੋਲੋਜਿਸਟ(ਮਾਨਵ ਵਿਗਿਆਨੀ) ਮਾਰਗਰੇਟ ਮੀਡ ਨੂੰ ਇੱਕ ਵਿਦਿਆਰਥੀ ਨੇ ਸਵਾਲ ਕੀਤਾ ਕਿ ਉਸਦੇ ਖਿਆਲ ਮੁਤਾਬਕ ਕਿਸੇ ਸਭਿਆਚਾਰ ਵਿੱਚ ਸਭਿਅਤਾ ਦਾ ਪਹਿਲਾ ਨਿਸ਼ਾਨ ਕੀ ਮੰਨਿਆ ਜਾ ਸਕਦਾ ਹੈ ?

ਵਿਦਿਆਰਥੀ ਦਾ ਖਿਆਲ ਸੀ ਕਿ ਬੀਬੀ ਮਾਰਗਰੇਟ ਮੱਛੀਆਂ ਫੜ੍ਹਨ ਵਾਲੇ ਕਾਂਟਿਆਂ, ਮਿੱਟੀ ਦੇ ਭਾਂਡਿਆਂ ਜਾਂ ਸਾਣ ਚੜ੍ਹਨ ਵਾਲ਼ੇ ਪੱਥਰਾਂ ਦਾ ਨਾਂ ਲਵੇਗੀ। ਪਰ ਨਹੀਂ। ਮੀਡ ਨੇ ਕਿਹਾ ਕਿ ਕਿਸੇ ਪ੍ਰਾਚੀਨ ਸਭਿਆਚਾਰ ਵਿੱਚ ਸਭਿਅਤਾ ਦਾ ਪਹਿਲਾ ਨਿਸ਼ਾਨ ਸੀ ਪੱਟ ਦੀ ਉਹ ਹੱਡੀ, ਜਿਹੜੀ ਟੁੱਟ ਗਈ ਸੀ ਤੇ ਫਿਰ ਜੁੜ ਵੀ ਗਈ। ਉਸ ਦੱਸਿਆ ਕਿ ਪ੍ਰਾਣੀ ਜਗਤ ਵਿੱਚ ਜੇ ਤੁਹਾਡੀ ਲੱਤ ਟੁੱਟ ਗਈ ਤਾਂ ਮਤਲਬ ਤੁਸੀਂ ਮਰ ਗਏ। ਤੁਸੀਂ ਖ਼ਤਰੇ ਤੋਂ ਬਚਣ ਲਈ ਭੱਜ ਨਹੀਂ ਸਕਦੇ। ਪਾਣੀ ਪੀਣ ਲਈ ਦਰਿਆ 'ਤੇ ਨਹੀਂ ਜਾ ਸਕਦੇ। ਤੇ ਨਾ ਹੀ ਖਾਣ ਲਈ ਸ਼ਿਕਾਰ ਕਰ ਸਕਦੇ ਹੋ। ਤੁਸੀਂ ਛੇਤੀ ਹੀ ਸ਼ਿਕਾਰੀ ਜਾਨਵਰਾਂ ਦਾ ਸ਼ਿਕਾਰ ਬਣ ਜਾਵੋਗੇ। ਕੋਈ ਜਾਨਵਰ ਟੁੱਟੀ ਲੱਤ ਨਾਲ ਏਨਾ ਚਿਰ ਜ਼ਿੰਦਾ ਨਹੀਂ ਰਹਿ ਸਕਦਾ ਕਿ ਉਸਦੀ ਲੱਤ ਦੀ ਹੱਡੀ ਜੁੜ ਜਾਵੇ।

ਲੱਤ ਜੁੜ ਜਾਣਾ ਇਸ ਗੱਲ ਦਾ ਸਬੂਤ ਸੀ ਕਿ ਕੋਈ ਹੋਰ ਇਨਸਾਨ ਸਮਾਂ ਕੱਢ ਕੇ ਟੁੱਟੀ ਲੱਤ ਵਾਲ਼ੇ ਦੀ ਮੱਦਦ ਕਰ ਰਿਹਾ ਸੀ। ਉਸਦੇ ਜ਼ਖ਼ਮ (ਟੁੱਟੀ ਹੱਡੀ) ਨੂੰ ਬੰਨ੍ਹਿਆ। ਜ਼ਖਮੀ ਨੂੰ ਸਹਾਰਾ ਦੇ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਤੇ ਠੀਕ ਹੋਣ ਤੱਕ ਉਸਦੀ ਤੀਮਾਰਦਾਰੀ ਕੀਤੀ। ਬੀਬੀ ਮਾਰਗਰੇਟ ਨੇ ਕਿਹਾ ਕਿ ਔਖੇ ਵੇਲੇ ਕਿਸੇ ਦੀ ਮੱਦਦ ਕਰਨ ਤੋਂ ਹੀ ਸੱਭਿਅਤਾ ਦਾ ਮੁੱਢ ਬੱਝਦਾ ਹੈ।

ਅਸੀਂ ਸਭ ਤੋਂ ਚੰਗੇ ਇਨਸਾਨ ਉਦੋਂ ਹੀ ਹੁੰਦੇ ਹਾਂ ਜਦੋਂ ਅਸੀਂ ਹੋਰਨਾਂ ਦੀ ਸੇਵਾ ਕਰਦੇ ਹਾਂ। ਸੱਭਿਅਕ ਹੋਣਾ ਹੀ ਮਨੁੱਖ ਹੋਣ ਦੀ ਨਿਸ਼ਾਨੀ ਹੈ।

**ਪੇਸ਼ਕਸ਼ : ਨਵਸ਼ਰਨ**

## ਸੱਚੇ ਬੋਲ

ਨਰਕ ਸੁਰਗ ਦੀ ਕੂੜ ਕਲਪਨਾ,
ਕੀਤੀ ਭਾਰਤ ਵਰਸ਼ੀ ਰਿਖੀਆਂ ।
ਅਟਕਲ-ਪੱਚੂ ਜੋ ਮਨ ਆਈਆਂ,
ਠੋਸ ਹਕੀਕਤ ਕਹਿ-ਕਹਿ ਲਿਖੀਆਂ ।

ਪੁਰਖਿਆਂ ਕੋਲ ਪ੍ਰਾਪਤ ਨਾ ਸੀ,
ਅੱਜ ਵਰਗੀ ਵਿਗਿਆਨਕ ਸੂਹ ।
ਉਹ ਮੰਨ ਬੈਠੇ ਚੇਤੰਨਤਾ ਨੂੰ,
ਜਨਮ ਕਿਸੇ ਪਿਛਲੇ ਦੀ ਰੂਹ ।



ਜਨਮ ਸਮੇਂ ਨਾ ਸਨ ਸਾਡੇ ਵਿੱਚ,
ਰੂਹ ਚੇਤੰਨਤਾ ਅਕਲ ਵਜੂਦ ।
ਇਹ ਵੀ ਵਿਕਸਤ ਹੁੰਦੀਆਂ ਗਈਆਂ,
ਜਿਉਂ-ਜਿਉਂ ਵਧਦਾ ਗਿਆ ਵਜੂਦ ।

ਸਾਇੰਸਦਾਨ ਬੁੱਝਣ ਲੱਗੇ,
ਪ੍ਰਕ੍ਰਿਤੀ ਦਾ ਗੁਹਜ ਗਿਆਨ ।
ਫਸਿਆ ਵਹਿਮਾਂ ਵਿੱਚ ਇਨਸਾਨ.....

**- ਕਰਨੈਲ ਸਿੰਘ ਪਾਰਸ ਰਾਮੂਵਾਲੀਆ**

---

## ਪੁਸਤਕ ਸੰਵਾਦ



ਜੋ ਕਿਤਾਬਾਂ ਤੁਹਾਨੂੰ ਸੋਚਣ ਲਈ ਜਿਨ੍ਹਾਂ ਹੀ ਜ਼ਿਆਦਾ ਮਜ਼ਬੂਰ ਕਰਦੀਆਂ ਹਨ ਉਹ ਤੁਹਾਡੇ ਲਈ ਉਨ੍ਹੀਆਂ ਹੀ ਜ਼ਿਆਦਾ ਮੱਦਦਗਾਰ ਸਾਬਤ ਹੁੰਦੀਆਂ ਹਨ। ਸਿੱਖਣ ਦਾ ਸਭ ਤੋਂ ਮੁਸ਼ਕਿਲ ਤਰੀਕਾ ਹੁੰਦਾ ਹੈ, ਆਰਾਮ ਤਲਬੀ ਨਾਲ ਪੜ੍ਹਨਾ ਪਰ ਕਿਸੇ ਮਹਾਨ ਚਿੰਤਕ ਦੀ ਇੱਕ ਕਿਤਾਬ ਵਿਚਾਰਾਂ ਦੇ ਇੱਕ ਐਸੇ ਜ਼ਹਾਜ਼ ਦੀ ਤਰ੍ਹਾਂ ਹੁੰਦੀ ਹੈ ਜੋ ਸੱਚਾਈ ਅਤੇ ਖੂਬਸੂਰਤੀ ਨਾਲ ਤੁੰਨ ਕੇ ਭਰਿਆ ਹੁੰਦਾ ਹੈ।"

**ਪਾਬਲੋ ਨੇਰੂਦਾ**



# ਬਾਲ ਪੰਨਾ

ਬੂਟਾ ਸਿੰਘ ਵਾਕਫ਼



## ਮੌਨਸੂਨ ਦਾ ਪੂਰਵ ਅਨੁਮਾਨ ?

ਬੱਚਿਓ, ਸਾਡੇ ਦੇਸ਼ ਭਾਰਤ ਵਿਚ ਇੱਕ ਸਾਲ ਵਿਚ ਛੇ ਰੁੱਤਾਂ ਆਉਂਦੀਆਂ ਹਨ। ਸਰਦੀ ਰੁੱਤ, ਗਰਮੀ ਰੁੱਤ, ਵਰਖਾ ਰੁੱਤ, ਪੱਤਝੜ ਰੁੱਤ ਤੇ ਹੇਮੰਤ ਰੁੱਤ (ਸਰਦੀ ਸ਼ੁਰੂ ਹੋਣ ਤੋਂ ਪਹਿਲਾਂ ਦਾ ਮਹੀਨਾ)। ਸਾਡੇ ਦੇਸ਼ ਵਿਚ ਅੱਧ ਅਪ੍ਰੈਲ ਤੋਂ ਅੱਧ ਜੂਨ ਤੱਕ ਗਰਮ ਤੇ ਖੁਸ਼ਕ ਰੁੱਤ ਹੁੰਦੀ ਹੈ। ਇਸ ਰੁੱਤ ਦੌਰਾਨ ਤੇਜ਼ ਵਗਦੀ ਖੁਸ਼ਕ ਹਵਾ ਜਿਸ ਨੂੰ ਲੂ ਆਖਦੇ ਹਨ, ਮਨੁੱਖਾਂ ਸਮੇਤ ਹੋਰਨਾਂ ਜੀਵ ਜੰਤੂਆਂ ਨੂੰ ਹਾਲੋਂ ਬੇਹਾਲ ਕਰ ਛੱਡਦੀ ਹੈ। ਇਸ ਗਰਮ ਤੇ ਖੁਸ਼ਕ ਰੁੱਤ ਨੂੰ ਹੰਢਾਉਂਦਿਆਂ ਸਾਨੂੰ ਸਭ ਨੂੰ ਵਰਖਾ ਰੁੱਤ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਵਰਖਾ ਰੁੱਤ ਨੂੰ ਮੌਨਸੂਨ ਰੁੱਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਰਤ ਦੀ ਕੁੱਲ ਵਰਖਾ ਦਾ 80 ਤੋਂ 85 ਫੀਸਦੀ ਵਰਖਾ ਇਸੇ ਰੁੱਤ ਦੌਰਾਨ ਮੌਨਸੂਨ ਪੌਣਾਂ ਰਾਹੀਂ ਹੁੰਦੀ ਹੈ। ਸਾਡੇ ਦੇਸ਼ ਦੀ ਆਰਥਿਕਤਾ ਵੀ ਮੌਨਸੂਨ ਰੁੱਤ ਦੌਰਾਨ ਹੋਣ ਵਾਲੀ ਵਰਖਾ 'ਤੇ ਹੀ ਨਿਰਭਰ ਕਰਦੀ ਹੈ। ਅਰਬ ਸਾਗਰ ਉਪਰੋਂ ਦੀ ਲੰਘਦੀਆਂ ਹੋਈਆਂ ਮੌਨਸੂਨ ਪੌਣਾਂ ਆਮ ਤੌਰ 'ਤੇ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਕੇਰਲ ਦੇ ਤੱਟ ਨਾਲ ਟਕਰਾ ਕੇ ਮੌਨਸੂਨ ਵਰਖਾ ਦਾ ਆਗਾਜ਼ ਕਰਦੀਆਂ ਹਨ। ਜੁਲਾਈ ਦੇ ਪਹਿਲੇ ਹਫ਼ਤੇ ਤੱਕ ਇਹ ਪੌਣਾਂ ਤਕਰੀਬਨ ਪੂਰੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈ ਲੈਂਦੀਆਂ ਹਨ ਤੇ ਹਿਮਾਲਿਆ ਪਰਬਤ ਨਾਲ ਟਕਰਾਉਂਦੀਆਂ ਹੋਈਆਂ ਦੇਸ਼ ਭਰ ਵਿਚ ਭਰਵੀਂ ਵਰਖਾ ਕਰਦੀਆਂ ਹਨ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਕਦੋਂ ਤੇ ਕਿੰਨੀ ਕੁ ਮੌਨਸੂਨੀ ਵਰਖਾ ਹੋਵੇਗੀ, ਇਸ ਦਾ ਪੂਰਵ ਅਨੁਮਾਨ ਸਾਡੇ ਮੌਸਮ ਮਾਹਿਰ ਕਿਵੇਂ ਲਗਾਉਂਦੇ ਹਨ। ਆਓ ਜਾਨਣ ਦੀ ਕੋਸ਼ਿਸ਼ ਕਰੀਏ...



**ਭਾਰਤੀ ਬਜਟ ਦਾ ਜੂਆ** : ਭਾਰਤ ਵਿਚ ਮੌਨਸੂਨ ਰੁੱਤ ਆਮ ਤੌਰ 'ਤੇ ਜੂਨ ਦੇ ਪਹਿਲੇ ਹਫ਼ਤੇ ਤੋਂ ਸਤੰਬਰ ਦੇ ਅੰਤ ਤੱਕ ਲਗਭਗ ਚਾਰ ਮਹੀਨੇ ਰਹਿੰਦੀ ਹੈ। ਸਤੰਬਰ ਮਹੀਨੇ ਨੂੰ ਵਾਪਸ ਮੁੜਦੀਆਂ ਮੌਨਸੂਨ ਪੌਣਾਂ ਦੀ ਰੁੱਤ ਵੀ ਕਿਹਾ ਜਾਂਦਾ ਹੈ। ਇਨ੍ਹਾਂ ਚਾਰ ਮਹੀਨਿਆਂ ਦੌਰਾਨ ਹਰ ਮਹੀਨੇ ਔਸਤਨ 200-300 ਮਿਲੀਮੀਟਰ ਵਰਖਾ ਨੋਟ ਕੀਤੀ ਜਾਂਦੀ ਹੈ। ਦੱਖਣ-ਪੱਛਮੀ ਮੌਨਸੂਨ ਪੌਣਾਂ ਰਾਹੀਂ ਦੇਸ਼ ਦੇ ਲਗਭਗ ਸਾਰੇ ਖੇਤਰਾਂ ਵਿਚ ਭਾਰੀ ਬਰਸਾਤ ਹੁੰਦੀ ਹੈ। ਕਈ ਵਾਰ ਇਹ ਬਰਸਾਤ ਆਮ ਨਾਲੋਂ ਘੱਟ ਹੁੰਦੀ ਹੈ ਜਿਸ ਕਾਰਣ ਕਈ ਖੇਤਰਾਂ ਵਿਚ ਸੋਕੇ ਜਿਹੀ ਸਥਿਤੀ ਉਤਪੰਨ ਹੋ ਜਾਂਦੀ ਹੈ। ਕਈ ਵਾਰ ਲੋੜ ਤੋਂ ਜ਼ਿਆਦਾ ਵਰਖਾ ਹੋਣ ਕਰਕੇ ਪਰਲੋ ਵਰਗੀ ਸਥਿਤੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।ਕਈ ਵਾਰ ਬਰਸਾਤ ਸਮੇਂ ਸਿਰ ਵੀ ਨਹੀਂ ਹੁੰਦੀ। ਕਈ ਵਾਰ ਮੌਨਸੂਨ ਸਮੇਂ ਤੋਂ ਪਹਿਲਾਂ ਅਤੇ ਕਈ ਵਾਰ ਕਾਫੀ ਪਛੜ ਵੀ ਜਾਂਦੀ ਹੈ। ਸ਼ਾਇਦ ਇਸੇ ਕਰਕੇ ਇਸ ਮੌਨਸੂਨ ਨੂੰ ਭਾਰਤੀ ਬਜਟ ਦਾ ਜੂਆ ਵੀ ਮੰਨਿਆ ਜਾਂਦਾ ਹੈ।



**ਮੌਸਮੀ ਭਵਿੱਖਬਾਣੀ ਦਾ ਆਧੁਨਿਕ ਮਾਡਲ** : ਮੌਨਸੂਨ ਰੁੱਤ ਦੌਰਾਨ ਕਦੋਂ ਤੇ ਕਿੰਨੀ ਕੁ ਵਰਖਾ ਹੋਵੇਗੀ, ਦਿਨ ਦਾ ਤਾਪਮਾਨ ਕਿੰਨਾ ਰਹੇਗਾ, ਹਵਾ ਦੀ ਦਿਸ਼ਾ ਤੇ ਗਤੀ ਕਿੰਨੀ ਤੇ ਹਵਾ ਵਿਚ ਨਮੀ ਕਿੰਨੀ ਰਹੇਗੀ ਆਦਿ ਗੱਲਾਂ ਦਾ ਅਨੁਮਾਨ ਸਾਡੇ ਮੌਸਮ ਵਿਗਿਆਨੀ ਵੱਖ-ਵੱਖ ਤੱਥਾਂ ਦਾ ਅਧਿਐਨ ਕਰਕੇ ਕਈ ਮਹੀਨੇ ਪਹਿਲਾਂ ਹੀ ਲਗਾ ਲੈਂਦੇ ਹਨ। ਪਿਛਲੇ ਕੁਝ ਸਾਲਾਂ ਤੋਂ ਭਾਰਤੀ ਮੌਸਮ ਵਿਗਿਆਨੀਆਂ ਨੇ ਮੌਸਮ ਦੀ ਭਵਿੱਖਬਾਣੀ ਕਰਨ ਵਾਲੇ ਇੱਕ ਨਵੇਂ ਮਾਡਲ ਦੀ ਸਥਾਪਨਾ ਕੀਤੀ ਹੈ। ਇਸ ਆਧੁਨਿਕ ਮਾਡਲ ਰਾਹੀਂ ਆਉਣ ਵਾਲੇ 40 ਦਿਨਾਂ ਦੇ ਮੌਸਮ ਦੀ ਭਵਿੱਖਬਾਣੀ ਲਗਭਗ 95 ਫੀਸਦੀ ਭਰੋਸੇ-ਯੋਗਤਾ ਨਾਲ ਕੀਤੀ ਜਾ ਸਕਦੀ



ਹੈ। ਦੇਸ਼ ਦੇ ਵੱਖ-ਵੱਖ ਸਥਾਨਾਂ ਦੀਆਂ ਧਰਾਤਲੀ ਹਾਲਤਾਂ ਸਮੇਤ ਉੱਥੋਂ ਦੇ ਤਾਪਮਾਨ, ਹਵਾ ਦੀ ਦਿਸ਼ਾ, ਹਵਾ ਦੇ ਦਬਾਅ, ਬਰਫ਼ਬਾਰੀ ਆਦਿ ਸਮੇਤ ਕੁੱਲ ਅੱਠ ਤੱਥਾਂ ਦਾ ਸੂਖਮਤਾ ਨਾਲ ਅਧਿਐਨ ਕੀਤਾ ਜਾਂਦਾ ਹੈ। ਇਸ ਤੋਂ ਪਹਿਲੇ ਮਾਡਲ ਵਿਚ 12 ਜਾਂ ਇਸ ਤੋਂ ਵੱਧ ਤੱਥਾਂ ਦਾ ਅਧਿਐਨ ਕਰਨਾ ਹੁੰਦਾ ਸੀ। ਨਵੇਂ ਮਾਡਲ ਅਨੁਸਾਰ ਹਰ ਮਹੀਨੇ ਵਾਯੂਮੰਡਲ ਵਿਚ 6 ਤੋਂ 20 ਕਿਲੋਮੀਟਰ ਦੀ ਉਚਾਈ ’ਤੇ ਵਗਣ ਵਾਲੀਆਂ ਪੌਣਾਂ ਦੀ ਦਿਸ਼ਾ ਦਾ ਅਧਿਐਨ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਜਨਵਰੀ ਤੋਂ ਅਪ੍ਰੈਲ ਮਹੀਨੇ ਤੱਕ ਪੂਰੇ ਉੱਤਰੀ ਗੋਲਾ ਅਰਧ ਦੇ ਤਾਪਮਾਨ ਨੂੰ ਨਿਯਮਿਤ ਰੂਪ ਵਿਚ ਨੋਟ ਕੀਤਾ ਜਾਂਦਾ ਹੈ। ਦੂਸਰੇ ਪਾਸੇ ਇਸ ਸਮੇਂ ਦੌਰਾਨ ਉੱਤਰੀ ਭਾਰਤ ਦਾ ਘੱਟੋ-ਘੱਟ ਤਾਪਮਾਨ, ਭਾਰਤ ਦੇ ਪੂਰਬੀ ਸਮੁੰਦਰੀ ਤੱਟ ਦਾ ਘੱਟੋ-ਘੱਟ ਤਾਪਮਾਨ, ਮੱਧ ਭਾਰਤ ਦਾ ਘੱਟੋ-ਘੱਟ ਤਾਪਮਾਨ ਵੀ ਰਿਕਾਰਡ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਖੇਤਰਾਂ ਵਿਚ ਵਗਣ ਵਾਲੀ ਹਵਾ ਦੀ ਦਿਸ਼ਾ, ਹਵਾ ਦਾ ਦਬਾਓ ਤੇ ਵਾਯੂਮੰਡਲੀ ਨਮੀ ਵਰਗੇ ਕਾਰਕਾਂ, ਬਸੰਤ ਰੁੱਤ ਦੌਰਾਨ ਦੱਖਣੀ ਭਾਰਤ ਦੀਆਂ ਇਨ੍ਹਾਂ ਸਾਰੀਆਂ ਮੌਸਮੀ ਹਾਲਤਾਂ ਦਾ ਅਧਿਐਨ ਅਤੇ ਜਨਵਰੀ ਤੋਂ ਮਈ ਮਹੀਨੇ ਤੱਕ ਹਿੰਦ ਮਹਾਂਸਾਗਰ ਤੇ ਵਾਯੂਮੰਡਲੀ ਦਬਾਓ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਦੇਸ਼ ਦੇ ਪਰਬਤੀ ਖੇਤਰਾਂ ਤੇ ਯੂਰੇਸ਼ੀਅਨ ਖੇਤਰ ਵਿਚ ਹੋਣ ਵਾਲੀ ਬਰਫ਼ਬਾਰੀ ਦਾ ਅਧਿਐਨ ਵੀ ਕੀਤਾ ਜਾਂਦਾ ਹੈ। ਇਨ੍ਹਾਂ ਤੱਥਾਂ ਦੀ ਪੜਤਾਲ ਲਈ ਸਾਰੇ ਦੇਸ਼ ਨੂੰ ਚਾਰ ਭਾਗਾਂ ਵਿਚ ਵੰਡਿਆ ਜਾਂਦਾ ਹੈ ਤੇ ਹਰ ਭਾਗ ਦੀਆਂ ਧਰਾਤਲੀ ਤੇ ਮੌਸਮੀ ਹਾਲਤਾਂ ’ਤੇ ਲਗਾਤਾਰ ਨਜ਼ਰ ਰੱਖੀ ਜਾਂਦੀ ਹੈ। ਇਸ ਦੌਰਾਨ ਸਮੇਂ-ਸਮੇਂ ’ਤੇ ਹੋਣ ਵਾਲੀਆਂ ਤਬਦੀਲੀਆਂ ਦੇ ਅੰਕੜਿਆਂ ਨੂੰ ਨੋਟ ਕੀਤਾ ਜਾਂਦਾ ਹੈ। ਇਹ ਸਾਰੇ ਅੰਕੜੇ ਉਪਗ੍ਰਹਿਆਂ ਅਤੇ ਹੋਰਨਾਂ ਭੂਗੋਲਿਕ ਉਪਕਰਨਾਂ ਦੀ ਸਹਾਇਤਾ ਨਾਲ ਪ੍ਰਾਪਤ ਕੀਤੇ ਜਾਂਦੇ ਹਨ। ਪ੍ਰਾਪਤ ਅੰਕੜਿਆਂ ਦਾ ਸੂਖਮਤਾ ਨਾਲ ਅਧਿਐਨ ਕਰਨ ਉਪਰੰਤ ਦੇਸ਼ ਅੰਦਰ ਆਉਣ ਵਾਲੀਆਂ ਮੌਸਮੀ ਹਾਲਤਾਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ।



**ਅੰਕੜਿਆਂ ਦਾ ਸ਼ੁੱਧ ਹੋਣਾ ਜ਼ਰੂਰੀ** : ਮੌਸਮ ਦੇ ਪੂਰਵ ਅਨੁਮਾਨ ਸਬੰਧੀ ਅੰਕੜਿਆਂ ਨੂੰ ਇੱਕਤਰ ਕਰਨ ਸਮੇਂ, ਅੰਕੜਿਆਂ ਦੀ ਗਣਨਾ ਕਰਨ ਸਮੇਂ ਵਰਤੀ ਗਈ ਮਾਮੂਲੀ ਅਣਗਹਿਲੀ ਅਤੇ ਕਿਸੇ ਕੁਦਰਤੀ ਕਾਰਨ ਕਰਕੇ ਮੌਸਮੀ ਤਕਾਜ਼ਿਆਂ ਦੀ ਤਬਦੀਲੀ ਦਾ ਅਸਰ ਮੌਨਸੂਨ ਦੀ ਭਵਿੱਖਬਾਣੀ ’ਤੇ ਸਪਸ਼ਟ ਰੂਪ ਵਿਚ ਪੈਂਦਾ ਹੈ। ਸਾਲ 2004 ਵਿਚ ਜੂਨ ਦੇ ਆਖਰੀ ਦਿਨਾਂ ਵਿਚ ਹਿੰਦ ਮਹਾਂਸਾਗਰ ਦੇ ਮੱਧਵਰਤੀ ਖੇਤਰ ਵਿਚ ਤਾਪਮਾਨ ਦਾ ਇੱਕ ਦਮ ਵਧ ਜਾਣਾ ਉਸ ਸਾਲ ਦੀ ਮੌਨਸੂਨ ਦੀ ਭਵਿੱਖਬਾਣੀ ਗਲਤ ਸਾਬਤ ਹੋਣ ਦਾ ਕਾਰਨ ਬਣਿਆ ਸੀ। ਅਜਿਹੀ ਹਾਲਤ ਕਦੇ ਵੀ ਪੈਦਾ ਹੋ ਸਕਦੀ ਹੈ।



**ਭਵਿੱਖਬਾਣੀ ਤੇ ਐਲਨੀਨੋ ਦਾ ਪ੍ਰਭਾਵ** : ਕਿਸੇ ਸਾਲ ਦੌਰਾਨ ਮੌਨਸੂਨ ਕਿੰਨੀ ਕੁ ਭਰਵੀਂ ਰਹੇਗੀ, ਸਧਾਰਨ ਰਹੇਗੀ ਜਾਂ ਸਧਾਰਨ ਤੋਂ ਵੀ ਘੱਟ ਰਹੇਗੀ ਇਹ ਗੱਲ ਸਮੁੰਦਰੀ ਪ੍ਰਕਿਰਿਆ ‘ਐਲਨੀਨੋ’ ਤੇ ਵੀ ਨਿਰਭਰ ਕਰਦੀ ਹੈ। ਐਲਨੀਨੋ ਇੱਕ ਅਜਿਹੀ ਸਮੁੰਦਰੀ ਘਟਨਾ ਹੈ ਜਿਹੜੀ ਮੌਨਸੂਨ ਦਾ ਰੁਖ ਤਹਿ ਕਰਨ ਵਿਚ ਆਪਣਾ ਅਹਿਮ ਰੋਲ ਨਿਭਾਉਂਦੀ ਹੈ। ਸਮੁੰਦਰੀ ਤਾਪਮਾਨ ਅਤੇ ਵਾਯੂਮੰਡਲੀ ਹਾਲਤਾਂ ਵਿਚ ਤਬਦੀਲੀ ਲਿਆਉਣ ਵਾਲੀ ਸਮੁੰਦਰੀ ਘਟਨਾ/ਪ੍ਰਕਿਰਿਆ ਨੂੰ ‘ਅਲ-ਨੀਨੋ’ ਆਖਦੇ ਹਨ। ਇਸ ਲਈ ਮੌਨਸੂਨ ਦੀ ਭਵਿੱਖਬਾਣੀ ਕਰਨ ਲਈ ਉਕਤ ਸਾਰੇ ਤੱਥਾਂ ਦੇ ਅਧਿਐਨ ਦੇ ਨਾਲ ਨਾਲ ਐਲ-ਨੀਨੋ ਦੀਆਂ ਗਤੀਵਿਧੀਆਂ ’ਤੇ ਵੀ ਨਜ਼ਰ ਰੱਖਣੀ ਬੇਹੱਦ ਜ਼ਰੂਰੀ ਹੋ ਜਾਂਦੀ ਹੈ। ਮੌਸਮ ਵਿਗਿਆਨੀਆਂ ਵੱਲੋਂ ਮੌਨਸੂਨ ਦੀ ਭਵਿੱਖਬਾਣੀ ਆਮ ਤੌਰ ’ਤੇ ਮੱਧ ਅਪ੍ਰੈਲ ਤੋਂ ਮੱਧ ਮਈ ਦੇ ਸਮੇਂ ਦੌਰਾਨ ਕਰ ਦਿੱਤੀ ਜਾਂਦੀ ਹੈ।



**ਮੌਸਮੀ ਭਵਿੱਖਬਾਣੀ ਤੇ ਅੰਧਵਿਸ਼ਵਾਸ** : ਕਈ ਵਾਰ ਕਈ ਅਖੌਤੀ ਸਾਧ ਸਿਆਣੇ ਲੋਕਾਂ ਵਿਚ ਡਰ ਪੈਦਾ ਕਰਨ ਤੇ ਆਪਣਾ ਉੱਲੂ ਸਿੱਧਾ ਰੱਖਣ ਖਾਤਰ ਮੌਸਮ ਦੀ ਡਰਾਵਣੀ ਭਵਿੱਖਬਾਣੀ ਕਰ ਛੱਡਦੇ ਹਨ ਅਤੇ ਪਹਿਲਾਂ ਤੋਂ ਹੀ ਆਰਥਿਕਤਾ ਦੀ ਮਾਰ ਝੱਲ ਲੋਕਾਂ ਨੂੰ ਵੱਧ ਤੋਂ ਵੱਧ ਦਾਨ ਪੁੰਨ ਕਰਨ ਦੇ ਨਾਂ ’ਤੇ ਅਕਸਰ ਹੀ ਲੁੱਟਦੇ ਹਨ। ਅਜਿਹੇ ਚਾਲਾਕ ਲੋਕਾਂ ਦੀਆਂ ਚਾਲਾਂ ਵਿਚ ਫਸਣ ਤੋਂ ਬਚਣਾ ਚਾਹੀਦਾ ਹੈ। ਅੱਜ ਤੱਕ ਅਨੇਕਾਂ ਅਖੌਤੀ ਸਿਆਣਿਆਂ ਦੀਆਂ ਭਵਿੱਖਬਾਣੀਆਂ ਗਲਤ ਸਾਬਤ ਹੋਈਆਂ ਹਨ। ਅਜਿਹੇ ਲੋਕਾਂ ਦੀ ਗ੍ਰਿਫਤ ਵਿਚ ਆਉਣ ਦੀ ਬਜਾਏ ਵਿਗਿਆਨ ਅਤੇ ਤਰਕ ’ਤੇ ਪਹਿਰਾ ਦੇਣਾ ਜ਼ਰੂਰੀ ਹੈ।

**98762-24461**

# ਜੀਨ ਦੇ ਯੋਗਦਾਨ ਸਬੰਧੀ ਭਰਮ



**ਯੋਧਾ ਸਿੰਘ**

ਜੀਵ-ਵਿਗਿਆਨ ਦੇ ਖੇਤਰ 'ਚ 19ਵੀਂ-20ਵੀਂ ਸਦੀ ਦਾ ਆਪਣਾ ਇੱਕ ਖਾਸ ਮਹੱਤਵ ਹੈ ਕਿਉਂਕਿ 1848 'ਚ ਡਾਰਵਿਨ ਦੀ ਕਿਤਾਬ "ਜੀਵ ਦੀ ਉਤਪਤੀ" ਛਪਦੀ ਹੈ ਜੋ ਸਦੀਆਂ ਤੋਂ ਚੱਲੇ ਆ ਰਹੇ ਰੱਬੀ ਤਾਕਤਾਂ ਦੁਆਰਾ ਜੀਵਨ ਸਿਰਜਣਾ ਦੇ ਸਿਧਾਂਤਾਂ ਨੂੰ ਮਿੱਟੀ 'ਚ ਰੋਲ ਦਿੰਦੀ ਹੈ। ਇਸਤੋਂ ਬਾਅਦ ਅਲੈਗਜਾਂਦਰ ਓਪਰਨ ਅਤੇ ਜ.ਬ.ਸ. ਹੈਲਡੇਨ ਵਰਗੇ ਨਵ-ਡਾਰਵਿਨਵਾਦੀ ਵਿਗਾਸ ਦੀ ਪ੍ਰਕਿਰਿਆ ਨੂੰ ਰਸਾਇਣਕ ਖੇਤਰ 'ਚ ਵੀ ਸਾਬਿਤ ਕਰਦੇ ਹਨ। ਜਦੋਂ ਜੈਨੇਟਿਕਸ ਵਿਸ਼ਾ ਉੱਭਰਦਾ ਹੈ ਤਾਂ 19ਵੀਂ ਸਦੀ ਦੇ ਭੁਲਾਏ ਗਏ ਮਹਾਨ ਵਿਗਿਆਨੀ ਜੋਰਜ ਮੈਂਡਲ ਦੇ ਖੋਜ ਕਾਰਜ ਨੂੰ ਫਿਰ ਤੋਂ ਘੋਖਿਆ ਜਾਂਦਾ ਹੈ ਅਤੇ ਸਾਰੀ ਉਮਰ ਮਟਰਾਂ 'ਤੇ ਪ੍ਰਯੋਗ ਕਰਨ ਵਾਲੇ ਇਸ ਵਿਗਿਆਨੀ ਨੂੰ ਜੈਨੇਟਿਕਸ ਦੇ ਖੇਤਰ 'ਚ ਪਿਤਾਮਾ ਦਾ ਦਰਜਾ ਦਿੱਤਾ ਜਾਂਦਾ। ਮੈਂਡਲ ਨੇ ਮਟਰਾਂ ਦੀਆਂ ਕਈ ਪੀੜ੍ਹੀਆਂ 'ਤੇ ਕੰਮ ਕਰਦਿਆਂ ਅਨੁਵੰਸ਼ਿਕੀ ਦੇ ਸਿਧਾਂਤ ਪੇਸ਼ ਕੀਤੇ ਅਤੇ ਖੋਜ ਕੀਤੀ ਕਿ ਮਾਪਿਆਂ ਤੋਂ ਬੱਚਿਆਂ ਤੱਕ ਖਾਸ ਗੁਣ ਕਿਵੇਂ ਜਾਂਦੇ ਹਨ ਅਤੇ ਇਹਨਾਂ ਦੇ ਸਮਕਾਲੀ ਕੁਦਰਤੀ ਵਿਗਿਆਨੀ ਚਾਰਲਸ ਡਾਰਵਿਨ ਨੇ ਕੁਦਰਤੀ ਚੋਣ ਦਾ ਸਿਧਾਂਤ ਦਿੱਤਾ ਜਿਸਨੇ ਧਰਤੀ ਦੇ ਪੁਰਾ-ਇਤਿਹਾਸ ਦੀ ਕਰੋੜਾਂ ਸਾਲ ਦੀ ਵਿਆਖਿਆ ਨੂੰ ਸਰਲ ਕਰ ਦਿੱਤਾ। ਨਵ-ਡਾਰਵਿਨਵਾਦੀਆਂ ਨੇ ਮੈਂਡਲ ਦੇ ਜੱਦ (ਵੰਸ਼-ਪਰੰਪਰਾ) ਦੇ ਸਿਧਾਂਤਾਂ ਦਾ ਮੇਲ ਡਾਰਵਿਨ ਦੇ ਕੁਦਰਤੀ ਚੋਣ ਦੇ ਸਿਧਾਂਤਾਂ ਨਾਲ ਕਰਵਾਇਆ ਤਾਂ ਅਖੀਰ ਇਹ ਕੜੀ ਹੱਲ ਹੋ ਗਈ ਕਿ ਕਿਵੇਂ ਜੀਵ ਵਿਕਾਸ ਵਿੱਚ "ਜੱਦ ਅਤੇ ਵਾਤਾਵਰਣ" ਮਿਲ ਕੇ ਆਪਣਾ ਯੋਗਦਾਨ ਪਾਉਂਦੇ ਹਨ।

1944 'ਚ ਸੂਖਮ-ਜੀਵ ਵਿਗਿਆਨੀ ਓਸਵਾਲਡ ਅਇਵਰੀ ਡੀ.ਐਨ.ਏ. ਦੀ ਖੋਜ ਕਰਦਾ ਹੈ ਤੇ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਉਹ ਡੀ.ਐਨ.ਏ. ਹੀ ਹੈ ਜੋ ਜੱਦ (ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤੱਕ ਜਾਣ ਵਾਲੇ ਗੁਣਾਂ) ਰਾਹੀਂ ਮਾਪਿਆਂ ਤੋਂ ਬੱਚਿਆਂ ਤੱਕ ਜਾਂਦਾ। ਸੋ ਕੁੱਲ ਮਿਲਾਕੇ ਇਹ ਡੀ.ਐਨ.ਏ. ਹੀ ਸੀ ਜਿਸਦਾ ਮੈਂਡਲ ਮਟਰਾਂ 'ਚ ਨਿਰੀਖਣ ਕਰਦਾ ਰਿਹਾ, ਡਾਰਵਿਨ ਵਾਤਾਵਰਣ ਦੁਆਰਾ ਚੁਣੇ ਜਾਂਦੇ ਜੀਵ 'ਚ ਆਉਂਦੇ ਬਦਲਾਵਾਂ 'ਚ ਅਧਿਐਨ ਕਰਦਾ ਰਿਹਾ। ਅਖੀਰ ਵਾਟਸਨ ਅਤੇ ਕਰਿਕ ਨੇ ਇਸ ਡੀ.ਐਨ.ਏ. ਦੇ ਮਾਡਲ ਨੂੰ ਤਿਆਰ ਕਰ ਦਿੱਤਾ ਜਿਸ ਨਾਲ ਡਾਰਵਿਨ-ਮੈਂਡਲ ਦੀਆਂ ਖੋਜਾਂ ਦਾ ਹਰ ਅੱਖਰ-ਅੱਖਰ ਸਹੀ ਸਾਬਿਤ ਹੋਇਆ।

ਡੀ.ਐਨ.ਏ.ਹਰੇਕ ਸੈੱਲ ਦੇ ਕੇਂਦਰਕ ਵਿੱਚ ਹੁੰਦਾ ਹੈ, ਜੋ ਕਿ ਆਪਸ ਵਿੱਚ ਲਿਪਟੇ ਹੋਏ ਦੋ ਧਾਗਿਆਂ ਜਿਹਾ ਦਿਸਦਾ ਹੈ। ਜਿਆਦਾਤਰ ਡੀ.ਐਨ.ਏ. ਦਾ ਭਾਗ ਕੋਈ ਕੰਮ ਨਹੀਂ ਕਰਦਾ ਪਰ ਕੁੱਝ ਖਾਸ ਹਿੱਸੇ 'ਚ ਜਾਣਕਾਰੀਆਂ ਹੁੰਦੀਆਂ ਹਨ ਜਿਹਨਾਂ ਦਾ ਮੁੱਖ ਕੰਮ ਸੈੱਲ ਦੀ ਬਣਤਰ ਬਣਾਏ ਰੱਖਣਾ ਅਤੇ ਸੈੱਲ ਦੀ ਕਾਰਜਪ੍ਰਣਾਲੀ ਨੂੰ ਨਿਯਮਤ ਕਰਨਾ ਹੁੰਦਾ ਹੈ। ਇਹ ਖਾਸ ਧਾਗੇ ਹੀ ਤੈਅ ਕਰਦੇ ਹਨ ਕਿ ਅੰਬ ਦੇ ਬੀਜ 'ਚੋਂ ਅੰਬ ਹੀ ਉੱਗੇਗਾ ਤੇ ਸੇਬ 'ਚੋਂ ਸੇਬ, ਮਤਲਬ ਪ੍ਰਜਾਤੀਆਂ ਲਈ ਡੀ.ਐਨ.ਏ. ਉਹ ਪਛਾਣ-ਪੱਤਰ ਹੈ ਜਿਸਦੇ ਅਧਾਰ 'ਤੇ ਡੀ.ਐਨ.ਏ. ਟੈਸਟ ਕਰਕੇ ਜੀਵ ਬਾਰੇ ਬਹੁਤ ਜਾਣਕਾਰੀਆਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ। ਡੀ.ਐਨ.ਏ. ਦਾ ਇਹ ਖਾਸ ਧਾਗਾ ਹੀ ਉਹ ਕਾਰਕ ਹੈ ਜੋ ਕਿ ਚਰਚਾ ਦਾ ਵਿਸ਼ਾ ਹੈ ਮਤਲਬ "ਜੀਨ"। ਇੱਕ ਸੈੱਲੇ ਜੀਵਾਂ ਤੋਂ ਲੈ ਕੇ ਮਨੁੱਖ ਤੱਕ ਹਰ ਜੀਵ ਕੋਲ ਆਪਣੇ ਵਿਕੋਲਿੱਤਰੇ ਜੀਨ ਹੁੰਦੇ ਹਨ, ਕੁੱਝ ਜੀਨ ਹਰ ਜੀਵ 'ਚ ਸਾਂਝੇ ਹੁੰਦੇ ਹਨ।

ਚਲੋ ਹੁਣ ਵਿਸ਼ੇ ਵੱਲ ਪਰਤਦੇ ਹਾਂ, ਸੰਨ 1900 'ਚ ਹੋਂਦ 'ਚ ਆਇਆ ਨਵਾਂ ਵਿਸ਼ਾ ਜੈਨੇਟਿਕਸ (ਜੀਨ ਸਬੰਧੀ ਪੜ੍ਹਾਈ) ਜਿਸਨੇ ਪਿਛਲੇ ਸਮਿਆਂ ਤੋਂ ਚੱਲੀਆਂ ਆ ਰਹੀਆਂ ਗੁੰਝਲਦਾਰ ਤੰਦਾਂ ਨੂੰ ਖੋਲ੍ਹਿਆ। ਪਰ ਵਿਗਿਆਨੀ ਦੀ ਕਿਸੇ ਵੀ ਖੋਜ ਦਾ ਅਧਾਰ/ਪ੍ਰਭਾਵ ਸਿਰਫ਼ ਪ੍ਰਯੋਗਸ਼ਾਲਾ ਦੀ ਚਾਰ-ਦਿਵਾਰੀ ਤੱਕ ਨਹੀਂ ਹੁੰਦਾ, ਸਗੋਂ ਇਹ ਸਮਾਜ ਦੇ ਹਰ ਤਬਕੇ ਨੂੰ ਸਿੱਧੇ/ਅਸਿੱਧੇ ਪ੍ਰਭਾਵਿਤ ਕਰਦਾ ਹੈ। ਸਮਾਜਿਕ ਢਾਂਚਾ ਵੀ ਖੋਜਾਂ ਦਾ ਲਾਹਾ ਲੈਣ ਲਈ ਤਿਆਰ ਰਹਿੰਦਾ ਹੈ। ਜੇਕਰ ਸਮਾਜਿਕ ਢਾਂਚਾ ਮਨੁੱਖਤਾ ਕੇਂਦਰਤ ਹੋਵੇਗਾ ਤਾਂ ਖੋਜਾਂ ਨੂੰ ਮਨੁੱਖਤਾ ਦੇ ਭਲੇ ਲਈ ਵਰਤਿਆ ਜਾਵੇਗਾ। ਜਿਸ ਦੌਰ 'ਚ ਜੈਨੇਟਿਕਸ ਦਾ ਜਨਮ ਹੋਇਆ ਉਹ ਦੌਰ ਮੌਜੂਦਾ ਸਰਮਾਏਦਾਰਾ ਢਾਂਚੇ ਲਈ ਆਰਥਿਕ ਮੰਦੀ ਦਾ ਦੌਰ ਸੀ। ਇਸ ਮੰਦਹਾਲੀ ਦੇ ਚਿੱਕੜ 'ਚ ਇਹ ਪ੍ਰਬੰਧ ਗਰੀਬੀ, ਭੁੱਖਮਰੀ ਨੂੰ ਖਤਮ ਕਰਨ 'ਚ ਅਸਮਰੱਥ ਸੀ। ਸੋ ਇਸ 'ਚੋਂ ਕੁੱਝ ਇਹੋ ਜਿਹੇ ਸਿਧਾਂਤ ਘੜੇ ਗਏ ਜਿਹਨਾਂ ਨੂੰ ਜੈਨੇਟਿਕਸ ਦੇ ਲਿਬਾਦੇ 'ਚ ਲੋਕਾਂ ਨੂੰ ਪਿਲਾਇਆ ਗਿਆ ਤੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ

ਗਰੀਬੀ ਅਤੇ ਅਮੀਰੀ ਦੇ ਵੀ ਜੀਨ ਹਨ, ਗਰੀਬਾਂ ਦੇ ਜੀਨ ਚੰਗੇ ਨਹੀਂ ਹਨ ਇਹਨਾਂ ਦੀ ਨਸਬੰਦੀ ਕਰ ਦੇਣੀ ਚਾਹੀਦੀ ਹੈ ਤਾਂ ਕਿ ਇਹ ਜੀਨ ਅਗਲੇਰੀਆਂ ਨਸਲਾਂ ਤੱਕ ਨਾ ਜਾਣ। ਨਤੀਜੇ ਵਜੋਂ ਮੁੱਖ ਰੂਪ 'ਚ ਦੋ ਮੱਤ ਪੈਦਾ ਹੋਏ ਜਿਨ੍ਹਾਂ ਨੇ ਜਿਆਦਾ ਪ੍ਰਭਾਵਿਤ ਕੀਤਾ, ਪਹਿਲਾ ਹੈ ਘਟਾਉਵਾਦ (ਰਿਡਕਸਨਿਜਮ) ਜਿਸ ਅਨੁਸਾਰ ਕਿਸੇ ਵੀ ਚੀਜ਼ ਨੂੰ ਜਾਨਣ ਲਈ ਚੀਜਾਂ ਨੂੰ ਅਤਿ ਤੋੜ ਕੇ ਵੇਖੋ ਜਿਵੇਂ ਕਿ ਜੇਕਰ ਮਨੁੱਖ ਦਾ ਵਿਹਾਰ ਜਾਨਣਾ ਹੈ ਤਾਂ ਖਾਸ ਪ੍ਰੋਟੀਨ ਲੱਭੋ। ਫਿਰ ਉਸ ਪ੍ਰੋਟੀਨ 'ਚ ਮੌਜੂਦ ਹਾਈਡ੍ਰੋਜਨ, ਕਾਰਬਨ ਆਦਿ ਦੀ ਪੜਤਾਲ ਕਰੋ, ਫਿਰ ਇਲੈਕਟ੍ਰੋਨ, ਪ੍ਰੋਟੋਨ ਆਦਿ ਜਿੰਨੀ ਡੂੰਘਾਈ ਤੱਕ ਪੜਤਾਲ ਕਰੋਗੇ ਉਨਾਂ ਬਿਹਤਰ ਜਾਣੋਗੇ। ਇਹ ਭਟਕਾਅ ਇਸ ਤਰ੍ਹਾਂ ਹੈ ਜਿਵੇਂ ਮੰਨ ਲਓ ਘਰ ਦੀ ਕੰਧ ਕਮਜ਼ੋਰ ਹੋਣ ਕਰਕੇ, ਥਮਲਾ ਸਹੀ ਨਾ ਹੋਣ ਕਰਕੇ ਜਾਂ ਕਿਸੇ ਹੋਰ ਕਾਰਕ ਕਰਕੇ ਘਰ ਡਿੱਗ ਜਾਂਦਾ ਹੈ, ਜੇਕਰ ਤੁਸੀਂ ਕਾਰਨ ਜਾਨਣਾ ਹੈ ਤਾਂ ਘਰ ਦੀਆਂ ਇੱਟਾਂ ਦੀ ਪੜਤਾਲ ਕਰੋ, ਇੱਟਾਂ 'ਚ ਵਰਤੀ ਮਿੱਟੀ ਦੇ ਕਣਾਂ ਦੀ ਪੜਤਾਲ ਕਰੋ, ਮਿੱਟੀ 'ਚ ਮੌਜੂਦ ਪ੍ਰਮਾਣੂਆਂ, ਅਣੂਆਂ ਦੀ ਪੜਤਾਲ ਕਰੋ ਕਿਉਂਕਿ ਜਿੰਨੀ ਗਹਿਰੀ ਪੜਤਾਲ ਹੋਵੇਗੀ ਉਨਾਂ ਹੀ ਬਿਹਤਰ ਜਾਣ ਸਕੋਗੇ।

ਦੂਜਾ ਮੱਤ ਸੀ "ਜੈਵਿਕ ਨਿਰਧਾਰਨਵਾਦ" ਜੋ ਕਿ ਘਟਾਉਵਾਦ ਦੇ ਕਰੀਬ ਹੀ ਹੈ ਇਸ ਅਨੁਸਾਰ ਮਨੁੱਖ ਦੇ ਸਾਰੇ ਕੰਮ ਮਨੁੱਖ ਦੀ ਇੱਛਾ ਤੋਂ ਅਜ਼ਾਦ ਹਨ, ਮਨੁੱਖਾਂ ਦਾ ਜਾਂ ਹਰ ਜੀਵ ਦਾ ਵਿਹਾਰ ਜੀਨ ਹੀ ਤੈਅ ਕਰਦੇ ਹਨ। ਜਿਵੇਂ ਮੈਂ ਕਹਾਂ ਕਿ ਜੋ ਮੈਂ ਹੁਣ ਲਿਖ ਰਿਹਾ ਹਾਂ ਇਹ ਮੇਰੀ ਇੱਛਾ ਨਹੀਂ ਹੈ ਇਹ ਕੰਮ ਮੇਰੇ ਜੀਨ ਕਰਵਾ ਰਹੇ ਹਨ, ਤੁਸੀਂ ਜੋ ਇਸ ਲੇਖ ਨੂੰ ਪੜ੍ਹ ਰਹੇ ਹੋ ਇਹ ਤੁਹਾਡੀ ਨਹੀਂ ਤੁਹਾਡੇ ਸੈੱਲਾਂ ਅੰਦਰ ਪਏ ਜੀਨ ਦੀ ਇੱਛਾ ਹੈ। ਵੱਧ ਤੋਂ ਵੱਧ ਇਹ ਇਸ ਗੱਲ ਵੱਲ ਵਧਦਾ ਹੈ ਕਿ ਸਮਾਜ ਜਿਵੇਂ ਵੀ ਚੱਲ ਰਿਹਾ ਹੈ ਇਹ ਸਾਰੇ ਮਨੁੱਖ ਦੇ ਜੀਨਾਂ ਦਾ ਕੁੱਲ ਜੋੜ ਹੈ।

ਇਹਨਾਂ ਦੋਨੋਂ ਮੱਤਾਂ ਦਾ ਫਾਇਦਾ ਹਕੂਮਤ ਕਰ ਰਹੀ ਜਮਾਤ ਨੂੰ ਹੁੰਦਾ ਰਿਹਾ ਹੈ ਕਿਉਂਕਿ ਹਰ ਚੀਜ਼ ਨੂੰ ਨਿਰਧਾਰਤ ਜੀਨ ਕਰਦੇ ਹਨ, ਅਮੀਰ ਪਰਿਵਾਰ ਆਪਣੇ ਜੀਨ ਕਰਕੇ ਅਮੀਰ ਹਨ, ਗਰੀਬ ਲੋਕ ਆਪਣੀ ਗਰੀਬੀ ਦੇ ਜੀਨਾਂ ਕਰਕੇ ਗਰੀਬ ਹਨ। ਮਤਲਬ ਸਮਾਜਿਕ ਗੈਰਬਰਾਬਰੀ ਕੁਦਰਤੀ ਹੈ, ਇਸਦੇ ਖਿਲਾਫ਼ ਹੋਣ ਦਾ ਮਤਲਬ ਕੁਦਰਤ ਦੇ ਇੱਕ ਪ੍ਰਬੰਧ ਖਿਲਾਫ਼ ਬੋਲਣਾ ਹੈ। ਇਹ ਗੈਰ ਵਿਗਿਆਨਕ ਵਿਚਾਰ ਰਿਚਰਡ ਡਾਅਕਿੰਸ ਦੁਆਰਾ ਪੇਸ਼ ਕੀਤਾ ਗਿਆ। ਇਸ ਤਰ੍ਹਾਂ ਇਸ ਜੈਨੇਟਿਕ ਨਿਰਧਾਰਨਵਾਦ ਨੇ ਹਰ ਸਮਾਜਿਕ ਸਮੱਸਿਆ ਨੂੰ ਜੀਨ ਤੱਕ ਘਟਾਉਣ ਦਾ ਕੰਮ ਕੀਤਾ। ਫਰਵਰੀ 1995 ਨੂੰ ਲੰਡਨ ਵਿੱਚ ਇੱਕ ਸੈਮੀਨਾਰ ਹੋਇਆ ਜਿਸਦਾ ਵਿਸ਼ਾ "ਅਪਰਾਧੀ ਅਤੇ ਸਮਾਜਿਕ ਪ੍ਰਬੰਧ-ਵਿਰੋਧੀ ਵਿਹਾਰ ਦਾ ਜੈਨੇਟਿਕਸ" ਸੀ ਜਿਸ ਵਿੱਚ 13 ਵਿੱਚੋਂ 10 ਬੁਲਾਰੇ ਅਮਰੀਕੀ ਸਨ। ਇਸੇ ਤਰ੍ਹਾਂ ਦੀ ਇੱਕ ਹੋਰ ਕਾਨਫਰੰਸ 1992 'ਚ ਅਮਰੀਕਾ ਜੈਨੇਟਿਕ 'ਚ ਲੋਕਾਂ ਦੇ ਵਿਰੋਧ ਕਾਰਨ ਰੱਦ ਕਰਨੀ ਪਈ। ਇਸਦੇ ਚੇਅਰਪਰਸਨ ਮਾਈਕਲ ਰਟਰ (ਲੰਡਨ ਇੰਸਟੀਚਿਊਟ ਆਫ਼ ਸਾਈਕੈਟਰੀ) ਨੇ ਕਿਹਾ ਕਿ ਇਹੋ ਜਿਹਾ ਕੋਈ ਜੀਨ ਨਹੀਂ ਹੈ ਜੋ ਅਪਰਾਧ ਕਰਵਾਉਣ ਲਈ ਕੰਮ ਕਰਦਾ ਹੋਵੇ। ਪਰ ਇੱਕ ਹੋਰ ਮੈਂਬਰ ਡਾ. ਗਰੈਗਰੀ ਕੈਰੇ (ਕੋਲੋਰਾਡੋ ਵਿਸ਼ਵਵਿਦਿਆਲਾ) ਨੇ ਕਿਹਾ ਕਿ 40-50% ਅਪਰਾਧਿਕ ਮਾਮਲਿਆਂ 'ਚ ਜੀਨ ਜ਼ਿੰਮੇਵਾਰ ਹੁੰਦੇ ਹਨ। ਕੈਰੇ ਨੇ ਆਪਣੇ ਸਿਆਣਪ ਦੇ 'ਝੋਲੇ' 'ਚੋਂ ਸੁਝਾਅ ਵੀ ਦਿੱਤੇ ਕਿ ਜਿਵੇਂ ਲੋਕਾਂ 'ਚ ਵਧ ਰਹੇ ਗੁੱਸੇ ਨੂੰ ਦਵਾਈਆਂ ਰਾਹੀਂ ਕਾਬੂ ਕੀਤਾ ਜਾਣਾ ਚਾਹੀਦਾ ਹੈ, ਗਰਭਧਾਰਨ ਦੌਰਾਨ ਬੱਚੇ ਦੇ ਜੀਨ ਟੈਸਟ ਕੀਤੇ ਜਾਣੇ ਚਾਹੀਦੇ ਹਨ ਤੇ ਜੇਕਰ ਇਹ ਜੀਨ ਦੇਸ਼-ਵਿਰੋਧੀ ਜਾਂ ਸਮਾਜ ਵਿਰੋਧੀ ਹੋਣ ਤਾਂ ਗਰਭਪਾਤ ਕਰਵਾ ਦਿੱਤਾ ਜਾਣਾ ਚਾਹੀਦਾ ਹੈ।

ਸਰਮਾਏਦਾਰ ਜਮਾਤ ਨੇ ਇਸ ਤਰ੍ਹਾਂ ਦੇ ਮੱਤਾਂ ਦਾ ਬਹੁਤ ਫਾਇਦਾ ਲਿਆ। ਸਰਮਾਏਦਾਰ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ, ਇੱਕ ਦੂਜੇ ਨੂੰ ਪਛਾੜਨ ਲਈ ਠੱਗੀ, ਚੋਰੀ, ਝੂਠ, ਧੋਖਾਧੜੀ ਆਦਿ ਨੂੰ ਜਾਇਜ਼ ਠਹਿਰਾਉਂਦੇ ਹਨ। ਇਹੀ ਸਰਮਾਏਦਾਰ ਜਮਾਤ ਜੋ ਖੁੱਲ੍ਹੇ ਮੁਕਾਬਲੇ ਦਾ ਨਾਹਰਾ ਦਿੰਦੀ ਹੈ ਉਹ ਜਿਉਂਦੇ ਰਹਿਣ ਲਈ ਸੰਘਰਸ਼, ਯੋਗਤਮ ਦਾ ਬਚਾਅ (ਡਾਰਵਿਨ) ਦੇ ਸਿਧਾਂਤ ਨੂੰ ਤੋੜ-ਮਰੋੜ ਕੇ ਆਪਣੇ ਪੱਖ 'ਚ ਵਰਤਦੀ ਹੈ। ਪਰ ਆਮ ਕਿਰਤੀ ਲੋਕਾਂ ਦੇ ਸੰਘਰਸ਼ ਇਹਨਾਂ ਨੂੰ ਜੁਰਮ ਲੱਗਦੇ ਹਨ, ਸਮਾਜ-ਵਿਰੋਧੀ ਵਿਹਾਰ ਲੱਗਦੇ ਹਨ। ਫਿਰ ਇਹਨਾਂ ਕਾਰਨਾਂ ਪਿੱਛੇ ਇਹ ਜੀਨ ਲੱਭਣ ਬੈਠ ਜਾਂਦੇ ਹਨ।

**ਜੀਵ ਵਿਕਾਸ 'ਚ ਜੀਨ ਅਤੇ ਵਾਤਾਵਰਣ ਦੀ ਭੂਮਿਕਾ**

ਜੀਵ ਵਿਕਾਸ 'ਚ ਸਿਰਫ਼ ਜੀਨ ਹੀ ਨਹੀਂ ਸਗੋਂ ਸੈੱਲ ਦੀ ਪੂਰੀ ਕਾਰਜਪ੍ਰਣਾਲੀ ਅਤੇ ਵਾਤਾਵਰਣ ਰਲ-ਮਿਲ ਕੇ ਖਾਸ ਅਨੁਪਾਤ 'ਚ ਯੋਗਦਾਨ ਪਾਉਂਦੇ ਹਨ। ਜੀਨ ਦਾ ਮੁੱਖ ਕੰਮ ਹੈ ਸੈੱਲਾਂ ਦੀ ਬਣਤਰ ਅਤੇ ਕਾਰਜਪ੍ਰਣਾਲੀ ਨੂੰ ਚਲਾਉਣਾ। ਵਾਤਾਵਰਣ ਉਹ ਕਾਰਕ ਹੈ ਜੋ ਕਿ ਲਗਾਤਾਰ ਬਦਲਣਸ਼ੀਲ ਰਹਿੰਦਾ ਹੈ। ਤਾਪਮਾਨ 'ਚ ਬਦਲਾਅ, ਰੁੱਤਾਂ-ਮੌਸਮਾਂ 'ਚ ਬਦਲਾਅ, ਹੁੰਮਸ ਜਾਂ ਸੋਕਾ ਆਦਿ ਵਾਤਾਵਰਣ ਦੇ ਮਹੱਤਵਪੂਰਨ ਕਾਰਕ ਹਨ ਜਿਹਨਾਂ ਅਨੁਸਾਰ ਜੀਵ ਲਗਾਤਾਰ ਜਿਉਂਦੇ ਰਹਿਣ ਲਈ ਜੱਦੋ ਜਹਿਦ ਕਰਦੇ ਹਨ। ਬਦਲ ਰਹੇ

ਹਾਲਾਤਾਂ ਅਨੁਸਾਰ ਬਦਲਣ ਵਾਲੇ ਜੀਵ ਜਿਉਂਦੇ ਰਹਿੰਦੇ ਹਨ, ਜੋ ਨਹੀਂ ਬਦਲਦੇ ਕੁਦਰਤੀ ਹਾਲਾਤ ਉਹਨਾਂ ਦਾ ਸਫ਼ਾਇਆ ਕਰ ਦਿੰਦੇ ਹਨ।

'ਸਾਰਾ ਕੁੱਝ ਜੀਨ ਦੀ ਇੱਛਾ ਅਨੁਸਾਰ ਹੁੰਦਾ ਹੈ' ਇਹ ਕਹਿਣਾ ਬਿਲਕੁਲ ਗਲ਼ਤ ਹੈ। "ਜੀਨ ਇੱਛਾ ਜਗਾਉਂਦੇ ਹਨ ਅਤੇ ਪੂਰੀਆਂ ਵੀ ਕਰਵਾਉਂਦੇ ਹਨ।" (ਮੇਰਾ ਲਿਖਿਆ ਜਾਣਾ ਤੇ ਤੁਹਾਡਾ ਪੜ੍ਹ ਰਹੇ ਹੋਣਾ)" ਇਹ ਬਿਆਨ ਕਿੰਨਾ ਕੁ ਦਮਦਾਰ ਹੈ ? ਕੀ ਵਾਤਾਵਰਣ ਦਾ ਪ੍ਰਭਾਵ ਕਬੂਲ ਕਰ ਸਕਣਾ ਵੀ ਜੀਨ ਉੱਪਰ ਨਿਰਭਰ ਕਰਦਾ ਹੈ ? ਇਸ ਪੰਕਤੀ ਨੂੰ ਪੜ੍ਹ ਕੇ ਤਾਂ ਲੱਗਦਾ ਕਿ ਸਜੀਵ ਵਸਤੂ ਸੈੱਲ ਨਹੀਂ ਸਗੋਂ ਜੀਨ ਹਨ। ਅਸਲ 'ਚ ਤਾਂ ਹੁੰਦਾ ਹੀ ਇਹ ਹੈ ਕਿ ਜੀਨ 'ਚ ਜੋ ਬਦਲਾਅ ਆਉਂਦੇ ਹਨ ਉਹ ਕਿਸੇ ਦੀ ਇੱਛਾ ਅਨੁਸਾਰ ਨਹੀਂ ਸਗੋਂ ਦੋ ਪਦਾਰਥਾਂ ਦੀ ਆਪਸੀ ਕਿਰਿਆ ਕਰਕੇ ਆਉਂਦੇ ਹਨ, ਪਹਿਲਾ ਪਦਾਰਥ ਹੈ ਡੀ.ਐਨ.ਏ. ਜਿਸ ਤੋਂ ਜੀਨ ਬਣਿਆ ਹੁੰਦਾ ਹੈ, ਦੂਜਾ ਵਾਤਾਵਰਣ ਦੇ ਪਦਾਰਥਕ ਕਾਰਕ ਜਿਵੇਂ ਕਿ ਕੁੱਝ ਰਸਾਇਣਕ ਕਾਰਕ (ਮਿਸਾਲ ਵਜੋਂ ਤੰਬਾਕੂ ਜੋ ਕਿ ਸੈੱਲ ਦੀ ਕਾਰਜਪ੍ਰਣਾਲੀ ਤਬਦੀਲ ਕਰ ਦਿੰਦਾ ਹੈ ਜਿਸ ਕਰਕੇ ਜੀਨ ਦੇ ਕੰਮ-ਕਾਰ 'ਚ ਬਦਲਾਅ ਆ ਜਾਂਦੇ ਹਨ) ਅਤੇ ਭੌਤਿਕ ਕਾਰਕ (ਜਿਵੇਂ ਐਕਸ-ਰੇ ਕਿਰਨਾਂ, ਇਨਫਰਾਰੈੱਡ ਕਿਰਨਾਂ ਜੋ ਕਿ ਡੀ.ਐਨ.ਏ. ਨੂੰ ਤੋੜਨ ਦਾ ਕੰਮ ਕਰਦੀਆਂ ਹਨ) ਇਹ ਭੌਤਿਕ/ਰਸਾਇਣਕ ਕਾਰਕ ਜੀਨ ਨੂੰ ਇੱਛਾ ਨਹੀਂ ਪੁੱਛਦੇ ਸਗੋਂ ਪਦਾਰਥਕ ਪੱਧਰ ਤੋਂ ਇੱਕ ਦੂਜੇ ਨਾਲ ਕਿਰਿਆ ਕਰਦੇ ਹਨ। ਮੋੜਵੇਂ ਰੂਪ 'ਚ ਸੈੱਲ ਦੀ ਕਾਰਜਪ੍ਰਣਾਲੀ ਜੀਨ ਦੀ ਰੱਖਿਆ ਕਰਨ ਦਾ ਜ਼ਰੂਰ ਕੰਮ ਕਰਦੀ ਹੈ (ਵਿਸਥਾਰ ਲਈ ਪੜ੍ਹੋ-ਰਿਪੇਅਰ ਮੈਕਾਨਿਜ਼ਮ ਆਫ਼ ਡੀ.ਐਨ.ਏ.)।

"ਜੀਨ ਹੀ ਸਭ ਕੁੱਝ ਹੈ" ਇਹ ਵਿਚਾਰ ਵੀ ਰਿਚਰਡ ਡਾਅਕਿੰਸ ਦੇ ਹੀ ਹਨ। ਰਿਚਰਡ ਨੇ 1976 'ਚ "ਸੈਲਫਿਸ਼ ਜੀਨ" ਕਿਤਾਬ ਲਿਖੀ ਜਿਸ 'ਚ ਜੀਨ ਸਬੰਧੀ ਗਿਆਨ ਝੋਲੇ 'ਚੋਂ ਉਸਨੇ ਇਹ ਵੀ ਦਾਅਵਾ ਕੀਤਾ ਕਿ "ਸਭ ਕੁੱਝ ਜੀਨ ਹੀ ਹਨ, ਜੀਵ ਸਿਰਫ਼ ਜੀਨ ਦੇ ਲਈ ਇੱਕ ਸਾਧਨ ਹਨ ਤਾਂ ਕਿ ਜੀਨ ਪੀੜ੍ਹੀ ਦਰ ਪੀੜ੍ਹੀ ਅੱਗੇ ਜਾਂਦੇ ਰਹਿਣ"। ਇਸ 'ਚ ਵਾਧਾ ਕੀਤਾ ਸੈਮੁਅਲ ਬਟਲਰ ਨੇ, ਜਿਸ ਅਨੁਸਾਰ "ਮੁਰਗੀ ਆਂਡੇ ਤੋਂ ਇਸ ਲਈ ਬਣਦੀ ਹੈ ਤਾਂ ਕਿ ਅਗਲਾ ਆਂਡਾ ਦੇ ਸਕੇ"। ਮਤਲਬ ਮੁਰਗੀ ਦੇ ਹੋਣ ਦਾ ਕੋਈ ਮਤਲਬ ਨਹੀਂ ਮਤਲਬ ਸਿਰਫ਼ ਜੀਨ ਦਾ ਹੈ। ਉਦੇਸ਼ਵਾਦੀ ਵਿਚਾਰ ਨਾਲ ਗ੍ਰਸਤ ਰਿਚਰਡ ਦਾ ਮੰਨਣਾ ਸੀ ਕਿ ਡੀ.ਐਨ.ਏ. ਸਿਰਫ਼ ਡੀ.ਐਨ.ਏ. ਬਣਾਉਣ ਲਈ ਹੈ, ਇਹ ਜੀਵ ਨੂੰ ਮਸ਼ੀਨ ਦੀ ਤਰ੍ਹਾਂ ਵਰਤਦਾ ਹੈ। ਰਿਚਰਡ ਨੇ ਡਾਰਵਿਨ ਦੇ ਸਿਧਾਂਤ ਵੀ ਨਹੀਂ ਬਖ਼ਸ਼ੇ। ਉਸਦੇ ਅਨੁਸਾਰ ਜੀਵ ਨਹੀਂ ਸਗੋਂ ਜੀਨ ਸੰਘਰਸ਼ ਕਰਦੇ ਹਨ, ਜੀਨ ਸੰਘਰਸ਼ ਕਰਨ ਲਈ ਜੀਵ ਦੀ ਵਰਤੋਂ ਕਰਦੇ ਹਨ। ਕੁੱਲ ਮਿਲਾਕੇ ਸ਼ੇਰ ਤੇ ਹਿਰਨ 'ਚ ਨਹੀਂ ਸਗੋਂ ਉਹਨਾਂ ਦੇ ਜੀਨਾਂ 'ਚ ਟੱਕਰ ਹੋ ਰਹੀ ਹੈ। ਇਸੇ ਸਿਧਾਂਤ ਨੂੰ ਮਨੁੱਖੀ ਸਮਾਜ 'ਤੇ ਵੀ ਲਾਗੂ ਕਰਦਿਆਂ ਇਹੋ ਨਤੀਜੇ ਕੱਢੇ ਕਿ ਮਨੁੱਖੀ ਗੁੱਸੇ, ਅਪਰਾਧ, ਗਰੀਬੀ, ਅਮੀਰੀ ਆਦਿ ਹਰ ਚੀਜ਼ ਲਈ ਵੀ ਜੀਨ ਹੀ ਜ਼ਿੰਮੇਵਾਰ ਹਨ। ਜੇਕਰ ਜੀਨ ਹੀ ਸਭ ਕੁੱਝ ਹਨ ਤਾਂ ਫਿਰ ਵਿਗਾਸ ਨਹੀਂ ਹੋ ਸਕਦਾ, ਕਿਉਂਕਿ ਵਿਗਾਸ ਦੀ ਪ੍ਰਕਿਰਿਆ ਨੂੰ ਹੁਲਾਰਾ ਦੇਣ ਵਾਲੇ ਲਾਜ਼ਮੀ ਕਾਰਕਾਂ 'ਚੋਂ ਵਾਤਾਵਰਣ ਮੁੱਖ ਕਾਰਕ ਹੈ। ਇਸ ਲਈ ਜੀਨ ਤੱਕ ਸੀਮਤ ਨਜ਼ਰੀਆ ਵਿਗਾਸ ਵਿਰੋਧੀ ਵੀ ਹੈ। ਜੀਨ ਬਿਨ੍ਹਾਂ ਜੀਵ ਨਹੀਂ ਹੋ ਸਕਦਾ ਇਹ ਗੱਲ ਬਿਲਕੁਲ ਠੀਕ ਹੈ, ਪਰ ਨਾਲ ਹੀ ਨਾਲ ਇਹ ਵੀ ਸਮਝਣਾ ਜਰੂਰੀ ਹੈ ਕਿ ਸਹੀ ਵਾਤਾਵਰਣ ਤੋਂ ਬਿਨ੍ਹਾਂ ਵੀ ਜੀਨ ਬਿਲਕੁਲ ਵੀ ਨਹੀਂ ਹੋ ਸਕਦਾ। ਜੀਨ ਵਾਤਾਵਰਣ ਨਾਲ ਤਾਲਮੇਲ ਬਣਾਉਂਦੇ ਹੋਏ ਲਗਾਤਾਰ ਜੀਵ ਵਿਕਾਸ 'ਚ ਯੋਗਦਾਨ ਪਾਉਂਦੇ ਹਨ। ਜੇਕਰ ਜੱਦ 100 ਫੀਸਦੀ ਹੋਵੇ ਤਾਂ ਫਿਰ ਵਿਗਾਸ ਵਰਗੇ ਸੰਕਲਪ ਦੀ ਕੋਈ ਗੁੰਜ਼ਾਇਸ਼ ਹੀ ਨਹੀਂ ਰਹਿ ਜਾਂਦੀ।

**ਕੀ ਜੀਨ ਮਨੁੱਖੀ ਸ਼ਖਸੀਅਤ ਦੀ ਉਸਾਰੀ ਵੀ ਕਰਦੇ ਹਨ ?**

ਇਹ ਇੱਕ ਬਹੁਤ ਵੱਡਾ ਭਰਮ ਹੈ। ਸਖਸ਼ੀਅਤ ਉਸਾਰੀ, ਵਿਅਕਤੀਆਂ ਦੀ ਸਮਰੱਥਾ, ਹੁਨਰ ਆਦਿ ਲਈ ਜੀਨ ਨੂੰ ਅਕਸਰ ਹੀ ਜ਼ਿੰਮੇਵਾਰ ਐਲਾਨਿਆ ਜਾਂਦਾ ਹੈ। ਜੀਨ ਸਿਰਫ਼ ਸਾਡੇ ਸਰੀਰਕ ਗੁਣਾਂ (ਜਿਵੇਂ ਰੰਗ, ਅਕਾਰ, ਨੈਣ-ਨਕਸ਼, ਕੱਦ ਆਦਿ) ਨੂੰ ਜੱਦ ਰਾਹੀਂ ਅਗਲੀ ਪੀੜ੍ਹੀ ਤੱਕ ਲਿਜਾਂਦੇ ਹਨ ਪਰ ਮਨੁੱਖ ਦੀ ਸਖਸ਼ੀਅਤ (ਮਾਨਸਿਕ ਜੀਵਨ, ਹੁਨਰ, ਕਲਾਤਮਕ ਸਮਰੱਥਾ, ਬੌਧਿਕ ਸਮਰੱਥਾ ਆਦਿ) ਵਿੱਚ ਜੀਨ ਦੀ ਕੋਈ ਵੀ ਭੂਮਿਕਾ ਨਹੀਂ ਹੁੰਦੀ ਹੈ। ਤਾਂ ਫਿਰ ਸਖ਼ਸ਼ੀਅਤ ਦੇ ਇਹ ਗੁਣ ਕਿੱਥੋਂ ਆਉਂਦੇ ਹਨ ?

ਵਿਗਾਸ ਦੀ ਪ੍ਰਕਿਰਿਆ ਨੂੰ ਜੀਨ ਅਤੇ ਵਾਤਾਵਰਣ ਵਿਚਲਾ ਦਵੰਦਾਤਮਕ ਰਿਸ਼ਤਾ ਤੈਅ ਕਰਦਾ ਹੈ। ਮਨੁੱਖ ਨੂੰ ਛੱਡ ਕੇ ਬਾਕੀ ਜੀਵਾਂ ਵਿੱਚ ਨਿਰੋਲ ਜੀਨ ਅਤੇ ਵਾਤਾਵਰਣ ਮਿਲਕੇ ਸਹੀ ਅਨੁਪਾਤ 'ਚ ਪ੍ਰਭਾਵ ਪਾਉਂਦੇ ਹਨ, ਹਰ ਜੀਵ ਜੀਨ ਅਤੇ ਵਾਤਾਵਰਣ ਵਿਚਲੇ ਰਿਸ਼ਤੇ ਦੀ ਵਿਕੋਲਿਤਰੀ ਪੈਦਾਵਾਰ ਹੁੰਦਾ ਹੈ। ਭਾਵ ਜੀਵਾਂ ਦੀਆਂ ਨਵੀਆਂ ਪੀੜ੍ਹੀਆਂ ਵਿੱਚ ਮੌਜੂਦ ਗੁਣਾਂ ਲਈ ਜੀਨ ਅਤੇ ਵਾਤਾਵਰਣ ਦੋਵੇਂ ਜ਼ਿੰਮੇਵਾਰ ਹੁੰਦੇ ਹਨ। ਪਰ ਮਨੁੱਖ ਕੋਲ ਜੀਨ ਅਤੇ ਵਾਤਾਵਰਣ ਤੋਂ ਇਲਾਵਾ ਵੀ ਕੁੱਝ ਹੋਰ ਵੀ ਵੱਧ ਮਹੱਤਵਪੂਰਨ ਹੈ ਜੋ ਮਨੁੱਖੀ ਵਿਕਾਸ 'ਚ ਅਹਿਮ ਯੋਗਦਾਨ ਪਾਉਂਦਾ ਹੈ ਤੇ ਉਹ ਹੈ ਮਨੁੱਖ ਦਾ ਸਮਾਜਿਕ ਜੀਵਨ। ਜਦੋਂ ਮਨੁੱਖ ਦੇ ਪੂਰਵਜਾਂ ਨੇ ਹੱਥਾਂ

ਅਤੇ ਔਜਾਰਾਂ ਨੂੰ ਵਰਤਣਾ ਸਿੱਖ ਲਿਆ ਤੇ ਪਹਿਲਾਂ ਮਿਥੇ ਉਦੇਸ਼ਾਂ ਤਹਿਤ ਸਰਗਰਮੀ ਕਰਨੀ ਸ਼ੁਰੂ ਕਰ ਦਿੱਤੀ, ਭਾਵ ਜਦੋਂ ਮਨੁੱਖ ਨੇ ਕਿਰਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਨਾਲ ਹੀ ਮਨੁੱਖ ਕੁਦਰਤੀ ਜੀਵਨ ਦੇ ਅਨੇਕਾਂ ਬੰਧਨਾਂ ਤੋਂ ਆਜ਼ਾਦ ਹੁੰਦਾ ਗਿਆ ਤੇ ਇੱਕ ਸਮਾਜਿਕ ਜੀਵਨ ਉਸਰਨਾ ਸ਼ੁਰੂ ਹੋਇਆ। ਮਨੁੱਖ ਤੋਂ ਬਿਨ੍ਹਾਂ ਕਿਸੇ ਵੀ ਜੀਵ ਕੋਲ ਇਹ ਸਮਾਜਿਕ ਜੀਵਨ ਨਹੀਂ ਹੈ ਕਿਉਂਕਿ ਕੋਈ ਵੀ ਹੋਰ ਜੀਵ ਕਿਰਤ ਨਹੀਂ ਕਰਦਾ।

ਇੰਝ ਮਨੁੱਖੀ ਵਿਕਾਸ ਜੈਵਿਕ ਅਤੇ ਸਮਾਜਿਕ ਜੀਵਨ ਦੇ ਤੱਤਾਂ ਵਿੱਚ ਇੱਕ ਪਰਸਪਰ ਸਬੰਧ ਦਾ ਨਤੀਜਾ ਹੈ ਜਿਸ ਵਿੱਚ ਮਨੁੱਖ ਦੀਆਂ ਸੁਚੇਤ ਕਾਰਵਾਈਆਂ ਲਈ ਚੇਤਨਾ ਜ਼ਿੰਮੇਵਾਰ ਹੈ। ਮਨੁੱਖੀ ਸਰੀਰ ਖਾਸ ਕਰਕੇ ਦਿਮਾਗ (ਜੀਨ) ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ 'ਚ ਜੱਦ ਰਾਹੀਂ ਜਾਂਦਾ ਹੈ, ਪਰ ਹਰ ਪੀੜ੍ਹੀ ਨੂੰ ਯੋਗਤਾਵਾਂ ਸਿੱਖ0ਣੀਆਂ ਪੈਂਦੀਆਂ ਹਨ ਜਿਵੇਂ ਕਿ ਭਾਸ਼ਾ, ਕਲਾਵਾਂ, ਹੁਨਰ ਆਦਿ ਜੋ ਕਿ ਮਨੁੱਖ ਨੇ ਹਜ਼ਾਰਾਂ ਸਾਲਾਂ ਦੀ ਕਿਰਤ ਦੀ ਪ੍ਰਕਿਰਿਆ 'ਚੋਂ ਹਾਸਲ ਕੀਤੀਆਂ ਹਨ (ਫ. ਏਂਗਲਜ)। ਇਸ ਕਰਕੇ ਇਹ ਯੋਗਤਾਵਾਂ ਜਾਂ ਸਖਸ਼ੀਅਤ ਦੇ ਗੁਣ ਸਮਾਜਿਕ ਜੀਵਨ ਵਿੱਚੋਂ ਹੀ ਸਿੱਖੇ ਜਾ ਸਕਦੇ ਹਨ ਕਿਉਂਕਿ ਇਹ ਸਮਾਜਿਕ ਜੀਵਨ ਦੀ ਹੀ ਉਪਜ ਹਨ। ਆਓ ਭਾਸ਼ਾ ਦੀ ਮਿਸ਼ਾਲ ਲਈਏ। ਜੇ ਜੀਨ ਹੀ ਸਭ ਕੁੱਝ ਕਰਦੇ ਹੋਣ ਤਾਂ ਕੀ ਭਾਸ਼ਾ ਸਿੱਖਣ ਵਾਲੇ ਜੀਨਾਂ ਨਾਲ ਬੱਚਾ ਮਾਂ-ਪਿਓ ਦੀ ਭਾਸ਼ਾਂ ਹੀ ਸਿੱਖ ਸਕੇਗਾ, ਹੋਰ ਨਹੀਂ। ਜਦ ਇਹ ਕਿ ਇਸਦੇ ਉਲਟ ਇੱਕ ਬੱਚੇ ਨੂੰ ਜੇਕਰ ਜਨਮ ਤੋਂ ਬਾਅਦ ਜੰਗਲ ਵਿੱਚ ਛੱਡ ਦੇਈਏ ਤਾਂ ਉਹ ਕੋਈ ਵੀ ਭਾਸ਼ਾ ਨਹੀਂ ਸਿੱਖ ਸਕੇਗਾ, ਉਸਨੂੰ ਪਤਾ ਹੀ ਨਹੀਂ ਹੋਵੇਗਾ ਕਿ ਬੋਲਣਾ ਕਿਸ ਤਰ੍ਹਾ ਹੈ। ਕਿਉਂਕਿ ਇਹ ਜੀਨ ਨਹੀਂ ਸਗੋਂ ਸਮਾਜਿਕ ਜੀਵਨ ਤੈਅ ਕਰਦਾ ਹੈ। ਭਾਸ਼ਾ ਸਿੱਖਣ ਲਈ ਦਿਮਾਗ ਦਾ ਇੱਕ ਹਿੱਸਾ ਵਿਕਸਤ ਹੋਣਾ ਜ਼ਰੂਰੀ ਹੈ। ਇਹ ਵਿਕਾਸ ਦਾ ਕੰਮ ਜੀਨ ਕਰਦੇ ਹਨ। ਇਸ ਤੋਂ ਅੱਗੇ ਦਾ ਬਣਦਾ ਕਾਰਜ ਸਮਾਜਿਕ ਜੀਵਨ ਦਾ ਹੈ। ਇਸੇ ਤਰ੍ਹਾਂ ਹਰ ਤਰ੍ਹਾਂ ਦੀ ਬੌਧਿਕ ਸਮਰੱਥਾ, ਕਲਾਤਮਕ ਯੋਗਤਾ, ਮਨੁੱਖੀ ਸੰਵੇਦਨਾਵਾਂ ਆਦਿ ਲਈ ਸਮਾਜਿਕ ਜੀਵਨ ਹੀ ਜ਼ਿੰਮੇਵਾਰ ਹੈ ਜੀਨ ਨਹੀਂ, ਕਿਉਂਕਿ ਇਹ ਸਭ ਮਨੁੱਖ ਦੇ ਹਜ਼ਾਰਾਂ ਸਾਲਾਂ ਦੇ ਸਮਾਜਿਕ ਜੀਵਨ ਦੇ ਵਿਕਾਸ ਵਿੱਚੋਂ ਉਪਜੀਆਂ ਹਨ।

ਇਸ ਕਰਕੇ ਮਨੁੱਖ ਦਾ ਪਰਿਵਾਰਕ ਪਿਛੋਕੜ, ਪਾਲਣ-ਪੋਸ਼ਣ, ਆਲੇ-ਦੁਆਲੇ ਦਾ ਸਮਾਜਿਕ ਮਾਹੌਲ ਹੀ ਸਖਸ਼ੀਅਤ ਲਈ ਜ਼ਿੰਮੇਵਾਰ ਹੁੰਦਾ ਹੈ ਜੀਨ ਨਹੀਂ। ਅਸਲ 'ਚ ਆਪਣੇ ਜਿਉਣ ਦੇ ਵਸੀਲੇ ਪੈਦਾ ਕਰਨ ਲਈ ਮਨੁੱਖ ਪੈਦਾਵਾਰ ਦੇ ਜਿਹੜੇ ਸਮਾਜਿਕ ਸਬੰਧਾਂ 'ਚ ਰਹਿੰਦਾ ਹੈ ਉਹੀ ਸਮਾਜਿਕ ਜੀਵਨ ਦਾ ਆਧਾਰ ਹੁੰਦੇ ਹਨ। ਇਸ ਕਰਕੇ ਲੁੱਟ ਅਧਾਰਤ ਮੌਜੂਦਾ ਸਮਰਾਏਦਾਰ ਸਮਾਜ ਵਿੱਚ ਜਾਇਦਾਦ ਦੇ ਸਾਧਨਾਂ ਉੱਪਰ ਕਾਬਜ਼ ਅਤੇ ਕਿਰਤ ਦੀ ਲੁੱਟ ਰਾਹੀਂ ਜਿਉਂਣ ਵਾਲੀ ਜਮਾਤ ਇਸ ਸਥਿਤੀ ਨੂੰ ਜਿਉਂ ਦੀ ਤਿਉਂ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੀ ਹੈ ਤੇ ਇਸ ਢਾਂਚੇ ਵਿੱਚ ਦੱਬੀ-ਕੁਚਲੀ ਜਾ ਰਹੀ ਮਜ਼ਦੂਰ, ਕਿਰਤੀ ਅਬਾਦੀ ਇਹਨਾਂ ਹਾਲਤਾਂ ਨੂੰ ਬਦਲਣ ਲਈ ਸੰਘਰਸ਼ ਕਰਦੀ ਹੈ। ਇਸ ਕਰਕੇ ਅਮੀਰੀ, ਗਰੀਬੀ ਅਤੇ ਉਹਨਾਂ ਵਿੱਚ ਟਕਰਾਅ ਦੇ ਕਾਰਨ ਸਮਾਜਿਕ ਜੀਵਨ ਵਿੱਚ ਹਨ, ਜੀਨ ਵਿੱਚ ਨਹੀਂ, ਇਹਨਾਂ ਨੂੰ ਜੀਨਾਂ ਸਿਰ ਮੜ੍ਹਨਾ ਅਸਲ ਵਿੱਚ ਕਿਰਤੀ ਲੋਕਾਂ ਦੇ ਸੰਘਰਸ਼ ਨੂੰ ਭੰਡਣਾ ਅਤੇ ਇਹਨਾਂ ਲੁੱਟ ਅਧਾਰਤ ਸਮਾਜਿਕ ਸਬੰਧਾਂ ਨੂੰ ਜਿਉਂ ਦਾ ਤਿਉਂ ਬਰਕਰਾਰ ਰੱਖਣਾ ਹੈ।

**ਨਸਲੀ ਸ਼ੁੱਧਤਾ ਅਤੇ ਅੰਨ੍ਹਾ ਕੌਮਵਾਦ**

ਮਨੁੱਖੀ ਨਸਲ ਪੂਰੀ ਧਰਤੀ ਦੇ ਅਲੱਗ-ਅਲੱਗ ਭੂਗੋਲਿਕ ਖਿੱਤਿਆਂ 'ਚ ਵਸਣ ਕਰਕੇ ਅਤੇ ਖਾਸ ਖਿੱਤਿਆਂ ਦੇ ਵਾਤਾਵਰਣੀ ਕਾਰਨਾਂ ਕਰਕੇ ਰੰਗ ਰੂਪ ਵਜੋਂ ਕਾਫ਼ੀ ਵੰਨ-ਸੁਵੰਨੀ ਰਹੀ ਹੈ, ਜਿਵੇਂ ਅਫ਼ਰੀਕਾ ਮਹਾਂਦੀਪ ਦੇ ਵਾਸੀ ਕਾਲੇ ਹਨ, ਚੀਨੀ ਲੋਕ ਨੈਣ-ਨਕਸ਼ਾਂ ਦੇ ਆਧਾਰ 'ਤੇ ਕਾਫ਼ੀ ਭਿੰਨ ਹਨ। ਗੁਲਾਮਦਾਰੀ ਦੇ ਦੌਰ ਤੋਂ ਜਗੀਰਦਾਰੀ ਅਤੇ ਹੁਣ ਸਰਮਾਏਦਾਰੀ ਅਤੇ ਹੁਣ ਸਰਮਾਏਦਾਰੀ 'ਚ ਵੀ ਰਾਜ ਕਰਦੀਆਂ ਜਮਾਤਾਂ ਨੇ ਇਹਨਾਂ ਭਿੰਨਤਾਵਾਂ ਦਾ ਲਾਹਾ ਲੋਕਾਂ ਨੂੰ ਇਹਨਾਂ ਭਿੰਨਤਾਵਾਂ ਦੇ ਅਧਾਰ 'ਤੇ ਲੜਾ ਕੇ ਹਕੂਮਤ ਕਰਨ 'ਚ ਲਿਆ ਹੈ। ਨਸਲ ਦੇ ਅਧਾਰ 'ਤੇ ਸਭ ਤੋਂ ਵੱਧ ਕਤਲੇਆਮ ਜਰਮਨ 'ਚ ਅਡੋਲਫ ਹਿਟਲਰ ਨੇ ਕੀਤਾ, ਜਿਸਨੇ ਨਸਲੀ ਸ਼ੁੱਧਤਾ ਦੇ ਨਾਹਰੇ ਹੇਠ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ। ਉਸਦੀ ਵਾਰਸ ਰਾਸ਼ਟਰੀ ਸਵੈਸੇਵਕ ਸੰਘ, ਭਾਜਪਾ ਵੀ ਅੱਜ ਭਾਰਤ 'ਚ ਇਹੋ ਇਤਿਹਾਸ ਦੁਹਰਾਅ ਰਹੀ ਹੈ। ਜੀਨ ਅਧਾਰਿਤ ਉਪਰੋਕਤ ਭਰਮ ਇਸ ਨਸਲੀ ਸ਼ੁੱਧਤਾ ਲਈ ਆਧਾਰ ਬਣਦੇ ਆਏ ਹਨ। ਅੱਜ ਕਿਸੇ ਵੀ ਵਿਗਿਆਨ ਦੀ ਸਮਝ ਰੱਖਣ ਵਾਲੇ ਵਿਅਕਤੀ ਵੱਲੋਂ ਕੀਤੀ ਇੱਕ ਗਲ਼ਤ ਟਿੱਪਣੀ ਉਸ ਸਮਾਜ ਲਈ ਗੁੰਮਰਾਹ ਕਰਨ ਵਰਗੀ ਹੈ ਜਿੱਥੇ ਵਿਗਿਆਨ ਨਾਂ ਦੀ ਤਿੱਤਲੀ ਨੂੰ ਕਦੇ ਢੰਗ ਨਾਲ ਖੰਭ ਨਹੀਂ ਖੋਲ੍ਹਣ ਦਿੱਤੇ। ਕਾਲੇ ਲੋਕਾਂ ਵੱਲੋਂ ਇਸ ਨਸਲੀ ਜਲਾਲਤ ਨੂੰ ਪਿੰਡੇ ਹੰਢਾਉਣ ਦੇ ਕਾਲੇ ਵਰਕੇ ਅੱਜ ਵੀ ਮਨੁੱਖਤਾ ਲਈ ਚੁੱਭਵੇਂ ਹਨ। ਜੇਕਰ ਜੀਨ ਅਧਾਰਿਤ ਕੁੱਝ ਖੁਲਾਸੇ ਹੀ ਕਰਨੇ ਹਨ ਤਾਂ ਉਹ ਧਰਮਾਂ, ਜਾਤਾਂ, ਫਿਰਕਿਆਂ 'ਚ ਵੰਡੇ ਲੋਕਾਂ ਨੂੰ ਇੱਕ ਕਰਨ ਲਈ ਕਰਨੇ ਚਾਹੀਦੇ ਹਨ, ਕਿਉਂਕਿ **... ਬਾਕੀ ਪੰਨਾ 37 'ਤੇ**

# ਕੀ ਮੌਤ ਤੋਂ ਬਾਅਦ ਵੀ ਜ਼ਿੰਦਗੀ ਹੈ ?

**ਡਾ. ਅਬਰਾਹਮ ਟੀ. ਕਾਵੂਰ**

ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ ਕਿ ਮੇਰੀ ਜਾਨ, ਮੇਰੇ ਸਰੀਰ ਵਿੱਚ ਇੱਕ ਖਾਸ ਬਿੰਦੂ 'ਤੇ ਸਥਿਤ ਹੈ। ਮੇਰੇ ਸਰੀਰ ਦੇ ਸਾਰੇ ਜਿਉਂਦੇ ਸੈੱਲਾਂ ਵਿੱਚ ਜਾਨ ਹੈ ਅਤੇ ਇਸ ਨੂੰ ਆਕਸੀਜਨ ਦੀ ਸਹਾਇਤਾ ਨਾਲ ਸੈੱਲਾਂ ਵਿੱਚ ਹਮੇਸ਼ਾਂ ਹੁੰਦੀ ਰਹਿੰਦੀ ਰਸਾਇਣਕ ਕਿਰਿਆ ਨਾਲ ਕਾਇਮ ਰੱਖਿਆ ਜਾਂਦਾ ਹੈ। ਇਹ ਰਸਾਇਣਕ ਕਿਰਿਆ, ਖੂਨ ਦੇ ਦੌਰੇ ਅਤੇ ਸਾਹ ਦੁਆਰਾ ਚਾਲੂ ਰਹਿੰਦੀ ਹੈ। ਇਹ ਮੋਮਬੱਤੀ ਦੇ ਕਾਰਬਨਿਕ ਯੋਗਿਕਾਂ ਦੇ ਬਲਣ ਨਾਲ ਪੈਦਾ ਹੋਈ ਪ੍ਰਕਾਸ਼ੀ ਊਰਜਾ ਨਾਲੋਂ ਕਿਸੇ ਗੱਲੋਂ ਵੀ ਵੱਖਰੀ ਨਹੀਂ ਹੈ। ਮੋਮਬੱਤੀ ਨੂੰ ਬੁਝਾਉਣ ਨਾਲ ਇਉਂ ਜਾਪਦਾ ਹੈ ਕਿ ਗਰਮੀ ਅਤੇ ਪ੍ਰਕਾਸ਼ ਇਸ ਨਾਲੋਂ ਵੱਖ ਹੋ ਗਏ ਹਨ ਪ੍ਰੰਤੂ ਉਸਨੂੰ ਦੁਬਾਰਾ ਜਲਾਉਣ ਨਾਲ ਇਹ ਭੁਲੇਖਾ ਦੂਰ ਹੋ ਜਾਂਦਾ ਹੈ।



ਇਹ ਸਿਰਫ ਰਸਾਇਣਿਕ ਕਿਰਿਆ ਅਤੇ ਊਰਜਾ ਦਾ ਪੈਦਾ ਹੋਣਾ ਰੁਕਣਾ ਹੈ। ਜਦੋਂ ਸਾਹ ਅਤੇ ਖੂਨ ਦੇ ਦੌਰੇ ਰੁਕ ਜਾਣ ਕਾਰਨ ਮੇਰੀ ਮੌਤ ਹੋ ਜਾਵੇਗੀ ਤਾਂ ਮੇਰੇ ਸਰੀਰ ਵਿੱਚੋਂ ਕੁੱਝ ਵੀ ਨਹੀਂ ਨਿਕਲੇਗਾ। ਜੇ ਆਧੁਨਿਕ ਤਕਨੀਕਾਂ ਦੇ ਕਿਸੇ ਢੰਗ ਨਾਲ, ਮੇਰੇ ਮ੍ਰਿਤਕ ਸਰੀਰ ਨੂੰ ਦੁਬਾਰਾ ਜਿਉਂਦਾ ਕਰ ਲਿਆ ਜਾਵੇ ਤਾਂ ਇਹ ਸੋਚਣਾ ਬੇਵਕੂਫੀ ਹੋਵੇਗੀ ਕਿ ਵੱਖ ਹੋਈ ਜਾਨ ਮੇਰੇ ਸਰੀਰ ਵਿੱਚ ਦੁਬਾਰਾ ਪ੍ਰਵੇਸ਼ ਕਰ ਗਈ ਹੈ ।

ਮੇਰੀ ਮੌਤ ਅਚਾਨਕ ਹੀ ਅਤੇ ਕਿਸੇ ਖਾਸ ਸਮੇਂ 'ਤੇ ਨਹੀਂ ਹੋਵੇਗੀ। ਮੈਂ 70 ਸਾਲ ਪਹਿਲਾਂ ਤੋਂ ਹੀ ਮਰਨਾ ਸ਼ੁਰੂ ਕੀਤਾ ਹੋਇਆ ਹੈ। ਮੈਂ ਆਪਣੀ ਜ਼ਿੰਦਗੀ ਆਪਣੀ ਮਾਂ ਦੇ ਗਰਭ 'ਚੋਂ ਇੱਕ ਪਰਜੀਵੀ ਦੇ ਤੌਰ 'ਤੇ ਸ਼ੁਰੂ ਕੀਤੀ ਸੀ। ਜਿਸ ਦਿਨ ਮੈਂ ਪੈਦਾ ਹੋਇਆ, ਮੇਰੇ ਸਰੀਰ ਦਾ 8ਵਾਂ ਭਾਗ ਤਾਂ ਉਸੇ ਦਿਨ ਹੀ ਨਾੜੂਆ ਅਤੇ ਔਲ ਦੇ ਰੂਪ ਵਿੱਚ ਖਤਮ ਹੋ ਗਿਆ ਸੀ। ਜਦੋਂ ਕਿ ਮੇਰੇ ਵਿੱਚ ਹਰ ਰੋਜ ਲੱਖਾਂ ਹੀ ਸੈੱਲ ਪੈਦਾ ਹੋ ਜਾਂਦੇ ਹਨ ਅਤੇ ਲੱਖਾਂ ਹੀ ਮਰ ਜਾਂਦੇ ਹਨ। ਮੈਂ ਉਸੇ ਦਿਨ ਤੋਂ ਹੀ ਰੋਜ ਮਰ ਰਿਹਾ ਹਾਂ ਅਤੇ ਰੋਜ ਪੈਦਾ ਹੋ ਰਿਹਾ ਹਾਂ। ਮੇਰੇ ਸਰੀਰ ਦੇ ਮਰੇ ਹੋਏ ਸੈੱਲਾਂ ਦੀ ਵੱਡੀ ਗਿਣਤੀ ਟੁੱਟੇ ਅਤੇ ਕੱਟੇ ਵਾਲਾਂ ਰਾਹੀਂ, ਚਮੜੀ ਰਾਹੀਂ, ਨਹੁੰ ਕੱਟਣ ਰਾਹੀਂ ਅਤੇ ਦੰਦ ਨਿਕਲਣ ਰਾਹੀਂ ਮੇਰੇ ਸਰੀਰ ਵਿੱਚੋਂ ਨਿਕਲ ਚੁੱਕੀ ਹੈ ਅਤੇ ਲੱਖਾਂ ਹੀ ਹੋਰ ਫਾਲਤੂ ਬਣ ਚੁੱਕੇ ਅੰਦਰਲੇ ਸੈੱਲ ਪਿਸ਼ਾਬ ਅਤੇ ਪਸੀਨੇ ਰਾਹੀਂ ਕੱਢੇ ਜਾ ਚੁੱਕੇ ਹਨ।

ਮੇਰੇ 70 ਸਾਲਾਂ ਸਰੀਰ ਦੇ ਬਹੁਤੇ ਭਾਗ ਦੁਰਘਟਨਾ ਦੇ ਜ਼ਖਮਾਂ, ਬੈਕਟੀਰੀਆ ਅਤੇ ਜੀਵਾਣੂਆਂ ਦੀਆਂ ਬੀਮਾਰੀਆਂ ਰਾਹੀਂ, ਜਿਸਮਾਨੀ ਅਤੇ ਮਾਨਸਿਕ ਕੰਮ ਰਾਹੀਂ, ਸੂਰਜ ਦੀਆਂ ਕਿਰਨਾਂ ਰਾਹੀਂ, ਪ੍ਰਯੋਗਸ਼ਾਲਾ ਵਿੱਚ ਕੰਮ ਕਰਦੇ ਸਮੇਂ ਖਾਰਾ ਅਤੇ ਤੇਜਾਬਾਂ ਰਾਹੀਂ ਨਸ਼ਟ ਹੋ ਚੁੱਕੇ ਹਨ। ਇੱਕ ਵਾਰ ਮੇਰੇ ਸਰੀਰ ਦਾ ਇੱਕ ਭਾਗ ਅਪ੍ਰੇਸ਼ਨ ਰਾਹੀਂ ਕੱਟਿਆ ਗਿਆ ਸੀ। ਮੇਰੇ ਸਰੀਰ ਦਾ ਇੱਕ ਸੂਖਮ ਸੈੱਲ 40 ਸਾਲ ਪਹਿਲਾਂ ਮੇਰੇ ਸਰੀਰ ਤੋਂ ਵੱਖ ਹੋ ਕੇ ਇੱਕ ਬਾਹਰਲੇ ਸੈੱਲ ਨਾਲ ਮਿਲ ਕੇ ਮੇਰੇ ਸਰੀਰ ਤੋਂ ਬਾਹਰ ਹੀ ਵੱਡਾ ਹੋਣ ਲੱਗ ਪਿਆ। ਇਹ ਅਜੇ ਵੀ ਪੈਰਿਸ ਵਿੱਚ ਡਾਕਟਰ ਐਰੀਸ ਕਾਵੂਰ ਦੇ ਨਾਂ ਨਾਲ ਵਧ ਫੁੱਲ ਰਿਹਾ ਹੈ। ਮੇਰੇ ਜਵਾਨੀ ਦੇ ਦਿਨਾਂ ਵਿੱਚ ਮੇਰੇ ਸਰੀਰ ਦੇ ਸੈੱਲਾਂ ਦੀ ਪੈਦਾ ਹੋਣ ਦੀ ਦਰ ਸੈੱਲਾਂ ਦੇ ਮਰਨ ਦੀ ਦਰ ਨਾਲੋਂ ਕਿਤੇ ਵੱਧ ਸੀ। ਇਸ ਲਈ ਮੈਂ ਵਧਦਾ ਫੁਲਦਾ ਰਿਹਾ ਅਤੇ 40 ਸਾਲ ਦੇ ਅੰਤ ਤੱਕ ਮੇਰਾ ਭਾਰ 185 ਪੌਂਡ ਸੀ। ਮੈਂ ਆਪਣੇ ਇਸ ਵੱਧ ਤੋਂ ਵੱਧ ਭਾਰ ਨੂੰ ਕੁਝ ਸਮਾਂ ਸਥਿਰ ਰੱਖਿਆ ਜਦੋਂ ਕਿ ਸੈੱਲਾਂ ਦੇ ਪੈਦਾ ਹੋਣ ਦੀ ਦਰ, ਸੈੱਲਾਂ ਦੇ ਮਰਨ ਦੀ ਦਰ ਦੇ ਬਰਾਬਰ ਸੀ। ਇਸ ਤੋਂ ਬਾਅਦ ਸੈੱਲਾਂ ਦੇ ਮਰਨ ਦੀ ਦਰ, ਪੈਦਾ ਹੋਣ ਦੀ ਦਰ ਤੋਂ ਵਧਦੀ ਗਈ ਅਤੇ ਹੁਣ ਮੇਰਾ ਭਾਰ ਸਿਰਫ 125 ਪੌਂਡ ਹੈ। ਉਹਨਾਂ ਸਾਰੇ ਸੈੱਲਾਂ ਦਾ ਕੁਲ ਭਾਰ, ਜਿਹੜੇ ਮਰ ਕੇ ਮੇਰੇ ਸਰੀਰ ਨਾਲੋਂ ਵੱਖ ਹੋ ਗਏ ਹਨ, ਲੱਖਾਂ ਹੀ ਪੌਂਡ ਹੋਵੇਗਾ। ਮੌਤ ਦਾ ਇਹ ਅਮਲ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਮੇਰੇ ਸਰੀਰ ਵਿੱਚ ਸੈੱਲਾਂ ਦੇ ਪੈਦਾ ਹੋਣ ਦੀ ਕਿਰਿਆ ਖਤਮ ਨਹੀਂ ਹੋ ਜਾਂਦੀ। ਇੱਥੋਂ ਤੱਕ ਕਿ ਮੇਰੇ ਸਰੀਰ ਦੇ ਸਾਰੇ ਸੈੱਲਾਂ ਦੀ ਮੌਤ ਹੋਣ ਤੋਂ ਬਾਅਦ ਮੇਰੀ ਅੱਖ ਦਾ ਕਾਰਨੀਆ (ਪੁਤਲੀ) ਕਿਸੇ ਅਜਨਬੀ ਦੀ ਅੱਖ ਵਿੱਚ ਜ਼ਿੰਦਗੀ ਜਿਉਂ ਰਿਹਾ ਹੋਵੇਗਾ। ਮੇਰੇ ਮੌਜੂਦਾ 125 ਪੌਂਡ ਭਾਰੇ ਸਰੀਰ ਦੀ ਮੌਤ, ਮੇਰੀ ਲਗਾਤਾਰ ਮਰਨ ਅਤੇ ਜਿਉਣ ਵਾਲੀ ਜ਼ਿੰਦਗੀ ਲਈ ਇੱਕ ਵੱਡੀ ਘਟਨਾ ਹੋਵੇਗੀ। ਕਿਉਂਕਿ ਮੇਰਾ ਦਿਮਾਗ ਅਤੇ ਮਨ ਕੰਮ ਕਰਨਾ ਬੰਦ ਕਰ

ਦੇਣਗੇ ਅਤੇ ਮੇਰੀ ਸ਼ਖਸੀਅਤ ਅਤੇ ਉਮਰ ਦਾ ਅੰਤ ਹੋ ਜਾਵੇਗਾ।

ਮੇਰਾ ਆਖਰੀ ਸਾਹ, ਮੇਰੇ ਹੁਣ ਦੇ ਸਾਹ ਨਾਲੋਂ ਕਿਸੇ ਗੱਲੋਂ ਵੀ ਵੱਖਰਾ ਨਹੀਂ ਹੋਵੇਗਾ। ਉਦੋਂ ਵੀ ਮੈਂ ਹੁਣ ਦੀ ਤਰ੍ਹਾਂ, ਸਾਹ ਰਾਹੀਂ ਕਾਰਬਨ-ਡਾਈਆਕਸਾਈਡ ਅਤੇ ਪਾਣੀ ਦੇ ਕਣ ਬਾਹਰ ਕੱਢਾਂਗਾ ।

ਮੇਰਾ ਇਹ ਵਿਸ਼ਵਾਸ ਨਹੀਂ ਹੈ ਕਿ ਮੇਰੀ ਮੌਤ ਪਿੱਛੇ, ਮੇਰੇ ਵਿੱਚ ਜਿਉਂਦੀ ਰਹਿਣ ਵਾਲੀ ਕੋਈ ਰੂਹ ਜਾਂ ਆਤਮਾ ਹੈ, ਮੈਂ ਨਰਕ ਜਾਂ ਸੁਰਗ ਨੂੰ ਜਾਵਾਂਗਾ ਜਾਂ ਮੈਂ ਇੱਕ ਪ੍ਰੇਤ ਦੀ ਤਰ੍ਹਾਂ ਘੁੰਮਦਾ ਫਿਰਾਂਗਾ ਤਾਂ ਜੋ ਦੁਬਾਰਾ ਜਨਮ ਲੈ ਸਕਾਂ। ਜੇਕਰ ਕਿਤੇ ਅਖੌਤੀ ਆਤਮਾ ਹੈ ਤਾਂ ਉਹਦਾ ਵੱਡਾ ਭਾਗ ਤਾਂ ਉਹਨਾਂ ਸੈੱਲਾਂ ਦੇ ਨਾਲ ਹੀ ਮੇਰੇ ਸਰੀਰ ਵਿੱਚੋਂ ਨਿਕਲ ਗਿਆ ਹੋਵੇਗਾ ਜਿਹੜੇ ਸੈੱਲ ਮੈਨੂੰ ਪਹਿਲਾਂ ਹੀ ਛੱਡ ਚੁੱਕੇ ਹਨ। ਕੁੱਝ ਭਾਗ ਉਸ ਆਦਮੀ ਦੇ ਕੋਲ ਚਲਿਆ ਜਾਵੇਗਾ, ਜਿਸ ਆਦਮੀ ਦੇ ਮੇਰੀ ਮੌਤ ਹੋਣ ਤੋਂ ਬਾਅਦ ਅੱਖ ਕੰਮ ਆਵੇਗੀ।

ਮੈਂ ਬਹੁਤ ਵਿਕਸਿਤ ਜੀਵ ਵਜੋਂ ਇੱਕ ਸ਼ਖਸੀਅਤ ਹਾਂ, ਕਿਉਂਕਿ ਮੇਰੇ ਅੰਦਰ ਦਿਮਾਗ, ਸਾਹ-ਪ੍ਰਣਾਲੀ, ਖੂਨ ਚੱਕਰ ਪ੍ਰਬੰਧ ਅਤੇ ਭੋਜਨ ਪ੍ਰਣਾਲੀ ਹਨ। ਪਰੰਤੂ ਮਾਂ ਦੇ ਗਰਭ ਵਿੱਚ ਮੇਰੀ ਜ਼ਿੰਦਗੀ ਦੀ ਮੁੱਢਲੀ ਸਟੇਜ ਵਿੱਚ, ਜਦ ਮੇਰੇ ਦਿਮਾਗ ਨੇ ਕੰਮ ਕਰਨਾ ਸ਼ੁਰੂ ਨਹੀਂ ਕੀਤਾ ਸੀ ਤਾਂ ਮੈਂ ਵੀ ਪੌਦਿਆਂ ਜਾਂ ਹੇਠਲੇ ਜਾਨਵਰਾਂ ਦੀ ਪੱਧਰ 'ਤੇ ਸੀ। ਜਦੋਂ ਮੈਂ ਆਪਣੀ ਮਾਂ ਦੇ ਗਰਭ ਵਿੱਚ ਸੀ, ਜੇਕਰ ਮੇਰੇ ਜਨਮ ਦਾ ਮੁੱਢਲਾ ਸੈੱਲ, ਦੋ ਭਾਗਾਂ ਵਿੱਚ ਟੁੱਟ ਜਾਂਦਾ ਤਾਂ ਮੇਰੇ ਇੱਕ ਜਾਂ ਦੋ ਹਮਸ਼ਕਲ ਭਰਾ ਹੋ ਜਾਣੇ ਸਨ ਅਤੇ ਮੇਰੀ ਪਹਿਲੀ ਅਖੌਤੀ ਆਤਮਾ ਜਾਂ ਸ਼ਖਸੀਅਤ ਦੋ ਜਾਂ ਤਿੰਨ ਭਾਗਾਂ ਵਿੱਚ ਵੰਡੀ ਜਾਣੀ ਸੀ।

ਭਾਵੇਂ ਇਹ ਧਾਰਨਾਵਾਂ ਪੂਰੀ ਤਰ੍ਹਾਂ ਠੀਕ ਅਤੇ ਤਰਕ-ਸੰਗਤ ਹਨ, ਪਰ ਫਿਰ ਵੀ ਉਹ ਲੋਕ ਜਿਨ੍ਹਾਂ ਦੇ ਦਿਮਾਗਾਂ ਨੂੰ ਆਤਮਾ ਤੇ ਪੁਨਰ-ਜਨਮ ਦੇ ਵਿਚਾਰਾਂ ਨੇ ਪ੍ਰਭਾਵਿਤ ਕਰ ਰੱਖਿਆ ਹੈ, ਇਹਨਾਂ ਸਿਧਾਤਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਗੇ ਕਿਉਂਕਿ ਇਹ ਸਿਧਾਂਤ ਧਰਮਾਂ ਦੀਆਂ ਸਿਖਿਆਵਾਂ ਦੇ ਅਨੁਸਾਰ ਨਹੀਂ ਹਨ। ਇਸ ਪ੍ਰਕਾਰ, ਬੇਸ਼ੱਕ ਸਾਰੀਆਂ ਧਾਰਮਿਕ ਸਿੱਖਿਆਵਾਂ ਇਹ ਕਹਿੰਦੀਆਂ ਹਨ ਕਿ ਮੌਤ ਪਿੱਛੋਂ ਵੀ ਜ਼ਿੰਦਗੀ ਹੈ, ਪਰੰਤੂ ਇਸ ਗੱਲ ਵਿੱਚ ਵਿਸ਼ਵਾਸ ਕਰਨ ਲਈ ਨਾ ਤਾਂ ਮੇਰੇ ਕੋਲ ਕੋਈ ਕਾਰਨ ਹੀ ਹੈ ਅਤੇ ਨਾ ਹੀ ਕੋਈ ਠੋਸ ਸਬੂਤ।

7 ਜੂਨ ਨੂੰ ਜਦੋਂ ਮੈਂ ਵੇਸਲੇ ਕਾਲਜ ਵਿੱਚ ਭਾਸ਼ਨ ਦਿੱਤਾ ਤਾਂ ਸਰੋਤਿਆਂ ਵਿੱਚੋਂ ਇੱਕ ਅਧਿਆਪਕ ਨੇ ਮੈਨੂੰ ਪੁੱਛਿਆ ਕਿ ਪੁਨਰ ਜਨਮ ਬਾਰੇ ਮੇਰੇ ਕੀ ਵਿਚਾਰ ਹਨ ? ਮੇਰੀ ਬੇਨਤੀ 'ਤੇ ਇੱਕ ਆਦਮੀ ਮੇਰੀ ਕਾਰ ਵਿੱਚੋਂ ਸਿਗਰਟਾਂ ਦੀ ਡੱਬੀ ਉਠਾ ਲਿਆਇਆ, ਜਿਸ ਵਿੱਚ ਇੱਕ ਬਿਨ੍ਹਾਂ ਸਿਰ ਵਾਲਾ ਕੀੜਾ ਸੀ। 22 ਮਈ ਨੂੰ ਅਗਲੇ ਦਿਨ ਦੇ ਭਾਸ਼ਨ ਦੀ ਤਿਆਰੀ ਲਈ ਮੈਂ ਇਸ ਕੀੜੇ ਦਾ ਸਿਰ ਲਾਹ ਦਿੱਤਾ ਸੀ। ਡੱਬੀ ਖੋਲ੍ਹਣ ਉੱਤੇ, 16 ਦਿਨ ਪਿੱਛੋਂ ਵੀ ਇਸ ਬਗੈਰ ਸਿਰ ਵਾਲੇ ਕੀੜੇ ਨੇ ਨੱਚਣਾ ਕੁੱਦਣਾ ਸ਼ੁਰੂ ਕਰ ਦਿੱਤਾ। ਜੇ ਪੁਨਰ-ਜਨਮ ਕੋਈ ਸਚਾਈ ਹੁੰਦਾ ਤਾਂ ਕੀੜੇ ਦਾ 16 ਦਿਨ ਪਹਿਲਾਂ ਮਰ ਚੁੱਕਿਆ ਸਿਰ ਕਿਸੇ ਹੋਰ ਸਥਾਨ 'ਤੇ ਪੁਨਰ-ਜਨਮ ਪ੍ਰਾਪਤ ਕਰਦਾ ਅਤੇ ਉਸਦੇ ਸਰੀਰ ਦਾ, ਜਿਹੜਾ ਕਿ ਅਜੇ ਕੁੱਝ ਦਿਨਾਂ ਬਾਅਦ ਮਰਨਾ ਹੈ, ਪੁਨਰ ਜਨਮ ਕਿਤੇ ਹੋਰ ਹੋਣਾ ਹੈ। ਇੱਕ ਹੀ ਜੀਵ ਦਾ ਦੋ ਥਾਵਾਂ 'ਤੇ ਪੁਨਰ ਜਨਮ ਕਿਵੇਂ ?

ਮਿਸਟਰ ਸੇਨਾ ਨਾਂ ਦੇ ਇੱਕ ਵਿਅਕਤੀ ਅਨੁਸਾਰ-ਸੈੱਲਾਂ ਵਾਲੀ ਜ਼ਿੰਦਗੀ ਅਤੇ ਦੂਸਰੀ ਜ਼ਿੰਦਗੀ ਵਿੱਚ ਫਰਕ ਹੈ, ਜਿਸਨੂੰ ਉਹ 'ਜ਼ਿੰਦਗੀ ਦਾ ਤੱਤ ਜਾਂ ਸਦੀਵੀ ਜ਼ਿੰਦਗੀ' ਕਹਿੰਦਾ ਹੈ। ਇਸ ਜ਼ਿੰਦਗੀ ਬਾਰੇ ਉਸ ਦਾ ਵਿਚਾਰ ਹੈ ਕਿ ਇਹ ਸਮੇਂ ਅਤੇ ਸਥਾਨ ਤੋਂ ਪਾਰ ਲੰਘ ਸਕਦੀ ਹੈ ਤੇ ਆਖਿਰ ਵਿੱਚ ਅਜਿਹੀ ਹਾਲਤ ਵਿੱਚ ਪੁੱਜ ਜਾਂਦੀ ਹੈ, ਜਦੋਂ ਇਸਦੀ ਹੋਂਦ ਨਹੀਂ ਰਹਿ ਜਾਂਦੀ। ਮੈਂ ਇਹ ਨਹੀਂ ਸਮਝ ਸਕਿਆ ਕਿ ਅਜਿਹੀ ਜ਼ਿੰਦਗੀ ਜਿਸਦੀ "ਹੋਂਦ ਨਹੀਂ ਰਹਿ ਜਾਂਦੀ" ਨੂੰ 'ਸਦੀਵੀ ਜ਼ਿੰਦਗੀ' ਕਿਵੇਂ ਕਿਹਾ ਜਾ ਸਕਦਾ ਹੈ ? ਜ਼ਿੰਦਗੀ ਭਾਵੇਂ ਇੱਕ ਸੈੱਲ ਵਿੱਚੋਂ ਪੈਦਾ ਹੋਵੇ ਭਾਵੇਂ ਬਹੁਤੇ ਸੈੱਲਾਂ ਵਿੱਚੋਂ ਇਹ ਉਹੀ ਹੁੰਦੀ ਹੈ। ਇੱਕ ਕੀੜੇ, ਆਦਮੀ ਅਤੇ ਪੌਦੇ ਦੀ ਜ਼ਿੰਦਗੀ ਵਿੱਚ ਕੋਈ ਫਰਕ ਨਹੀਂ ਹੈ। ਫਰਕ ਸਿਰਫ ਮਾਨਸਿਕ ਵਿਕਾਸ ਦਾ ਹੈ, ਨਾ ਕਿ ਜ਼ਿੰਦਗੀ ਦਾ। ਜਿਉਂ ਜਿਉਂ ਦਿਮਾਗ ਦਾ ਵਿਕਾਸ ਹੁੰਦਾ ਰਹਿੰਦਾ ਹੈ, ਮਨ ਦੇ ਗੁਣ ਬਦਲਦੇ ਰਹਿੰਦੇ ਹਨ। ਆਲੂ ਦੇ ਪੌਦੇ ਵਿੱਚ ਵੀ ਦਿਮਾਗ ਨਹੀਂ ਹੁੰਦਾ ਅਤੇ ਕੀੜਿਆਂ ਵਿੱਚ ਦਿਮਾਗ ਨਾ-ਮਾਤਰ ਹੀ ਹੁੰਦਾ ਹੈ, ਜਦੋਂ ਕਿ ਆਦਮੀ ਦਾ ਦਿਮਾਗ ਪੂਰੀ ਤਰ੍ਹਾਂ ਵਿਕਸਿਤ ਹੁੰਦਾ ਹੈ। ਇਹ ਤਾਂ ਸਾਨੂੰ ਮੰਨਣਾ ਹੀ ਪਵੇਗਾ ਕਿ ਇਸ ਬ੍ਰਹਿਮੰਡ ਵਿੱਚ ਆਦਮੀ ਸਭ ਤੋਂ ਜਿਆਦਾ ਬੁੱਧੀਮਾਨ ਜੀਵ ਹੈ।

ਕੁੱਝ ਸਿਰ-ਰਹਿਤ ਕੀੜੇ ਜ਼ਿੰਦਗੀ ਪੈਦਾ ਕਰਨਾ ਹੀ ਜਾਰੀ ਨਹੀਂ ਰੱਖਦੇ, ਬਲਕਿ ਉਹਨਾਂ ਦੇ ਨਾ-ਮਾਤਰ ਦਿਮਾਗ ਵੀ ਹੁੰਦਾ ਹੈ, ਕਿਉਂਕਿ ਇਹਨਾਂ ਦੇ ਸਰੀਰ ਵਿੱਚ ਇੱਕ ਦੀ ਜਗ੍ਹਾ ਬਹੁਤ ਸਾਰੇ ਨਾੜੀ-ਕੇਂਦਰ ਹੁੰਦੇ ਹਨ। ਜੇ ਮੈਂ ਇਹਨਾਂ ਕੀੜਿਆਂ ਦੇ ਦੋ ਬੇ-ਸਿਰੇ, ਮਾਦਾ ਅਤੇ ਨਰ ਸਰੀਰ ਰੱਖੇ ਹੁੰਦੇ ਤਾਂ ਇਹਨਾਂ ਨੇ ਨਿਸ਼ੇਚਨ ਕ੍ਰਿਆ ਕੀਤੀ ਹੁੰਦੀ ਅਤੇ ਮਾਦਾ ਨੇ ਜਰੂਰ ਜਨਮ ਅੰਡੇ ਦਿੱਤੇ ਹੁੰਦੇ ਤੇ ਇਹਨਾਂ ਅੰਡਿਆਂ ਵਿੱਚ ਜਰੂਰ ਹੀ ਸਿਰਾਂ ਵਾਲੇ ਕੀੜੇ ਪੈਦਾ ਹੋਣੇ ਸਨ। ਉਹ ਨਿਸ਼ੇਚਨ ਕਿਰਿਆ ਤੋਂ ਜਾਣੂ ਹੁੰਦੇ ਹਨ, ਕਿਉਂਕਿ ਉਹਨਾਂ ਵਿੱਚ ਦਿਮਾਗ ਹੁੰਦਾ

ਹੈ, ਭਾਵੇਂ ਉਹ ਨਾ-ਮਾਤਰ ਹੀ ਹੁੰਦਾ ਹੈ। ਇੱਕ ਵਿਅਕਤੀ ਵੀਰਾਰਤਨੇ ਨੇ ਕਿਹਾ ਕਿ "ਜ਼ਿੰਦਗੀ ਦੀ ਪ੍ਰਾਰੰਭਕ ਹਾਲਤ ਵਿੱਚ ਨਿਸ਼ੇਚਨ ਕ੍ਰਿਆ ਰਾਹੀਂ ਜਨਮ ਪੁਨਰ-ਜਨਮ ਵਿੱਚ ਸ਼ਾਮਲ ਨਹੀਂ ਹੁੰਦਾ" ਇਹ ਨਹੀਂ ਪਤਾ ਕਿ ਉਸਦਾ ਵਿਆਖਿਆ ਦਾ ਵਿਗਿਆਨਿਕ ਆਧਾਰ ਕੀ ਹੈ। ਉਹ ਕਹਿੰਦਾ ਹੈ ਕਿ "ਪੁਨਰ-ਜਨਮ ਤਾਂ ਉਹਨਾਂ ਜੀਵਾਂ ਵਿੱਚ ਹੀ ਹੁੰਦਾ ਹੈ ਜਿਹਨਾਂ ਦਾ ਦਿਮਾਗ ਵੱਧ ਵਿਕਸਤ ਹੁੰਦਾ ਹੈ।"

ਸ਼ਾਇਦ ਇਹ ਵਿਅਕਤੀ ਇਹ ਨਹੀਂ ਜਾਣਦਾ ਕਿ ਸੀਲੈਂਟਰੇਟਾ (Colenterate) ਨਾਂ ਦਾ ਇੱਕ ਅਜਿਹਾ ਜੀਵ ਹੁੰਦਾ ਹੈ, ਜਿਸ ਦੇ ਦਿਮਾਗੀ ਪ੍ਰਬੰਧ ਹੁੰਦਾ ਹੈ। ਇਸ ਨੂੰ ਬਹੁਤ ਸਾਰੇ ਟੁਕੜਿਆਂ ਵਿੱਚ ਕੱਟਿਆ ਜਾ ਸਕਦਾ ਹੈ। ਇਸ ਦਾ ਹਰ ਟੁਕੜਾ ਜਿਉਂਦਾ ਰਹਿੰਦਾ ਹੈ ਅਤੇ ਇੱਕ ਸੀਲੈਂਟਰੇਟਾ ਹੀ ਬਣ ਜਾਂਦਾ ਹੈ। ਕੀ ਇਹਨਾਂ ਪੈਦਾ ਹੋਏ ਸੀਲੈਂਟਰੇਟਾ ਦੇ ਵਿੱਚ ਉਹਨਾਂ ਦੀ ਪੁਨਰ ਜਨਮੀ ਆਤਮਾ ਦਾ ਕੁੱਝ ਭਾਗ ਹੀ ਹੋਵੇਗਾ? ਜੇਕਰ ਮਨੁੱਖੀ ਅੰਡੇ ਨੂੰ ਚਾਰ ਭਾਗਾਂ ਵਿੱਚ ਵੰਡ ਦਿੱਤਾ ਜਾਵੇ, ਕੀ ਇਸ ਤਰ੍ਹਾਂ ਪੈਦਾ ਹੋਏ ਚਾਰ ਜੁੜਵੇਂ ਬੱਚਿਆਂ ਵਿੱਚ ਪੁਨਰ-ਜਨਮੀ ਆਤਮਾ ਦਾ ਥੋੜ੍ਹਾ ਥੋੜ੍ਹਾ ਭਾਗ ਹੀ ਹੋਵੇਗਾ? ਕਿੰਨੀ ਊਟਪਟਾਂਗ ਗੱਲ ਹੈ।

ਮਿਸਟਰ ਲਿਆਨੇਜ ਨਾਂ ਦੇ ਇੱਕ ਵਿਅਕਤੀ ਨੇ ਪੁਨਰ-ਜਨਮ ਨੂੰ ਬੱਚਿਆਂ ਵਿੱਚ ਅਲੋਕਾਰ ਯੋਗਤਾਵਾਂ ਅਤੇ ਜਮਾਂਦਰੂ ਵਿਲੱਖਣਤਾਵਾਂ ਰਾਹੀਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਮਾਂਦਰੂ ਵਿਲੱਖਣਤਾਵਾਂ ਦੀ ਵਿਆਖਿਆ, ਕਰਮ ਤੇ ਪੁਨਰ-ਜਨਮ ਦੀ ਬਜਾਏ ਜੈਨੇਟਿਕਸ (Genetics) ਤੇ ਵਿਰਾਸਤ (Heredity) ਰਾਹੀਂ ਵਧੀਆ ਢੰਗ ਨਾਲ ਕੀਤੀ ਜਾ ਸਕਦੀ ਹੈ। ਆਦਮੀ ਚੋਣਵੀਂ-ਪ੍ਰਜਣਨ ਵਿਧੀ ਰਾਹੀਂ ਘਰੇਲੂ ਡੰਗਰਾਂ ਵਿੱਚ ਬਹੁਤ ਵਧੀਆ ਗੁਣਾਂ ਵਾਲੇ ਬੱਚੇ ਪੈਦਾ ਕਰਨ ਵਿੱਚ ਸਫਲ ਹੋਇਆ ਹੈ। ਇਸ ਢੰਗ ਨਾਲ ਮੁਰਗੀਆਂ ਅਤੇ ਗਊਆਂ ਦੀ ਕਿਸਮ ਵਿੱਚ ਸੁਧਾਰ ਕੀਤਾ ਗਿਆ ਹੈ। ਇਹ ਸਾਰਾ ਕੁੱਝ ਜਣਨ-ਵਿਦਿਆ ਅਤੇ ਵਿਰਾਸਤ ਵਿਗਿਆਨ ਦੇ ਖੇਤਰ ਵਿੱਚ ਆਦਮੀ ਦੇ ਗਿਆਨ ਦੀ ਵਰਤੋਂ ਹੋਣ ਕਾਰਨ ਹੀ ਹੋਇਆ ਹੈ। ਪਸ਼ੂਆਂ ਵਿੱਚ ਇਹ ਤਬਦੀਲੀਆਂ ਦੇ ਗੁਣ ਜੀਨਜ਼ ਰਾਹੀਂ ਅਤੇ ਡੀ.ਐਨ.ਏ.(D. N. A.) ਦੇ ਅਣੂਆਂ ਰਾਹੀਂ ਹੁੰਦੇ ਹਨ ਨਾ ਕਿ ਕਰਮਾਂ ਰਾਹੀਂ ।

ਉਹ ਸਮਾਂ ਦੂਰ ਨਹੀਂ ਜਦੋਂ ਮਨੁੱਖ ਜਣਨ ਵਿਦਿਆ ਦੇ ਆਪਣੇ ਗਿਆਨ ਨੂੰ ਆਪਣੀ ਹੀ ਨਸਲ ਸੁਧਾਰਨ ਲਈ ਵਰਤੇਗਾ। ਭਵਿੱਖ ਵਿੱਚ ਸਰਕਾਰਾਂ, ਜਣਨ ਵਿੱਚ ਦਿੱਤੀਆਂ ਅਜ਼ਾਦੀਆਂ 'ਤੇ ਪਾਬੰਦੀ ਲਾ ਸਕਦੀਆਂ ਹਨ। ਇਸ ਤੋਂ ਮੇਰਾ ਮਤਲਬ ਇਹ ਨਹੀਂ ਕਿ ਸਰੀਰਿਕ ਤੌਰ 'ਤੇ ਅਧੂਰੇ ਜਾਂ ਕਮਜ਼ੋਰ ਲੋਕਾਂ ਨੂੰ ਆਪਣੀ ਕਾਮ-ਵਾਸ਼ਨਾ ਦੀ ਤ੍ਰਿਪਤੀ ਤੋਂ ਰੋਕ ਦਿੱਤਾ ਜਾਵੇਗਾ, ਬਲਕਿ ਸਰਕਾਰ ਅਜਿਹੇ ਕਦਮ ਪੁੱਟ ਸਕਦੀ ਹੈ ਕਿ ਇਸ ਕਿਸਮ ਦੇ ਲੋਕ ਸੰਤਾਨ ਪੈਦਾ ਨਾ ਕਰ ਸਕਣ। ਮਨੁੱਖੀ ਸੰਤਾਨ ਉਤਪਤੀ ਸਭ ਤੋਂ ਮਹੱਤਵਪੂਰਨ ਕੌਮੀ ਮਾਮਲਾ ਬਣ ਸਕਦਾ ਹੈ, ਜਿਸ ਨੂੰ ਮਾਹਿਰ ਵਿਗਿਆਨੀਆਂ ਅਤੇ ਦੂਰਦਰਸ਼ੀ ਸੋਚ ਵਾਲੇ ਆਗੂਆਂ ਦੁਆਰਾ ਯੋਗ ਅਗਵਾਈ ਤੇ ਕੰਟਰੋਲ ਦੀ ਲੋੜ ਪਵੇਗੀ। ਇਹ ਵੀ ਹੋ ਸਕਦਾ ਹੈ ਕਿ ਵਿਆਹੇ ਜੋੜਿਆਂ ਨੂੰ 'ਸੰਤਾਨ-ਉਤਪਤੀ ਮੰਤਰਾਲੇ' ਤੋਂ ਬੱਚੇ ਪੈਦਾ ਕਰਨ ਲਈ ਆਗਿਆ ਲੈਣੀ ਪਿਆ ਕਰੇ।

ਖ਼ੂਨ ਦੇ ਬੈਂਕਾਂ ਦੀ ਤਰ੍ਹਾਂ ਵੀਰਜ਼-ਬੈਂਕ ਵੀ ਸਾਰੇ ਦੇਸ਼ ਵਿੱਚ ਖੋਲ੍ਹੇ ਜਾ ਸਕਦੇ ਹਨ ਤਾਂ ਜੋ ਚੰਗੇ ਗੁਣਾਂ ਵਾਲੇ ਮਰਦਾਂ ਦੇ ਵੀਰਜ ਨੂੰ ਸੁਰੱਖਿਅਤ ਰੱਖਿਆ ਜਾ ਸਕੇ ਜੋ ਵਧੀਆ ਗੁਣਾਂ ਵਾਲੀਆਂ ਔਰਤਾਂ ਦੇ ਗਰਭਧਾਰਨ ਲਈ ਵਰਤਿਆ ਜਾਵੇਗਾ। ਇਸ ਤਰ੍ਹਾਂ ਜਦੋਂ ਆਦਮੀ ਆਪਣੇ ਬੱਚਿਆਂ ਦੀ ਨਸਲ ਨੂੰ ਸੁਧਾਰਨ ਲਈ ਚੋਣਵੀਂ ਨਸਲ ਵਿਧੀ ਦੀ ਵਰਤੋਂ ਕਰੇਗਾ ਤਾਂ ਹੁਣ ਨਾਲੋਂ ਵੀ ਵੱਧ ਅਲੋਕਾਰ ਯੋਗਤਾਵਾਂ ਵਾਲੇ ਬੱਚੇ ਪੈਦਾ ਹੋਣਗੇ। ਅੱਜ ਕੱਲ੍ਹ ਅਜਿਹੇ ਬੱਚੇ ਘੱਟ ਮੌਕਿਆਂ 'ਤੇ ਹੀ ਪੈਦਾ ਹੁੰਦੇ ਹਨ। ਕਿਉਂਕਿ ਸ਼੍ਰੀਲੰਕਾ ਦੇ ਲੋਕਾਂ ਦੀ ਬਹੁ-ਸੰਮਤੀ, ਪੁਨਰ-ਜਨਮ ਵਿੱਚ ਵਿਸ਼ਵਾਸ ਰੱਖਦੀ ਹੈ। ਫਿਰ ਕੀ ਸਾਡੀ ਸਰਕਾਰ ਇਹ ਸੋਚੇਗੀ ਕਿ ਖੇਤੀਬਾੜੀ ਤੇ ਪਸ਼ੂਆਂ ਸਬੰਧੀ ਖੋਜ ਦੇ ਮਹਿਕਮੇ ਨੂੰ ਇਹ ਹਦਾਇਤ ਕਰਨੀ ਜਰੂਰੀ ਹੈ ਕਿ ਮੌਜੂਦਾ ਨਸਲ ਸੁਧਾਰ ਦੇ ਢੰਗਾਂ ਦੀ ਬਜਾਏ ਉਹ ਪੌਦਿਆਂ ਅਤੇ ਪਸ਼ੂਆਂ ਦੇ ਪਿਛਲੇ ਕਰਮਾਂ ਅਨੁਸਾਰ ਉਹਨਾਂ ਦੀਆਂ ਨਸਲਾਂ ਦੀ ਚੋਣ ਕਰਨ!!!

ਇਹ ਕਹਿਣਾ ਕਿ ਵਿਲੱਖਣ ਬੱਚਿਆਂ ਵਿੱਚ ਪਿਛਲੇ ਜਨਮ ਦੀਆਂ ਯਾਦਾਂ ਹੁੰਦੀਆਂ ਹਨ, ਓਨਾ ਹੀ ਗਲਤ ਹੈ ਜਿੰਨਾ ਕਿ ਪੁਨਰ-ਜਨਮ ਸਬੰਧੀ ਖੋਜ ਕਰਨ ਵਾਲੇ ਪ੍ਰੋਫੈਸਰ ਆਇਨ ਸਟੀਵਨਸਨ, ਪ੍ਰੋਫੈਸਰ ਐਚ. ਐਨ. ਬੈਨਰਜੀ ਅਤੇ ਗੁਨਾਰਤਨੇ ਦੇ ਵਿਚਾਰ ਕਿ ਪੁਨਰ-ਜਨਮ ਵਿੱਚ ਚਿਹਰੇ ਦੇ ਨੈਣ-ਨਕਸ਼, ਰੰਗ, ਜਖਮਾਂ ਦੇ ਦਾਗ ਆਦਿ ਦੁਬਾਰਾ ਪੈਦਾ ਹੋ ਜਾਂਦੇ ਹਨ। ਜੇਕਰ ਇਹ ਸੱਚ ਹੈ ਤਾਂ ਅੱਖ ਪ੍ਰਦਾਨ ਕਰਵਾਉਣ ਵਾਲੀ ਸੋਸਾਇਟੀ ਲਈ ਤਾਂ ਇਹ ਬਹੁਤ ਘਾਤਕ ਸਿੱਧ ਹੋਵੇਗੀ। ਜਨਮ ਤੋਂ ਹੀ ਅੰਨ੍ਹੇ ਹੋਣ ਦਾ ਡਰ, ਲੋਕਾਂ ਨੂੰ ਅੱਖਾਂ ਪ੍ਰਦਾਨ ਕਰਨ ਤੋਂ ਰੋਕ ਦੇਵੇਗਾ। ਜੇ ਇਹ ਦਾਅਵਾ ਸੱਚ ਹੋਵੇ ਕਿ ਹਿਸਾਬ ਦਾ ਗਿਆਨ ਪਿਛਲੇ ਜਨਮ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪਿਛਲੀ ਜੂਨ ਵਿੱਚ ਹਿਸਾਬ ਵਿਸ਼ੇ ਦਾ ਮਾਹਿਰ, ਭਾਵੇਂ ਅੱਜ ਦੀ ਜੂਨ ਵਿੱਚ ਉਹ ਗਧਾ ਹੀ ਕਿਉਂ ਨਾ ਹੋਵੇ ਲੰਕਾ ਵਿਸ਼ਵ-ਵਿਦਿਆਲੇ ਦੀ ਹਿਸਾਬ ਦੇ

ਪ੍ਰੋਫੈਸਰ ਦੀ ਕੁਰਸੀ 'ਤੇ ਬਿਰਾਜਮਾਨ ਹੋ ਸਕਦਾ ਹੈ ।

ਬੱਚਿਆਂ ਦੇ ਪਿਛਲੇ ਜਨਮ ਦੀਆਂ ਯਾਦਾਂ ਸਬੰਧੀ ਕਹਾਣੀਆਂ ਨੂੰ ਬਿਲਕੁਲ ਕਲਪਿਤ ਕਹਿ ਕੇ ਰੱਦ ਕਰਨਾ ਹੋਵੇਗਾ। ਜਿਹੜੇ ਲੋਕਾਂ ਨੇ ਵਿਗਿਆਨਕ ਢੰਗ ਨਾਲ ਇਹਨਾਂ ਗੱਲਾਂ ਦੀ ਪੜਤਾਲ ਕੀਤੀ ਹੈ, ਉਹ ਇਸ ਸਿੱਟੇ 'ਤੇ ਪੁੱਜੇ ਹਨ ਕਿ ਇਹ ਕਹਾਣੀਆਂ ਬਿਲਕੁਲ ਝੂਠੀਆਂ ਹੁੰਦੀਆਂ ਹਨ ਤੇ ਇਹਨਾਂ ਪਿੱਛੇ ਜ਼ਰੂਰ ਕੋਈ ਨਾ ਕੋਈ ਧੋਖਾ ਹੁੰਦਾ ਹੈ।

ਅਮਰੀਕਾ ਦੇ ਪ੍ਰਸਿੱਧ ਖੋਜੀ ਸਪਰੇਗ ਡੀ ਕੈਂਪ ਨੇ ਆਪਣੀ ਪੁਸਤਕ 'ਆਤਮਾਵਾਂ, ਸਿਤਾਰੇ ਤੇ ਜਾਦੂ-ਟੂਣੇ' (SPIRIES, STARS AND SPELLS) ਵਿੱਚ ਬਰਾਈਡੇ, ਮਰਫੀ ਤੇ ਸਿਮੰਦਨੀ ਦੇ ਕੇਸਾਂ ਨੂੰ, ਜਿਹੜੇ ਵਾਰ ਵਾਰ ਪੁਨਰ-ਜਨਮ ਦੇ ਸਬੂਤ ਦੇ ਤੌਰ 'ਤੇ ਮੰਨੇ ਜਾਂਦੇ ਰਹੇ ਹਨ ਧੋਖਾ ਸਿੱਧ ਕੀਤਾ ਹੈ।

ਮਿਸਟਰ ਲਿਆਨੇਜ, ਜਿਸ ਨੂੰ ਜੀਵ ਵਿਗਿਆਨ ਦਾ ਬਹੁਤ ਥੋੜ੍ਹਾ ਗਿਆਨ ਹੈ, ਇਹ ਵਿਚਾਰ ਰੱਖਦਾ ਹੈ ਕਿ ਪੁਨਰ-ਜਨਮ ਲਈ ਪਹਿਲੀ ਸ਼ਰਤ, ਜਿਉਂਦਾ ਦਿਮਾਗ ਹੈ। ਇੱਕ ਬੈਕਟੀਰੀਆ ਵਿੱਚ, ਇੱਕ ਅੰਡੇ ਵਿੱਚ, ਆਲੂ ਵਿੱਚ ਜਾਂ ਇੱਕ ਸੈੱਲ ਵਿੱਚ ਦਿਮਾਗ ਨੇ ਕੀ ਕਰਨਾ ਹੈ ? ਨਵੀਆਂ ਖੋਜਾਂ ਦੁਆਰਾ ਸਰੀਰ ਨੂੰ ਮੌਤ ਤੋਂ ਪਹਿਲਾਂ ਜਾਂ ਛੇਤੀ ਹੀ ਬਾਅਦ ਬਹੁਤ ਘੱਟ ਤਾਪਮਾਨ ਵਿੱਚ ਜਮਾ ਕੇ ਸੈਂਕੜੇ ਸਾਲਾਂ ਬਾਅਦ ਵੀ ਦੁਬਾਰਾ ਜਿਉਂਦਾ ਕੀਤਾ ਜਾ ਸਕਦਾ ਹੈ। ਕੀ ਉਸ ਜੀਵ ਦੀ ਆਤਮਾ ਕਿਸੇ ਹੋਰ ਜੀਵ ਵਿੱਚ ਚਲੀ ਜਾਂਦੀ ਹੈ ਜਾਂ ਉਸੇ ਜੀਵ ਵਿੱਚ ਵਾਪਸ ਆ ਜਾਂਦੀ ਹੈ ? ਕੀ ਜੰਮੀਆਂ ਹੋਈਆਂ ਵਸਤੂਆਂ ਦੇ ਦਿਮਾਗ ਸਦੀਆਂ ਤੱਕ ਜਿਉਂਦੇ ਰਹਿੰਦੇ ਹਨ ? ਕਿੰਨੀ ਮੂਰਖਤਾ ਹੈ। ਪੁਨਰ ਜਨਮ ਦੇ ਇਹ ਅੰਧ-ਵਿਸ਼ਵਾਸੀ ਇਹ ਦਲੀਲ ਦਿੰਦੇ ਹਨ ਕਿ ਮਰ ਰਹੇ ਆਦਮੀ ਦੇ ਆਖਰੀ ਵਿਚਾਰਾਂ ਦਾ ਅਗਲੀ ਜ਼ਿੰਦਗੀ ਨਾਲ ਸਬੰਧ ਹੁੰਦਾ ਹੈ। ਇਸ ਦਲੀਲ ਨੂੰ ਸਿੱਧ ਕਰਨ ਲਈ ਉਹ ਮਾਦੇ ਤੇ ਊਰਜਾ ਦੀ ਵਿਨਾਸ਼ਤਾ ਦੇ ਨਿਯਮ ਦੀ ਉਦਾਹਰਣ ਦਿੰਦੇ ਹਨ ।

ਇਹ ਕਹਿਣਾ ਕਿ ਕਿਸੇ ਆਦਮੀ ਦੇ ਵਿਚਾਰ ਉਸਦੀ ਮੌਤ ਬਾਅਦ ਵੀ ਉਸਦੇ ਸਰੀਰ ਵਿੱਚ ਹੀ ਰਹਿੰਦੇ ਹਨ ਓਨਾ ਹੀ ਗਲਤ ਹੈ ਜਿੰਨਾਂ ਕਿ ਇਹ ਕਹਿਣਾ ਕਿ ਕਿਸੇ ਆਦਮੀ ਦੀ ਜਾਨ ਉਸਦੇ ਕੋਟ ਵਿੱਚ ਰਹਿੰਦੀ ਹੈ, ਜਿਹੜਾ ਉਸਨੇ ਮਰਨ ਤੋਂ ਪਹਿਲਾਂ ਪਾਇਆ ਹੁੰਦਾ ਹੈ ਜਾਂ ਇਹ ਕਹਿਣਾ ਕਿ ਇੱਕ ਚੂਚਾ ਖਾਣ ਪਿੱਛੋਂ ਖਾਣ ਵਾਲੇ ਦੇ ਪੇਟ ਵਿੱਚ ਜਿਉਂਦਾ ਰਹਿੰਦਾ ਹੈ ।

ਜੇ ਆਤਮਾਵਾਂ, ਦਿਮਾਗ ਤੋਂ ਬਾਹਰ ਰਹਿ ਕੇ ਪੁਨਰ-ਜਨਮ ਲੈ ਸਕਦੀਆਂ ਹਨ ਤਾਂ ਸਾਡੇ ਗ੍ਰਹਿ ਉਪਰਲੀ ਜ਼ਿੰਦਗੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਿੱਥੇ ਸਨ ? ਕੀ ਕਦੀ ਵਿਚਾਰ, ਵਿਚਾਰਵਾਨ ਤੋਂ ਬਿਨ੍ਹਾਂ, ਯਾਦ-ਸ਼ਕਤੀ ਆਦਮੀ ਤੋਂ ਬਿਨ੍ਹਾਂ ਅਤੇ ਚੇਤਨਾ ਕਿਸੇ ਸੁਚੇਤ ਆਦਮੀ ਤੋਂ ਬਿਨ੍ਹਾਂ ਹੋ ਸਕਦੀ ਹੈ ? ਜਿਵੇਂ ਅੱਗ ਬਾਲਣ ਤੋਂ ਬਿਨ੍ਹਾਂ ਨਹੀਂ ਹੋ ਸਕਦੀ, ਉਵੇਂ ਹੀ ਜ਼ਿੰਦਗੀ ਅਤੇ ਮਨ, ਸਰੀਰ ਅਤੇ ਨਾੜੀ-ਪ੍ਰਬੰਧ ਤੋਂ ਬਿਨ੍ਹਾਂ ਨਹੀਂ ਹੋ ਸਕਦੇ। ਮੌਤ, ਜ਼ਿੰਦਗੀ ਦਾ ਅੰਤ ਹੈ।

(ਸ੍ਰੋਤ: **ਕਿਤਾਬ '... ਤੇ ਦੇਵ ਪੁਰਸ਼ ਹਾਰ ਗਏ'**)

---

...**ਪੰਨਾ 33 ਦਾ ਬਾਕੀ** ਇਹਨਾਂ ਦਾ ਕੋਈ ਵਿਗਿਆਨਕ ਆਧਾਰ ਨਹੀਂ, ਅਲੱਗ-ਅਲੱਗ ਧਰਮ, ਜਾਤਾਂ ਮਨੁੱਖ ਨੇ ਬਣਾਈਆਂ ਹਨ, ਸਾਡਾ ਵਿਗਿਆਨਕ ਨਾਮ ਹੋਮੋ ਸੇਪਿਅਨਜ ਹੈ ਤੇ ਸਾਡੇ ਜੀਨ ਸਾਂਝੇ ਹਨ।

**'ਅਫ਼ਲਾਤੂਨ ਤੋਂ ਲੈਨਿਨ ਤੱਕ'** ਕਿਤਾਬ 'ਚ ਜਿਕਰ ਮਿਲਦਾ ਹੈ ਕਿ ਪੱਛਮੀ ਜਰਮਨੀ ਦੇ ਕੁੱਝ ਬੱਚਿਆਂ ਨੂੰ ਇਸ ਵਿਸ਼ੇ ਬਾਰੇ ਇੱਕ ਲੇਖ ਲਿਖਣ ਲਈ ਕਿਹਾ ਗਿਆ "ਜੇ ਮੈਂ ਜੋ ਮਰਜੀ ਕਰ ਸਕਦਾ ਤਾਂ ਮੈਂ ਕੀ ਕਰਦਾ ?" ਇੱਕ ਨੇ ਲਿਖਿਆ; "ਮੈਂ ਦੁਨੀਆਂ ਭਰ ਦੇ ਸਕੂਲਾਂ ਨੂੰ ਉਡਾ ਦੇਵਾਂਗਾ"। ਇੱਕ ਹੋਰ ਨੇ ਲਿਖਿਆ "ਮੈਂ ਥਾਂ-ਥਾਂ ਬੰਬ ਸੁੱਟਾਂਗਾ - ਮੈਂ ਮਕਾਨਾਂ ਨੂੰ ਅੱਗ ਲਾ ਦੇਵਾਂਗਾ ਤੇ ਦਰਿਆ ਵਿੱਚ ਛਾਲ ਮਾਰ ਦਿਆਂਗਾ।" ਤੇ ਇਸ ਵਿਸ਼ੇ ਉੱਤੇ ਸਮਾਜਵਾਦੀ ਸੋਵੀਅਤ ਸਕੂਲਾਂ ਦੇ ਬੱਚਿਆਂ ਨੇ ਇਹ ਜਵਾਬ ਦਿੱਤੇ : "ਸਰਮਾਏਦਾਰਾਂ ਤੇ ਫੈਕਟਰੀਆਂ ਦੇ ਮਾਲਕਾਂ ਨੇ ਜਿਨ੍ਹਾਂ ਨੀਗਰੋ ਲੋਕਾਂ ਨੂੰ ਗੁਲਾਮ ਬਣਾ ਛੱਡਿਆ ਹੈ ਮੈਂ ਉਨ੍ਹਾਂ ਨੂੰ ਅਜ਼ਾਦ ਕਰ ਦਿਆਂਗਾ," ਇੱਕ ਨੇ ਲਿਖਿਆ ਤੇ ਦੂਜੇ ਨੇ ਇਸ ਸਵਾਲ ਦਾ ਜਵਾਬ ਇਹ ਦਿੱਤਾ, "ਸਭ ਤੋਂ ਪਹਿਲੀ ਗੱਲ ਮੈਂ ਇਹ ਕਰਾਂਗਾ ਕਿ ਪ੍ਰਮਾਣੂ ਤੇ ਹਾਈਡ੍ਰੋਜਨ ਬੰਬਾਂ 'ਤੇ ਪਾਬੰਦੀ ਲਾ ਦੇਵਾਂਗਾ।"

ਬੱਚਿਆਂ ਦੇ ਜਵਾਬਾਂ ਵਿੱਚ ਏਨਾ ਫਰਕ ਕਿਉਂ ਹੈ ? ਕਾਰਨ ਇਹ ਹੈ ਕਿ ਬੱਚੇ ਵੱਖ-ਵੱਖ ਸਮਾਜਿਕ ਨਿਜ਼ਾਮ ਵਿੱਚ ਰਹਿ ਰਹੇ ਸਨ। ਇਹੋ ਹੈ ਸਮਜਿਕ ਜੀਵਨ ਦਾ ਸ਼ਖਸ਼ੀਅਤ ਦੀ ਉਸਾਰੀ ਉੱਤੇ ਅਸਰ। ਇਸ ਕਰਕੇ ਜੀਨ ਅਤੇ ਵਾਤਾਵਰਣ ਵਿਚਲਾ ਦਵੰਦਾਤਮਕ ਰਿਸ਼ਤਾ ਪਛਾਨਣ ਦੀ ਲੋੜ ਹੈ ਤੇ ਇਹ ਬਿਲਕੁੱਲ ਗਲ਼ਤ ਹੋਵੇਗਾ ਜੇਕਰ ਅਸੀਂ ਦੋਵਾਂ ਨੂੰ ਇਹਨਾਂ ਦੇ ਆਪਸੀ ਰਿਸ਼ਤੇ ਤੋਂ ਨਿਖੇੜ ਕੇ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸੇ ਤਰ੍ਹਾਂ ਮਨੁੱਖੀ ਜੀਵਨ ਲਈ ਵੀ ਇਹ ਸਮਝਣਾ ਚਾਹੀਦਾ ਹੈ ਕਿ ਜੀਨ ਤੇ ਵਾਤਾਵਰਣ ਦੀ ਭੂਮਿਕਾ ਮਨੁੱਖ ਦੇ ਸਰੀਰਕ ਗੁਣਾਂ ਤੱਕ ਹੀ ਹੈ ਅਤੇ ਮਨੁੱਖੀ ਸਖ਼ਸ਼ੀਅਤ ਲਈ ਸਮਾਜਿਕ ਜੀਵਨ ਜ਼ਿੰਮੇਵਾਰ ਹੈ, ਜੀਨ ਨਹੀਂ।

**96533 59244**

# ਝੂਠ ਨੂੰ ਝੂਠ ਸਿੱਧ ਕਰਨ ਉੱਤੇ ਲਗਦੀ ਊਰਜਾ

ਪਿਛਲੇ ਦਿਨੀਂ ਫੇਸਬੁੱਕ ਉੱਤੇ ਚੱਲ ਰਹੇ ਇੱਕ ਵਿਗਿਆਨਕ ਗਰੁੱਪ ਵਿੱਚ ਇਹ ਚਿੱਤਰ ਦੇਖਣ ਨੂੰ ਮਿਲਿਆ। ਇਸ ਵਿੱਚ ਵਿਅੰਗਮਈ ਢੰਗ ਨਾਲ ਦਰਸਾਇਆ ਗਿਆ ਹੈ ਕਿ ਇੱਕ ਵਿਅਕਤੀ ਐਵੇਂ ਹੀ ਕੋਈ ਅਫ਼ਵਾਹ ਛੱਡ ਦਿੰਦਾ ਹੈ, ਜਿਸਦਾ ਕੋਈ ਵਿਗਿਆਨਕ ਆਧਾਰ ਨਹੀਂ ਹੁੰਦਾ। ਇਹ ਗੈਰਵਿਗਿਆਨਕ ਅਫ਼ਵਾਹ ਛੱਡਣ ਵਾਲੇ ਵਿਅਕਤੀ ਦੀ ਤਾਂ ਇਸ ਕੰਮ ਵਿੱਚ ਕੋਈ ਊਰਜਾ ਨਹੀਂ ਲਗਦੀ, ਉਸਨੇ ਤਾਂ ਕੋਈ ਫ਼ਜ਼ੂਲ ਜਿਹੀ ਗੱਲ ਕਹਿ ਹੀ ਦੇਣੀ ਹੁੰਦੀ ਹੈ ਪਰ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਉਸ ਝੂਠ ਨੂੰ ਸਬੂਤਾਂ ਸਹਿਤ ਰੱਦ ਕਰਨ ਲਈ ਬਹੁਤ ਸਾਰੀ ਊਰਜਾ ਲੱਗ ਜਾਂਦੀ ਹੈ। ਜਦ ਕਿ ਤਰਕਹੀਣ ਗੱਲ ਕਰਨ ਵਾਲਾ ਉਹ ਵਿਅਕਤੀ ਤੱਥ ਵੇਖ ਕੇ ਵੀ ਐਨਾ ਕੁ ਕਹਿ ਕੇ ਸਾਰ ਲੈਂਦਾ ਕਿ ਮੈਨੂੰ ਤਾਂ ਇਉਂ ਹੀ ਲਗਦਾ ਹੈ।




ਸਾਡੇ ਤਰਕਸ਼ੀਲ ਸਾਥੀਆਂ ਨੂੰ ਇਹ ਅਨੁਭਵ ਅਕਸਰ ਹੀ ਹੁੰਦਾ ਰਹਿੰਦਾ ਹੈ ਕਿ ਕੋਈ ਵਿਅਕਤੀ ਜਾਂ ਪੱਤਰਕਾਰ ਐਵੇਂ ਹੀ ਇਹ ਦਾਅਵਾ ਕਰ ਦਿੰਦਾ ਹੈ ਕਿ ਫਲਾਣੀ ਜਗ੍ਹਾ ਕੋਈ ਪੁਨਰ-ਜਨਮ ਹੋਇਆ ਹੈ ਜਾਂ ਕੋਈ 'ਚਮਤਕਾਰ' ਵਾਪਰ ਰਿਹਾ ਹੈ, ਫਿਮਕੀ ਜਗ੍ਹਾ ਤੋਂ ਪਾਣੀ ਪੀਣ ਨਾਲ ਐਨੇ ਲੋਕ ਬਿਮਾਰੀਆਂ ਤੋਂ ਰਾਜੀ ਹੋ ਗਏ ਹਨ, ਆਦਿ। ਸਾਨੂੰ ਪਤਾ ਹੁੰਦਾ ਹੈ ਕਿ ਇਹ ਗੱਲ ਸੰਭਵ ਹੀ ਨਹੀਂ ਹੈ ਅਤੇ ਇਸਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ, ਪਰ ਉਸ ਨੂੰ ਝੂਠ ਸਿੱਧ ਕਰਨ ਲਈ ਬਹੁਤ ਸਾਰਾ ਸਮਾਂ, ਸ਼ਕਤੀ ਲਾਉਣੀ ਪੈਂਦੀ ਹੈ। ਅਸੀਂ ਆਪਣੇ ਵੱਲੋਂ ਹਰ ਸੰਭਵ ਪੜਤਾਲ ਕਰਕੇ ਸਚਾਈ ਸਾਹਮਣੇ ਲਿਆਉਂਦੇ ਹਾਂ। ਪਰ ਅਜਿਹੀ ਹਰ ਨਵੀਂ ਅਫਵਾਹ ਸਮੇਂ ਕੁਝ ਲੋਕਾਂ ਦੇ ਮਨਾਂ ਵਿੱਚ ਫਿਰ ਸ਼ੰਕੇ ਪੈਦਾ ਹੋ ਜਾਂਦੇ ਹਨ ਜਿਸ ਤੋਂ ਕੁਝ ਮੈਂਬਰਾਂ ਦੇ ਮਨ ਵਿੱਚ ਖਿਝ ਵੀ ਪੈਦਾ ਹੁੰਦੀ ਹੈ। ਪਰ ਇਸ ਦਾ ਸਥਾਈ ਹੱਲ ਇਹੀ ਹੈ ਕਿ ਸਾਡੇ ਲੋਕਾਂ ਦਾ ਹਰ ਘਟਨਾ, ਹਰ ਵਰਤਾਰੇ ਨੂੰ ਦੇਖਣ ਦਾ ਨਜ਼ਰੀਆ ਵਿਗਿਆਨਕ ਬਣ ਜਾਵੇ। ਉਹ ਆਪਣੇ ਤੌਰ 'ਤੇ ਵੀ ਹਰ ਗੱਲ ਅਤੇ ਹਰ ਬਿਆਨ ਨੂੰ ਤਰਕ ਦੀ ਕਸਵੱਟੀ ਉੱਤੇ ਪਰਖ ਸਕਣ ਦੇ ਕਾਬਲ ਹੋਣ। ਓਨਾ ਚਿਰ ਸਾਨੂੰ ਅਜਿਹੀਆਂ ਗੈਰਵਿਗਿਆਨਕ ਅਫਵਾਹਾਂ ਨੂੰ ਗਲਤ ਸਿੱਧ ਕਰਨ ਉੱਤੇ ਆਪਣੀ ਬਹੁਤ ਸਾਰੀ ਊਰਜਾ ਲਾਉਣੀ ਹੀ ਪਵੇਗੀ।

ਨੋਟ- ਇਸ ਚਿੱਤਰ-ਲੜੀ ਦਾ ਪੰਜਾਬੀ ਰੂਪਾਂਤਰ ਕਰ ਕੇ ਪੇਸ਼ ਕਰਨ ਵਾਲਾ 'ਕੌਸਮੋ ਸਿੰਘ' ਅਸਲ ਵਿੱਚ ਇਸਰੋ (Indian Space Research Organisation-ISRO) ਵਿੱਚ ਕੰਮ ਕਰ ਰਿਹਾ ਪੰਜਾਬੀ ਵਿਗਿਆਨੀ ਹਰਜੀਤ ਸਿੰਘ ਹੈ ਜੋ ਮੋਗਾ ਜ਼ਿਲ੍ਹੇ ਦੇ ਇੱਕ ਸਾਬਕਾ ਅਧਿਆਪਕ ਆਗੂ ਸੁਰਿੰਦਰ ਸਿੰਘ ਦਾ ਬੇਟਾ ਹੈ।

---

..ਪੰਨਾ 10 ਦਾ ਬਾਕੀ "ਮੇਰਾ ਵਿਸ਼ਵਾਸ਼ ਮੇਰੀ ਚੋਣ" ਵਰਗੇ ਧਰਮ ਨਿਰਪੱਖ ਨਾਹਰੇ ਲਾਏ। ਇਸ ਸਭਾ ਵਿੱਚ ਬੱਚਿਆਂ ਨੂੰ ਇਹ ਵੀ ਕਿਹਾ ਗਿਆ ਕਿ ਜੇ ਉਨ੍ਹਾਂ ਨੇ ਬਾਈਬਲ ਵਿੱਚ ਦਰਜ ਗੱਲਾਂ ਨੂੰ ਨਾ ਮੰਨਿਆ ਤਾਂ ਉਹ ਨਰਕ ਵਿੱਚ ਜਾਣਗੇ। 'ਧਰਮ ਤੋਂ ਆਜ਼ਾਦੀ ਫਾਊਂਡੇਸ਼ਨ' ਅਤੇ 'ਅਮੈਰੀਕਨ ਸਿਵਿਲ ਲਿਬਰਟੀ ਯੂਨੀਅਨ' ਨੇ ਸਕੂਲ ਸਮੇਂ ਵਿੱਚ ਸਕੂਲ ਪ੍ਰਾਪਰਟੀ ਉੱਤੇ ਇਸ ਤਰ੍ਹਾਂ ਕਰਨਾ ਨਾ-ਵਾਜਿਬ, ਗੈਰ ਸੰਵਿਧਾਨਕ ਅਤੇ ਵਿਦਿਆਰਥੀਆਂ ਦੇ ਹੱਕਾਂ ਦੀ ਉਲੰਘਣਾ ਕਰਾਰ ਦਿੰਦੇ ਇਸ ਦਾ ਵਿਰੋਧ ਕੀਤਾ।

**ਸਕਾਟਲੈਂਡ ਦੇ 67% ਬਾਲਕ ਧਰਮ ਤੋਂ ਬੇਮੁੱਖ**

ਹਿਊਮੈਨਿਸਟ ਸੁਸਾਇਟੀ ਆਫ ਸਕਾਟਲੈਂਡ ਵੱਲੋਂ ਕਰਾਏ ਗਏ ਇਕ ਸਰਵੇ ਮੁਤਾਬਿਕ ਸਕਾਟਲੈਂਡ ਦੇ ਸਿਰਫ 33% ਬਾਲਗ ਆਪਣੇ ਆਪ ਨੂੰ ਈਸਾਈ ਸਮਝਦੇ ਹਨ ਜਦੋਂ ਕਿ 2011 ਵਿੱਚ ਇਹ ਗਿਣਤੀ 53% ਸੀ। ਇਹ ਸਰਵੇ ਇਕ ਅੰਤਰਰਾਸ਼ਟਰੀ ਰਿਸਰਚ ਡਾਟਾ ਅਤੇ ਵਿਸ਼ਲੇਸ਼ਣ ਗਰੁੱਪ 'ਯੂਗੋਵ' ਵਲੋਂ ਕੀਤਾ ਗਿਆ ਸੀ। **ਪੇਸ਼ : ਗੁਰਮੇਲ ਸਿੰਘ 9888602191**

ਮਨੋਰੋਗ ਮਾਹਿਰ ਦੀ ਕਲਮ ਤੋਂ

# ਨਿਕੰਮਾਪਣ ਅਤੇ ਮਨੋਰੋਗ



**ਡਾ: ਬਲਵੰਤ ਸਿੰਘ**

ਅੱਜ-ਕੱਲ੍ਹ ਇਹ ਸ਼ਿਕਾਇਤ ਮਾਪਿਆਂ ਵੱਲੋਂ ਅਕਸਰ ਹੀ ਸੁਣਨ ਨੂੰ ਮਿਲਦੀ ਹੈ ਕਿ ਉਹਨਾਂ ਦਾ ਲੜਕਾ ਕੋਈ ਕੰਮ ਨਹੀਂ ਕਰਦਾ। ਆਓ ਅੱਜ ਇਸ ਵਿਸ਼ੇ ਬਾਰੇ ਵਿਚਾਰ ਕਰੀਏ। ਕੰਮ ਨਾ ਕਰਨਾ, ਵਿਹਲੇ ਰਹਿਣਾ ਜਾਂ ਨਿਕੰਮਾਪਣ ਅਕਸਰ ਹੀ ਦੇਖਣ ਨੂੰ ਮਿਲਦਾ ਹੈ। ਇਸ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1. ਮਨੋਰੋਗਾਂ ਕਾਰਣ ਕੰਮ ਨਾ ਕਰਨਾ ਜਾਂ ਨਿਕੰਮਾਪਣ ਹੋਣਾ।
2. ਬਿਨਾਂ ਕਿਸੇ ਰੋਗ ਦੇ ਕੰਮ ਨਾ ਕਰਨਾ ਜਾਂ ਨਿਕੰਮਾਪਣ ਹੋਣਾ।

**ਮਨੋਰੋਗਾਂ ਕਾਰਣ ਕੰਮ ਨਾ ਕਰਨਾ ਜਾਂ ਨਿਕੰਮਾਪਣ ਹੋਣਾ:-**

ਇਹ ਮਨੋਰੋਗਾਂ ਸੰਬੰਧੀ ਇੱਕ ਬਹੁਤ ਗੰਭੀਰ ਮਸਲਾ ਹੈ। ਦੁਨੀਆਂ ਭਰ ਵਿੱਚ ਹਰ ਸਾਲ ਮਨੋਰੋਗਾਂ ਕਾਰਣ ਕੰਮਕਾਰ ਨਾ ਹੋਣ (Functional Impairment) ਕਾਰਣ ਅੰਦਾਜ਼ਨ 1 ਲੱਖ ਕਰੋੜ ਡਾਲਰ ਭਾਵ 76 ਲੱਖ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਹੁੰਦਾ ਹੈ, ਕਿਉਂਕਿ ਮਨੋਰੋਗ ਦੁਨੀਆਂ ਦੇ ਸਾਰੇ ਮੁਲਕਾਂ ਵਿੱਚ ਵਧ ਰਹੇ ਹਨ ਇਸ ਲਈ ਇਹ ਨੁਕਸਾਨ ਵੀ ਵਧ ਰਿਹਾ ਹੈ। ਇੱਕ ਨਵੀਂ ਰਿਪੋਰਟ ਦੇ ਮੁਤਾਬਿਕ ਦੁਨੀਆਂ ਭਰ ਦਾ ਇਹ ਆਰਥਿਕ ਨੁਕਸਾਨ ਸਾਲ 2030 ਤੱਕ ਕਈ ਗੁਣਾ ਵਧ ਕੇ 16 ਲੱਖ ਕਰੋੜ ਡਾਲਰ ਭਾਵ 1200 ਲੱਖ ਕਰੋੜ ਰੁਪਈਆਂ ਤੋਂ ਵੀ ਵਧ ਜਾਵੇਗਾ। ਸੋ ਇਨ੍ਹਾਂ ਅੰਕੜਿਆਂ ਤੋਂ ਇਹ ਸਪੱਸ਼ਟ ਹੈ ਕਿ ਮਨੋਰੋਗਾਂ ਕਾਰਣ ਕੰਮਕਾਰ ਦਾ ਨੁਕਸਾਨ ਹੋਣਾ ਬਹੁਤ ਹੀ ਵੱਡੀ ਸਮੱਸਿਆ ਹੈ।

**ਕਾਰਣ:** ਦੁਨੀਆਂ ਭਰ ਵਿੱਚ ਅੰਦਾਜ਼ਨ ਤਕਰੀਬਨ ਹਰ ਤੀਜੇ ਵਿਅਕਤੀ ਨੂੰ ਜ਼ਿੰਦਗੀ ਵਿੱਚ ਕਦੇ ਨਾ ਕਦੇ ਮਨੋਰੋਗ ਹੁੰਦਾ ਹੈ। ਮਨੋਰੋਗਾਂ ਵਿੱਚ ਡਿਪਰੈਸ਼ਨ ਅਤੇ ਚਿੰਤਾ ਰੋਗ ਸਭ ਤੋਂ ਵੱਧ ਹੁੰਦੇ ਹਨ। ਸ਼ਕਿਜ਼ੋਫਰੇਨੀਆ, ਜੋ ਕਿ ਇੱਕ ਗੰਭੀਰ ਮਨੋਰੋਗ ਹੈ ਤਕਰੀਬਨ ਇੱਕ ਫੀਸਦੀ ਲੋਕਾਂ ਵਿੱਚ ਦੇਖਿਆ ਜਾਂਦਾ ਹੈ। 15 ਤੋਂ 29 ਸਾਲ ਦੀ ਉਮਰ ਦੇ ਵਿਅਕਤੀਆਂ ਵਿੱਚ ਮੌਤ ਦਾ ਚੌਥਾ ਸਭ ਤੋਂ ਵੱਡਾ ਕਾਰਣ ਖੁਦਕਸ਼ੀ ਹੈ। ਸੋ ਅੰਕੜਿਆਂ ਤੋਂ ਇਹ ਸਾਫ ਜ਼ਾਹਿਰ ਹੈ ਕਿ ਮਨੋਰੋਗਾਂ ਤੋਂ ਪੀੜਤ ਵਿਅਕਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਸੋ ਜ਼ਾਹਰ ਹੈ ਕਿ ਇਹਨਾਂ ਕਰਕੇ ਹੋਣ ਵਾਲੇ ਪ੍ਰਭਾਵ ਵੀ ਬਹੁਤ ਵੱਡੇ ਹੋਣਗੇ। ਮਨੋਰੋਗਾਂ ਵਿੱਚ ਕੰਮ ਨਾ ਕਰਨ ਦੇ ਬਹੁਤ ਸਾਰੇ ਕਾਰਣ ਹਨ। ਸਭ ਤੋਂ ਵੱਡਾ ਕਾਰਣ ਕੰਮ ਨਾ ਕਰਨ ਦਾ ਮੂਡ (Mood) ਹੋਣਾ ਹੈ। ਸਹੀ ਕਾਰਗੁਜ਼ਾਰੀ ਲਈ ਠੀਕ ਮੂਡ ਹੋਣਾ ਬਹੁਤ ਜ਼ਰੂਰੀ ਹੈ। ਅਸਲ ਵਿੱਚ ਮੂਡ ਵਿਅਕਤੀ ਦਾ ਭਾਵਨਾਤਮਿਕ ਫਿਲਟਰ ਹੈ ਜਿਸ ਰਾਹੀਂ ਉਹ ਸਾਰੀ ਦੁਨੀਆਂ ਨੂੰ ਦੇਖਦਾ ਹੈ। ਜੇਕਰ ਉਸਦਾ ਮੂਡ ਠੀਕ ਹੈ ਤਾਂ ਉਸ ਨੂੰ ਆਲੇ ਦੁਆਲੇ ਸਭ ਕੁਝ ਚੰਗਾ ਲਗਦਾ ਹੈ, ਆਪਣਾ ਕੰਮ ਕਾਰ ਵੀ ਮੁਸ਼ਕਿਲ ਨਹੀਂ ਲਗਦਾ, ਸਗੋਂ ਕੰਮ ਵਿੱਚ ਮਨ ਲਗਦਾ ਹੈ। ਇਸ ਦੇ ਉਲਟ ਜੇ ਉਸ ਦਾ ਮੂਡ ਉਦਾਸ ਹੈ ਤਾਂ ਉਸ ਨੂੰ ਇਹ ਦੁਨੀਆਂ ਹੀ ਬੁਰੀ ਲੱਗਣ ਲੱਗ ਜਾਂਦੀ ਹੈ। ਉਸ ਦਾ ਕੋਈ ਕੰਮ ਕਰਨ ਨੂੰ ਮਨ ਨਹੀਂ ਕਰਦਾ। ਹਰ ਵੇਲੇ ਥਕਾਵਟ ਮਹਿਸੂਸ ਹੁੰਦੀ ਹੈ। ਰਾਤ ਨੂੰ ਨੀਂਦ ਨਹੀਂ ਆਉਂਦੀ ਜਾਂ ਕਈ ਵਾਰ ਤਾਂ ਇਹ ਹੁੰਦਾ ਹੈ ਕਿ ਹਰ ਵਕਤ ਪਏ ਰਹਿਣ ਨੂੰ ਹੀ ਮਨ ਕਰਦਾ ਹੈ। ਕਿਸੇ ਨਾਲ ਗੱਲਬਾਤ ਕਰਨ ਨੂੰ ਮਨ ਨਹੀਂ ਕਰਦਾ। ਗੱਲ ਕੀ ਸਾਰੇ ਕੰਮਕਾਜ ਠੱਪ ਹੋ ਜਾਂਦੇ ਹਨ। ਪਰ ਕਈ ਵਾਰ ਅਜਿਹੇ ਮਰੀਜਾਂ ਵਿੱਚ ਦੇਖਣ ਨੂੰ ਇਹ ਲੱਛਣ ਨਹੀਂ ਪਤਾ ਚੱਲਦੇ। ਉਹ ਦੇਖਣ ਨੂੰ ਜਾਂ ਗੱਲਬਾਤ ਨੂੰ ਠੀਕ ਹੀ ਜਾਪਦੇ ਹਨ। ਪਰ ਉਹਨਾਂ ਵਿੱਚ ਹੋਰ ਤਰ੍ਹਾਂ ਦੇ ਸਰੀਰਿਕ ਲੱਛਣ ਦੇਖਣ ਨੂੰ ਮਿਲ ਸਕਦੇ ਹਨ। ਕਈ ਵਿਅਕਤੀ ਹਰ ਵਕਤ ਸਿਰ ਦਰਦ ਦੀ ਸ਼ਿਕਾਇਤ ਕਰਦੇ ਹਨ। ਲਗਾਤਾਰ ਸਾਰੇ ਸਰੀਰ ਵਿੱਚ ਦਰਦ ਰਹਿ ਸਕਦਾ ਹੈ। ਕਈ ਹੋਰ ਤਰ੍ਹਾਂ ਦੇ ਸਰੀਰਿਕ ਲੱਛਣ ਵੀ ਹੋ ਸਕਦੇ ਹਨ। ਪਰ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹ ਸਰੀਰਿਕ ਲੱਛਣ ਬਿਨਾਂ ਕਿਸੇ ਸੰਬੰਧਿਤ ਸਰੀਰਿਕ ਰੋਗ ਦੇ ਹੁੰਦੇ ਹਨ, ਭਾਵ ਕਿ ਬਿਨਾਂ ਕਿਸੇ ਸਰੀਰਿਕ ਬਿਮਾਰੀ ਦੇ ਵਿਅਕਤੀ ਅਜਿਹੇ ਲੱਛਣ ਮਹਿਸੂਸ ਕਰ ਸਕਦਾ ਹੈ। ਅਜਿਹੀ ਅਵਸਥਾ ਵਿੱਚ ਵੀ ਵਿਅਕਤੀ ਠੀਕ ਮਹਿਸੂਸ ਨਾ ਹੋਣ ਕਾਰਣ ਵੀ ਉਚਾਟ ਰਹਿੰਦਾ ਹੈ ਅਤੇ ਕੰਮਕਾਰ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਕਈ ਵਿਅਕਤੀ ਆਤਮ ਵਿਸ਼ਵਾਸ ਦੀ ਘਾਟ ਕਾਰਣ ਵੀ ਕਿਸੇ ਕੰਮ ਨੂੰ ਹੱਥ ਪਾਉਣ ਤੋਂ ਘਬਰਾਉਂਦੇ ਹਨ ਅਤੇ ਇਸ ਕਰਕੇ ਕੋਈ ਵੀ ਕੰਮ ਕਰਨ ਤੋਂ ਗੁਰੇਜ਼ ਕਰਦੇ ਹਨ। ਕਈ ਵਿਅਕਤੀ ਸਰੀਰ ਵਿੱਚ ਬਹੁਤ ਜ਼ਿਆਦਾ ਕਮਜੋਰੀ ਮਹਿਸੂਸ ਕਰਦੇ ਹਨ ਅਤੇ ਕੰਮਕਾਰ ਕਰਨ ਤੋਂ ਅਸਮਰਥ ਮਹਿਸੂਸ ਕਰਦੇ ਹਨ। ਸੋ ਇਸ ਤਰ੍ਹਾਂ ਦੇ ਲੱਛਣ ਬੇਸ਼ਕ ਕਈ ਮਨੋਰੋਗਾਂ ਵਿੱਚ ਹੋ ਸਕਦੇ ਹਨ ਪਰ ਸਭ ਤੋਂ ਜ਼ਿਆਦਾ ਉਦਾਸੀ ਰੋਗ ਵਿੱਚ ਹੀ ਮਿਲਦੇ ਹਨ। ਇਸ ਲਈ ਉਦਾਸੀ ਰੋਗ ਜਾਂ ਡਿਪਰੈਸ਼ਨ

ਕੰਮ ਕਾਰ ਨਾ ਕਰਨ ਦਾ ਬਹੁਤ ਅਹਿਮ ਕਾਰਣ ਹੈ।

ਕਈ ਮਨੋਰੋਗੀਆਂ ਵਿੱਚ ਕੰਮਕਾਰ ਨਾ ਕਰਨ ਦਾ ਕਾਰਣ ਵਿਚਾਰਾਂ/ਵਿਵਹਾਰ ਦਾ ਨਾਰਮਲ ਨਾ ਹੋਣਾ ਹੈ। ਜਿਵੇਂ ਕਿ ਖਬਤੀ ਬੰਨਣ ਰੋਗ (Obsessive Compulsive Disorder)। ਇਸ ਵਿੱਚ ਅਕਸਰ ਹੀ ਕਈ ਮਰੀਜ਼ ਹਰ ਵਕਤ ਕਿਸੇ ਨਾ ਕਿਸੇ ਵਿਚਾਰ ਵਿੱਚ ਖੁਭੇ ਹੋਏ ਹੁੰਦੇ ਹਨ ਅਤੇ ਉਹ ਆਪਣੇ ਇਹਨਾਂ ਵਿਚਾਰਾਂ ਦੀ ਲੜੀ ਨੂੰ ਨਿਯੰਤਰਿਤ ਨਹੀਂ ਕਰ ਸਕਦੇ ਅਤੇ ਇਸ ਕਰਕੇ ਉਹਨਾਂ ਵਿੱਚ ਹੀ ਉਲਝਕੇ ਕੁਝ ਵੀ ਕਰਨ ਤੋਂ ਅਸਮਰਥ ਹੋ ਜਾਂਦੇ ਹਨ। ਇਸ ਰੋਗ ਦੇ ਕਈ ਮਰੀਜ਼ ਵਿਚਾਰਾਂ ਦੇ ਨਾਲ ਨਾਲ ਕਈ ਹੋਰ ਕ੍ਰਿਆਵਾਂ ਦੇ ਚੱਕਰਵਿਊ ਵਿੱਚ ਉਲਝੇ ਰਹਿੰਦੇ ਹਨ ਜਿਵੇਂ ਕਿ ਬਾਰ ਬਾਰ ਹੱਥ ਧੋਣਾ, ਸਫਾਈ ਵਾਰ ਵਾਰ ਕਰੀ ਜਾਣਾ, ਸਾਫ ਕਪੜੇ ਵੀ ਵਾਰ ਵਾਰ ਧੋਂਦੇ ਰਹਿਣਾ, ਗੁਸਲਖਾਨੇ ਵਿੱਚ ਬਹੁਤ ਸਮਾਂ ਲਗਾਉਣਾ, ਸਾਬਣ ਵਾਰ ਵਾਰ ਲਾਈ ਜਾਣਾ, ਪਾਣੀ ਵਾਰ ਵਾਰ ਪਿੰਡੇ ਉੱਤੇ ਪਾਈ ਜਾਣਾ, ਫਾਲਤੂ ਪਾਣੀ ਰੋੜ੍ਹੀ ਜਾਣਾ, ਇੰਨਾਂ ਕੁੱਝ ਕਰਨ ਦੇ ਬਾਵਜੂਦ ਵੀ ਤਸੱਲੀ ਨਾ ਹੋਣਾ ਅਤੇ ਇਸ ਕਰਕੇ ਵਾਰ ਵਾਰ ਇਹ ਕ੍ਰਿਆ ਕਰੀ ਜਾਣਾ। ਇਸ ਰੋਗ ਦੇ ਕੁੱਝ ਮਰੀਜ਼ ਅਜੇਹੇ ਹੁੰਦੇ ਹਨ ਜੋ ਸਾਰਾ ਦਿਨ ਧਾਰਮਿਕ ਕੰਮਾਂ ਵਿੱਚ ਜਾਂ ਪਾਠ ਪੂਜਾ ਵਿੱਚ ਹੀ ਲੰਘਾ ਦਿੰਦੇ ਹਨ। ਉਹਨਾਂ ਨੂੰ ਲਗਦਾ ਹੈ ਕਿ ਜੇ ਉਹ ਇਹ ਚੀਜ਼ਾਂ ਵਾਰ ਵਾਰ ਨਹੀਂ ਕਰਨਗੇ ਤਾਂ ਕੁਝ ਬੁਰਾ ਵਾਪਰ ਜਾਏਗਾ। ਇਸੇ ਤਰ੍ਹਾਂ ਵਿਅਕਤੀ ਕੋਈ ਹੋਰ ਫਜ਼ੂਲ ਦੀ ਕ੍ਰਿਆ ਵੀ ਵਾਰ ਵਾਰ ਜਾਂ ਲੰਬੇ ਸਮੇ ਲਈ ਕਰ ਸਕਦਾ ਹੈ। ਅਜਿਹੇ ਇਹ ਸਾਰੇ ਵਿਅਕਤੀ ਸਵੇਰੇ ਉਠ ਕੇ ਇਹਨਾਂ ਗਤੀਵਿਧੀਆਂ ’ਤੇ ਐਨਾ ਜ਼ਿਆਦਾ ਸਮਾਂ ਅਤੇ ਸ਼ਕਤੀ ਲਗਾ ਦਿੰਦੇ ਹਨ ਕਿ ਉਨ੍ਹਾਂ ਕੋਲ ਹੋਰ ਸਾਰਥਕ ਕੰਮ ਕਰਨ ਦਾ ਸਮਾਂ, ਸ਼ਕਤੀ ਅਤੇ ਸਮਰੱਥਾ ਹੀ ਨਹੀਂ ਬਚਦੀ, ਅਤੇ ਉਹ ਹੌਲੀ ਹੌਲੀ ਆਪਣਾ ਕੰਮ ਕਾਰ ਬਿਲਕੁਲ ਹੀ ਛੱਡ ਦਿੰਦੇ ਹਨ। ਇਹਨਾਂ ਮਰੀਜਾਂ ਵਿੱਚ ਇੱਕ ਹੋਰ ਲੱਛਣ ਵੀ ਹੋ ਸਕਦਾ ਹੈ ਉਹ ਹੈ ਦੁਚਿੱਤੀ ਦਾ ਜਾਂ ਫੈਸਲਾ ਲੈਣ ਵਿੱਚ ਦਿੱਕਤ ਆਉਣ ਦਾ। ਇਹ ਲੱਛਣ ਹੋਣ ਕਾਰਣ ਉਹ ਕਿਸੇ ਕੰਮ ਨੂੰ ਕਰਨ ਦਾ ਫੈਸਲਾ ਨਹੀਂ ਕਰ ਸਕਦੇ ਜਾਂ ਦੁਚਿੱਤੀ ਵਿੱਚ ਪੈ ਜਾਂਦੇ ਹਨ ਕਿ ਫਲਾਣਾ ਕੰਮ ਕਰੀਏ ਜਾਂ ਨਾ ਕਰੀਏ। ਇਹਨਾਂ ਮੁਸ਼ਕਿਲਾਂ ਕਾਰਣ ਵੀ ਉਹ ਕਈ ਵਾਰ ਕੰਮਕਾਰ ਬਿਲਕੁਲ ਹੀ ਛੱਡ ਦਿੰਦੇ ਹਨ ਅਤੇ ਨਿਕੰਮੇ ਬਣ ਜਾਂਦੇ ਹਨ। ਸੋ ਇਹ ਅਕਸਰ ਹੀ ਦੇਖਿਆ ਗਿਆ ਹੈ ਨਿਕੰਮੇ ਵਿਅਕਤੀ ਖਬਤੀ ਬੰਨਣ ਰੋਗ ਦਾ ਸ਼ਿਕਾਰ ਹੁੰਦੇ ਹਨ ਅਤੇ ਉਹਨਾਂ ਦਾ ਸਹੀ ਇਲਾਜ ਜਾਂ ਤਾਂ ਕਰਵਾਇਆ ਨਹੀਂ ਜਾਂਦਾ ਜਾਂ ਉਹ ਆਪ ਹੀ ਆਪਣਾ ਇਲਾਜ ਨਹੀਂ ਕਰਵਾਉਂਦੇ ਜਾਂ ਜ਼ਿੱਦੀ ਅਤੇ ਅੜੀਅਲ ਸੁਭਾਅ ਕਾਰਣ ਕਿਸੇ ਦੀ ਗੱਲ ਨਹੀਂ ਸੁਣਦੇ।

ਇੱਕ ਹੋਰ ਗੰਭੀਰ ਮਨੋਰੋਗ, ਸ਼ਕਿਜ਼ੋਫਰੇਨੀਆ (Schizophrenia) ਵਿੱਚ ਵੀ ਅਕਸਰ ਹੀ ਰੋਗੀ ਵਿਅਕਤੀ ਕੰਮਕਾਰ ਕਰਨ ਤੋਂ ਅਸਮਰੱਥ ਹੁੰਦੇ ਹਨ। ਇਸ ਦੇ ਕਈ ਕਾਰਣ ਹਨ। ਇੱਕ ਤਾਂ ਇਹ ਹੈ ਕਿ ਇਸ ਰੋਗ ਵਿੱਚ ਵਿਅਕਤੀ ਦੀ ਕੰਮਕਾਰ ਕਰਨ ਅਤੇ ਆਪਣੀ ਸਾਂਭ ਸੰਭਾਲ ਕਰਨ ਦੀ ਯੋਗਤਾ ਹੌਲੀ ਹੌਲੀ ਘਟਦੀ ਹੈ। ਜੇ ਰੋਗ ਜ਼ਿਆਦਾ ਗੰਭੀਰ ਹੋ ਜਾਵੇ ਜਾਂ ਪੁਰਾਣਾ ਹੋ ਜਾਵੇ ਅਤੇ ਸਹੀ ਇਲਾਜ ਨਾ ਕਰਵਾਇਆ ਜਾਵੇ ਤਾਂ ਵਿਅਕਤੀ ਹੌਲੀ ਹੌਲੀ ਬਿਲਕੁਲ ਨਕਾਰਾ ਹੋ ਜਾਂਦਾ ਹੈ ਅਤੇ ਕੰਮਕਾਰ ਕਰਨ ਤੋਂ ਅਸਮਰਥ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਕਈ ਰੋਗੀਆਂ ਵਿੱਚ ਕਈ ਵਾਰ ਵਹਿਮ ਅਤੇ ਭਰਮ (Delusions and Hallucinations) ਵੀ ਕੰਮ ਕਾਰ ਕਰਨ ਵਿੱਚ ਵੱਡੀ ਰੁਕਾਵਟ ਬਣਦੇ ਹਨ। ਕਈ ਮਰੀਜ਼ਾਂ ਨੂੰ ਭਾਸਦਾ ਹੈ ਕਿ ਉਹ ਕਿਸੇ ਹੋਰ ਸ਼ਕਤੀ ਜਾਂ ਵਿਅਕਤੀ ਦੇ ਵੱਸ ਵਿੱਚ ਹਨ, ਇਸ ਲਈ ਆਪਣੀ ਮਰਜ਼ੀ ਨਹੀਂ ਵਰਤ ਸਕਦੇ। ਕਈ ਮਰੀਜ਼ ਕੰਨਾਂ ਵਿੱਚ ਆਵਾਜਾਂ ਸੁਣਦੇ ਹਨ (ਜੋ ਦੂਜਿਆਂ ਨੂੰ ਨਹੀਂ ਸੁਣਦੀਆਂ) ਜੋ ਉਨ੍ਹਾਂ ਨੂੰ ਪਰੇਸ਼ਾਨ ਕਰਦੀਆਂ ਹਨ ਜਾਂ ਕੰਮਕਾਰ ਕਰਨ ਨਹੀਂ ਦਿੰਦੀਆਂ। ਕਈ ਮਰੀਜ਼ ਆਪਣੀ ਹੀ ਕਾਲਪਨਿਕ ਦੁਨੀਆਂ ਵਿੱਚ ਗੁਆਚੇ ਰਹਿੰਦੇ ਹਨ, ਇਸ ਲਈ ਕੰਮਕਾਰ ਤੋਂ ਨਕਾਰਾ ਹੋ ਜਾਂਦੇ ਹਨ।

ਉਪਰੋਕਤ ਦੱਸੇ ਗਏ ਕੁੱਝ ਮਨੋਰੋਗਾਂ ਤੋਂ ਇਲਾਵਾ ਵੀ ਹੋਰ ਕਈ ਮਨੋਰੋਗ ਹਨ ਜਿਨਾਂ ਵਿੱਚ ਮਨੁੱਖ ਕੰਮਕਾਰ ਕਰਨਾ ਛੱਡ ਦਿੰਦੇ ਹਨ ਜਿਵੇਂ ਕਿ ਹਿਸਟੀਰਿਆ, ਫੋਬੀਆ, ਖਾਣ ਦੇ ਰੋਗ (Anorexia Nervosa), ਆਦਿ ਆਦਿ। ਸੋ ਇਹ ਗੱਲ ਸਪੱਸ਼ਟ ਹੈ ਕਿ ਕੰਮਕਾਰ ਨਾ ਕਰਨਾ ਜਾਂ ਨਿਕੰਮਾਪਣ ਕਿਸੇ ਵੀ ਮਨੋਰੋਗ ਦਾ ਲੱਛਣ ਹੋ ਸਕਦਾ ਹੈ। ਇਸ ਲਈ ਕਿਸੇ ਵੀ ਵਿਅਕਤੀ ਦੇ ਮਾਮਲੇ ਵਿੱਚ ਜੋ ਕੰਮਕਾਰ ਨਹੀਂ ਕਰਦਾ ਮਨੋਰੋਗ ਬਾਰੇ ਜਾਂਚ ਕਰਨੀ ਬਹੁਤ ਹੀ ਜ਼ਰੂਰੀ ਹੈ।

**ਬਿਨਾਂ ਕਿਸੇ ਰੋਗ ਦੇ ਕੰਮ ਨਾ ਕਰਨਾ ਜਾਂ ਨਿਕੰਮਾਪਣ ਹੋਣਾ:-** ਮਨੋਰੋਗਾਂ ਦੀ ਮੌਜੂਦਗੀ ਵਿੱਚ ਕੰਮ ਨਾ ਕਰਨਾ ਸਾਫ ਸਮਝ ਆਉਂਦਾ ਹੈ ਪਰ ਕੁਝ ਸ਼ਖਸ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਵਿੱਚ ਜਾਹਰਾ ਤੌਰ ’ਤੇ ਕੋਈ ਵੀ ਰੋਗ ਨਹੀਂ ਹੁੰਦੇ ਪਰ ਫਿਰ ਵੀ ਉਹ ਕੰਮ ਨਹੀਂ ਕਰਦੇ। ਉਹਨਾਂ ਬਾਰੇ ਵਿਸਥਾਰ ਨਾਲ ਅਗਲੇ ਅੰਕ ਵਿੱਚ। (ਚਲਦਾ.....।)


**ਸਾਬਕਾ ਪ੍ਰਿੰਸੀਪਲ,**

**ਸਰਕਾਰੀ ਮੈਡੀਕਲ ਕਾਲਜ, ਪਟਿਆਲਾ।**



**‘ਤਰਕਸ਼ੀਲ’ ਪੜ੍ਹੋ, ਤਰਕਸ਼ੀਲ ਬਣੋ।**

# ਲੇਖਕਾਂ ਦਾ ਇਨਕਾਰ

**ਸਵਰਾਜਬੀਰ**

ਜਦ ਦੇਸ਼ ਆਜ਼ਾਦ ਹੋਇਆ ਸੀ ਤਾਂ ਉਸ ਸਮੇਂ ਦੇਸ਼ ਨੂੰ ਦਰਪੇਸ਼ ਕੁੱਝ ਮੁੱਖ ਚੁਣੌਤੀਆਂ ਇਹ ਸਨ : ਪਹਿਲੀ, ਇਹ ਕਿ ਦੇਸ਼ ਵਾਸੀਆਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਆਜ਼ਾਦੀ ਪ੍ਰਾਪਤ ਕੀਤੀ ਹੈ ਅਤੇ ਆਪਣੇ ਦੇਸ਼ ਭਗਤਾਂ ਨੂੰ ਯਾਦ ਕਰਦੇ ਹੋਏ ਆਜ਼ਾਦ ਦੇਸ਼ ਦਾ ਨਿਰਮਾਣ, ਆਜ਼ਾਦੀ ਸੰਘਰਸ਼ ਤੋਂ ਪ੍ਰਾਪਤ ਹੋਈਆਂ ਕਦਰਾਂ ਕੀਮਤਾਂ ਦੇ ਆਧਾਰ ’ਤੇ ਕਰਨਾ ਚਾਹੀਦਾ ਹੈ; ਇਹ ਕਦਰਾਂ-ਕੀਮਤਾਂ ਜਮਹੂਰੀਅਤ, ਸਮਾਜਿਕ ਬਰਾਬਰੀ, ਮਨੁੱਖ ਦਾ ਮਾਣ-ਸਨਮਾਨ, ਕਾਨੂੰਨ ਦਾ ਰਾਜ ਤੇ ਕਾਨੂੰਨ ਸਾਹਮਣੇ ਬਰਾਬਰੀ, ਵਿਚਾਰਾਂ ਦੇ ਪ੍ਰਗਟਾਵੇ ਅਤੇ ਹੋਰ ਨਿੱਜੀ ਆਜ਼ਾਦੀਆਂ ਨੂੰ ਯਕੀਨੀ ਬਣਾਉਣਾ, ਛੂਆ-ਛਾਤ ਖ਼ਤਮ ਕਰਕੇ ਸਮਾਜਿਕ ਬਰਾਬਰੀ ਵੱਲ ਵਧਣਾ, ਨਿਆਂਪਾਲਿਕਾ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿਚਕਾਰ ਅਧਿਕਾਰਾਂ ਦੀ ਵੰਡ, ਨਿਆਂਪਾਲਿਕਾ, ਚੋਣ ਕਮਿਸ਼ਨ ਅਤੇ ਹੋਰ ਸੰਸਥਾਵਾਂ ਦੀ ਸਥਾਪਨਾ ਆਦਿ ਸਨ। ਦੂਸਰੀ, ਇਹ ਕਿ ਦੇਸ਼ ਦੀ ਵੰਡ ਕਾਰਨ ਦੇਸ਼ ਵਾਸੀਆਂ ਨੂੰ ਅਕਹਿ ਦੁੱਖ ਉਠਾਉਣੇ ਪਏ ਸਨ, ਸੰਪਰਦਾਇਕ ਏਕਤਾ ਭੰਗ ਹੋਈ ਸੀ ਜਿਸ ਨੂੰ ਕਾਇਮ ਰੱਖਣਾ ਇਕ ਵੱਡੀ ਚੁਣੌਤੀ ਸੀ। ਇਸੇ ਤਰ੍ਹਾਂ ਦੇਸ਼ ਦੀ ਭੂਗੋਲਿਕ ਅਤੇ ਸਿਆਸੀ ਏਕਤਾ ਨੂੰ ਕਾਇਮ ਰੱਖਣਾ। ਸਿਹਤ, ਵਿਗਿਆਨ, ਵਿੱਦਿਆ, ਪਾਣੀ, ਬਿਜਲੀ, ਸਨਅਤਾਂ, ਖੇਤੀ ਅਤੇ ਹੋਰ ਖੇਤਰਾਂ ਵਿਚ ਬੁਨਿਆਦੀ ਢਾਂਚੇ ਕਾਇਮ ਕਰਨਾ ਮੁੱਖ ਚੁਣੌਤੀਆਂ ਸਨ।

ਭਾਰਤ ਵਿਚ ਧਾਰਮਿਕ, ਭਾਸ਼ਾਈ, ਖੇਤਰੀ ਅਤੇ ਹੋਰ ਸਥਾਨਕ ਪਛਾਣਾਂ ਦੀ ਬਹੁਤਾਤ ਕਾਰਨ ਬਹੁਤ ਸਾਰੇ ਸਿਆਸੀ ਮਾਹਿਰਾਂ ਦਾ ਖ਼ਿਆਲ ਸੀ ਕਿ ਦੇਸ਼-ਨਿਰਮਾਣ ਦਾ ਇਹ ਕਾਰਜ ਬਹੁਤ ਔਖਾ ਤੇ ਮੁਸ਼ਕਲਾਂ ਭਰਿਆ ਹੋਵੇਗਾ; ਨਿਰਸੰਦੇਹ ਇਹ ਕਾਰਜ ਔਖਾ ਤੇ ਮੁਸ਼ਕਲ ਭਰਿਆ ਸੀ। ਕੁਝ ਮਾਹਿਰਾਂ, ਜਿਨ੍ਹਾਂ ਵਿਚ ‘ਭਾਰਤ, ਸਭ ਤੋਂ ਖ਼ਤਰਨਾਕ ਦਹਾਕੇ (India, the Most Dangerous Decades)'[1] ਦਾ ਲੇਖਕ ਸੈਲਿਗ ਐੱਸ ਹੈਰੀਸਨ ਸ਼ਾਮਲ ਸੀ, ਦਾ ਖ਼ਿਆਲ ਸੀ ਕਿ ਭਾਰਤ ਵਿਚ ਵੱਖਵਾਦੀ ਰੁਝਾਨਾਂ ਕਾਰਨ ਦੇਸ਼ ਦੀ ਏਕਤਾ ਕਾਇਮ ਨਹੀਂ ਰਹੇਗੀ ਅਤੇ ਦੇਸ਼ ਟੁਕੜੇ ਟੁਕੜੇ (Balkanize) ਹੋ ਜਾਵੇਗਾ। ਅਰਥ-ਸ਼ਾਸਤਰੀਆਂ ਨੂੰ ਖ਼ਦਸ਼ੇ ਸਨ ਕਿ ਜੇ ਆਰਥਿਕ ਅਸਮਾਨਤਾ, ਖੇਤੀ, ਵਪਾਰ, ਸਨਅਤ ਤੇ ਹੋਰ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਵਿਕਾਸ ਦੀ ਕਹਾਣੀ ਦੁਖਾਂਤ ਵਿਚ ਬਦਲ ਸਕਦੀ ਹੈ। ਅੰਦੋਲਿਤ ਹੋਈਆਂ ਜਮਹੂਰੀ ਸ਼ਕਤੀਆਂ ਕਾਰਨ ਦੇਸ਼ ਦੀ ਏਕਤਾ ਵੀ ਕਾਇਮ ਰਹੀ ਅਤੇ ਜਮਹੂਰੀਅਤ ਤੇ ਜਮਹੂਰੀ ਸੰਸਥਾਵਾਂ ਵੀ ਪ੍ਰਫੁੱਲਿਤ ਹੋਈਆਂ। ਜਮਹੂਰੀਅਤ ਸੰਸਥਾਵਾਂ ਰਾਹੀਂ ਹੀ ਕਾਇਮ ਰਹਿੰਦੀ ਹੈ, ਸੰਸਥਾਵਾਂ ਵਿਚ ਭਾਵੇਂ ਕਿੰਨੇ ਵੀ ਨੁਕਸ ਕਿਉਂ ਨਾ ਹੋਣ, ਉਨ੍ਹਾਂ ਰਾਹੀਂ ਲੋਕਾਂ ਨੂੰ ਸਮਾਜਿਕ ਅਤੇ ਆਰਥਿਕ ਨਿਆਂ ਲਈ ਲੜਨ ਦੇ ਮੌਕੇ ਮਿਲਦੇ ਰਹਿੰਦੇ ਹਨ।

ਹਰ ਮਹਾਂ-ਬਿਰਤਾਂਤ ਭੂਗੋਲਿਕ, ਇਤਿਹਾਸਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਸਥਿਤੀਆਂ ਅਤੇ ਸੀਮਾਵਾਂ ਨਾਲ ਬੱਝਾ ਹੋਇਆ ਹੁੰਦਾ ਹੈ। ਉਸ ਵਿਚ ਤਰੇੜਾਂ ਆਉਂਦੀਆਂ ਹਨ, ਉਹ ਤਿਲ੍ਹਕਦਾ ਅਤੇ ਬਿਖਰਦਾ ਹੈ, ਉਸ ਦੇ ਕਈ ਹਿੱਸੇ ਤਬਦੀਲੀ ਵੀ ਮੰਗਦੇ ਹਨ ਤੇ ਪੁਨਰ-ਸਿਰਜਣਾ ਵੀ।

ਕੁੱਝ ਵਰ੍ਹਿਆਂ ਤੋਂ ਕੁੱਝ ਅਜਿਹੇ ਸਿਆਸੀ ਰੁਝਾਨ ਪ੍ਰਗਟ ਹੋਏ ਹਨ ਜਿਹੜੇ ਸੰਵਿਧਾਨ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੰਦੇ ਹਨ। ਦੇਸ਼ ਦੀ ਭਾਈਚਾਰਕ ਸਾਂਝ, ਧਰਮ-ਨਿਰਪੱਖਤਾ, ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ, ਘੱਟਗਿਣਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ, ਫੈਡਰਲਿਜ਼ਮ ਤੇ ਹੋਰ ਸਿਧਾਂਤਾਂ ਨੂੰ ਚੁਣੌਤੀ ਦਿੰਦੇ ਹਨ। ਇਨ੍ਹਾਂ ਵਿਚੋਂ ਇਕ ਰੁਝਾਨ ਦੇਸ਼ ਦੇ ਇਤਿਹਾਸ ਨੂੰ ਕੱਟੜਪੰਥੀ ਸੋਚ ਅਨੁਸਾਰ ਦੁਬਾਰਾ ਲਿਖਣ ਅਤੇ

> ਸਾਹਿਤਕਾਰ ਕੀ ਕਹਿ ਰਹੇ ਹਨ ? ਇਹ ਸਾਹਿਤਕਾਰ ਸਥਾਪਤੀ ਨੂੰ ਵੱਖਰੀ ਤਰ੍ਹਾਂ ਨਾਲ ਲਲਕਾਰ ਰਹੇ ਹਨ। ਉਹ ਕਹਿ ਰਹੇ ਹਨ ਕਿ ਉਹ ਸਥਾਪਤੀ ਦਾ ਹਿੱਸਾ ਬਣਨ ਤੋਂ ਇਨਕਾਰ ਕਰਦੇ ਹਨ। ਮਹਾਦੇਵ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਜਿਨ੍ਹਾਂ ਨੇ ਪੀ. ਲੰਕੇਸ਼ ਅਤੇ ਹੋਰ ਲੇਖਕਾਂ ਦੀਆਂ ਲਿਖਤਾਂ ਕਿਤਾਬਾਂ ’ਚੋਂ ਕੱਢੀਆਂ ਹਨ, ਉਹ ਕੰਨੜ ਭਾਸ਼ਾ ਦੀ ਅਮੀਰੀ ਨੂੰ ਨਹੀਂ ਜਾਣਦੇ। ਦੇਵਨੂਰ ਮਹਾਦੇਵ ਅਤੇ ਜੀ. ਰਾਮਾ ਕ੍ਰਿਸ਼ਨ ਇਹ ਵਿਰੋਧ ਉਸ ਵੇਲੇ ਕਰ ਰਹੇ ਹਨ ਜਦ ਇਕ ਤੋਂ ਬਾਅਦ ਇਕ ਸਾਹਿਤਕਾਰ ਸਥਾਪਤੀ ਸਾਹਮਣੇ ਝੁਕਦਾ ਜਾ ਰਿਹਾ ਹੈ।

ਸਕੂਲਾਂ-ਕਾਲਜਾਂ ਵਿਚ ਪੜ੍ਹਾਈਆਂ ਜਾਂਦੀਆਂ ਕਿਤਾਬਾਂ ਵਿਚ ਤਬਦੀਲੀਆਂ ਕਰਨ ਬਾਰੇ ਹੈ। ਕਿਸੇ ਨੂੰ ਵੀ ਇਤਿਹਾਸ ਦੀ ਨਵੇਂ ਦ੍ਰਿਸ਼ਟੀਕੋਣਾਂ ਅਨੁਸਾਰ ਖੋਜ ਕਰਨ ਅਤੇ ਪਰਖਣ ਬਾਰੇ ਕੋਈ ਇਤਰਾਜ਼ ਨਹੀਂ ਹੋ ਸਕਦਾ। ਜੇਕਰ ਕੁੱਝ ਇਤਿਹਾਸਕਾਰ ਇਹ ਮਹਿਸੂਸ ਕਰਦੇ ਹਨ ਕਿ ਕਿਸੇ ਪੱਖ ਨੂੰ ਵਿਸਾਰਿਆ ਗਿਆ ਸੀ ਤਾਂ ਉਸ ਬਾਰੇ ਖੋਜ ਅਤੇ ਪੁਨਰ-ਵਿਆਖਿਆ ਹੋ ਸਕਦੀ ਹੈ। ਕਈ ਇਤਿਹਾਸਕ ਘਟਨਾਵਾਂ ਅਤੇ ਤੱਥਾਂ ਬਾਰੇ ਇਤਿਹਾਸਕਾਰਾਂ ਦੇ ਵਿਚਾਰ ਵੱਖੋ ਵੱਖਰੇ ਹੋ ਸਕਦੇ ਹਨ ਅਤੇ ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਹੋ ਸਕਦਾ ਹੈ। ਸਮੱਸਿਆ ਇਹ ਹੈ ਕਿ ਇਤਿਹਾਸ ਅਤੇ ਗਿਆਨ ਦੇ ਹੋਰ ਖੇਤਰਾਂ ਵਿਚ ਅਜਿਹਾ ਰੁਝਾਨ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਜਿਸ ਵਿਚ ਤੱਥਾਂ ਨੂੰ ਤਰੋੜ ਮਰੋੜ ਕੇ ਕੀਤੀ ਜਾ ਰਹੀ ਪੇਸ਼ਕਾਰੀ ਨੂੰ 'ਸਹੀ ਇਤਿਹਾਸ' ਦਰਸਾਇਆ ਜਾ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਕਰਨਾਟਕ ਦੇ ਸਕੂਲਾਂ ਵਿਚ ਪੜ੍ਹਾਈਆਂ ਜਾਣ ਵਾਲੀਆਂ ਕਿਤਾਬਾਂ ਵਿਚ ਕੀਤੀਆਂ ਗਈਆਂ ਤਬਦੀਲੀਆਂ ਚਰਚਾ ਵਿਚ ਹਨ। ਕਰਨਾਟਕ ਦੇ ਸਿੱਖਿਆ ਮੰਤਰੀ ਬੀ.ਸੀ. ਗਨੇਸ਼ ਨੇ ਕਿਹਾ ਹੈ ਕਿ ਪ੍ਰੋਫੈਸਰ ਬੀ. ਰਾਮਚੰਦਰਪਾ ਦੀ ਅਗਵਾਈ ਵਿਚ ਬਣਾਈ ਗਈ ਕਮੇਟੀ (ਜੋ ਹੁਣ ਵਾਲੀ ਰੋਹਿਤ ਚਕਰਤੀਰਥ (Rohit Chakrathirtha) ਦੀ ਅਗਵਾਈ ਵਾਲੀ ਕਮੇਟੀ ਤੋਂ ਪਹਿਲਾਂ ਬਣਾਈ ਗਈ ਸੀ) ਦੁਆਰਾ ਪ੍ਰਵਾਨ ਕੀਤੀਆਂ ਗਈਆਂ ਕਿਤਾਬਾਂ 'ਝੂਠ ਅਤੇ ਗਲਤ ਜਾਣਕਾਰੀ' ਨਾਲ ਭਰੀਆਂ ਹੋਈਆਂ ਸਨ। ਉਸਦਾ ਕਹਿਣਾ ਹੈ, "ਅਸੀਂ ਸੱਚ ਪੜ੍ਹਾਉਣ ਦਾ ਯਤਨ ਕਰ ਰਹੇ ਹਾਂ। ਅਸੀ ਅਰਧ ਸੱਚਾਂ ਵਿਚ ਵਿਸ਼ਵਾਸ ਨਹੀਂ ਕਰਦੇ; ਇਸੇ ਲਈ ਅਸੀਂ ਕਿਤਾਬਾਂ ਦੀ ਸੋਧ ਕਰ ਦਿੱਤੀ ਹੈ।"


ਦੇਵਨੂਰ ਮਹਾਦੇਵ


ਜੀ. ਰਾਮਾਕ੍ਰਿਸਨ

ਇਹ ਸੋਧਾਂ ਕੀ ਹਨ? ਮੰਤਰੀ ਅਨੁਸਾਰ ਕੰਨੜ ਦੇ ਉੱਘੇ ਵਿਦਵਾਨ ਜੀ. ਰਾਮਾਕ੍ਰਿਸ਼ਨ ਦੇ ਭਗਤ ਸਿੰਘ ਬਾਰੇ ਲਿਖੇ ਲੇਖ ਨੂੰ ਕੱਢ ਕੇ ਉਸ ਦੀ ਥਾਂ 'ਤੇ ਚੱਕਰਵਰਤੀ ਸੁਲੀਬੇਲੇ ਦਾ ਲਿਖਿਆ ਲੇਖ ਪਾਇਆ ਗਿਆ ਹੈ। ਮੰਤਰੀ ਨੇ ਕਿਹਾ, "ਉਹ ਲੋਕ, ਜਿਹੜੇ ਲਿਖਾਰੀ ਬਾਰੇ ਰੌਲਾ ਪਾ ਰਹੇ ਹਨ, ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਰਾਮਾਕ੍ਰਿਸ਼ਨ (ਜੀ. ਰਾਮਾਕ੍ਰਿਸ਼ਨ) ਕਮਿਊਨਿਸਟ ਵਿਚਾਰਧਾਰਾ ਵਾਲਾ ਲੇਖਕ ਸੀ। ਜੇ ਤੁਸੀਂ ਉਹਦਾ ਲਿਖਿਆ ਲੇਖ ਸ਼ਾਮਲ ਕਰ ਸਕਦੇ ਹੋ ਤਾਂ ਸੁਲੀਬੇਲੇ ਦਾ ਲਿਖਿਆ ਲੇਖ ਕਿਉਂ ਨਹੀਂ ਸ਼ਾਮਲ ਕਰ ਸਕਦੇ?"

ਇਨ੍ਹਾਂ ਸੋਧਾਂ ਅਨੁਸਾਰ ਇਕ ਕਿਤਾਬ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਦੇ ਬਾਨੀ ਕੇਸ਼ਵ ਬਾਲੀਰਾਮ ਹੇਡਗੇਵਾਰ ਦਾ ਇਕ ਭਾਸ਼ਣ ਸ਼ਾਮਲ ਕੀਤਾ ਗਿਆ ਹੈ ਤੇ ਪੀ. ਲੰਕੇਸ਼ (ਗੌਰੀ ਲੰਕੇਸ਼ ਦੇ ਪਿਤਾ), ਏ.ਐੱਨ. ਮੂਰਥੀ ਰਾਓ ਅਤੇ ਸਾਰਾ ਅਬੂਬਕਰ ਦੀਆਂ ਲਿਖ਼ਤਾਂ ਨੂੰ ਕਿਤਾਬਾਂ 'ਚੋਂ ਕੱਢ ਦਿੱਤਾ ਗਿਆ ਹੈ। ਇਹ ਪ੍ਰਸ਼ਨ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਅਜਿਹੇ ਸਮਿਆਂ ਵਿਚ ਲੋਕ ਅਤੇ ਲੇਖਕ ਇਹੋ ਜਿਹੇ ਰੁਝਾਨਾਂ ਦਾ ਵਿਰੋਧ ਕਿਵੇਂ ਕਰਨ।

ਦਲੀਲ ਦਿੱਤੀ ਜਾ ਸਕਦੀ ਹੈ ਕਿ ਲੇਖਕ ਅਜਿਹੇ ਰੁਝਾਨਾਂ ਵਿਰੁੱਧ ਲੇਖ ਲਿਖ ਸਕਦੇ ਹਨ, ਮੁਜ਼ਾਹਰੇ ਕਰ ਸਕਦੇ ਹਨ, ਮੰਤਰੀਆਂ ਨੂੰ ਮਿਲ ਸਕਦੇ ਹਨ ਆਦਿ ਆਦਿ। ਪ੍ਰਮੁੱਖ ਪ੍ਰਸ਼ਨ ਇਹ ਹੈ ਕਿ ਜਦ ਸਰਕਾਰ ਖ਼ੁਦ ਕੱਟੜਪੰਥੀ ਰੁਝਾਨ ਦਾ ਸ਼ਿਕਾਰ ਅਤੇ ਸੰਵਿਧਾਨ ਵਿਚ ਨਿਹਿਤ ਰਿਆਸਤ/ਸਟੇਟ ਵਿਚ ਸਭ ਵਰਗਾਂ ਦੀ ਸ਼ਮੂਲੀਅਤ ਵਾਲੀ ਪਹੁੰਚ ਤੋਂ ਇਨਕਾਰੀ ਹੋ ਚੁੱਕੀ ਹੋਵੇ ਤਾਂ ਕੀ ਅਜਿਹੇ ਵਿਰੋਧ ਕੋਈ ਅਸਰ ਕਰ ਸਕਦੇ ਹਨ। ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜੇ ਵਿਰੋਧ ਵਿਆਪਕ ਹੋਵੇ, ਜਿਵੇਂ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਖੇਤੀ ਕਾਨੂੰਨਾਂ ਵਿਰੁੱਧ ਚਲਾਇਆ ਗਿਆ ਕਿਸਾਨ ਅੰਦੋਲਨ ਸੀ, ਤਾਂ ਉਹ ਸਫ਼ਲ ਹੋ ਸਕਦਾ ਹੈ। ਸਾਰੇ ਅੰਦੋਲਨ ਕਿਸਾਨ ਅੰਦੋਲਨ ਵਾਂਗ ਵਿਆਪਕ ਨਹੀਂ ਹੋ ਸਕਦੇ। ਕੱਟੜਪੰਥੀ ਸਰਕਾਰਾਂ ਦੁਆਰਾ ਆਪਣੀ ਵਿਚਾਰਧਾਰਕ ਪ੍ਰਮੁੱਖਤਾ ਕਾਇਮ ਕਰਨ ਲਈ ਵਰਤੇ ਜਾਣ ਵਾਲੇ ਵਸੀਲੇ ਏਨੇ ਵਸੀਹ ਹੁੰਦੇ ਹਨ ਕਿ ਲੇਖਕਾਂ, ਚਿੰਤਕਾਂ ਅਤੇ ਵਿਦਵਾਨਾਂ ਦੀ ਆਵਾਜ਼ ਤਾਂ ਸੁਣੀ ਹੀ ਨਹੀਂ ਜਾਂਦੀ। ਅਜਿਹੀ ਸਥਿਤੀ ਵਿਚ ਲੇਖਕ ਤੇ ਚਿੰਤਕ ਕੀ ਕਰਨ?

ਲੇਖਕ ਲਿਖ ਸਕਦਾ ਹੈ, ਵੱਧ ਤੋਂ ਵੱਧ ਲੇਖਕ ਸਭਾ ਕੋਈ ਮੁਜ਼ਾਹਰਾ ਕਰ ਸਕਦੀ ਹੈ। ਕੀ ਲੇਖਕ ਕੁਝ ਹੋਰ ਵੀ ਕਰ ਸਕਦਾ ਹੈ? ਕੰਨੜ ਭਾਸ਼ਾ ਦੇ ਦੋ ਲੇਖਕਾਂ ਦੇਵਨੂਰ ਮਹਾਦੇਵ ਅਤੇ ਜੀ. ਰਾਮਾਕ੍ਰਿਸ਼ਨ ਨੇ ਕੀ ਕੀਤਾ ਹੈ? ਉਨ੍ਹਾਂ ਨੇ ਕਰਨਾਟਕ ਸਰਕਾਰ ਨੂੰ ਕਿਹਾ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਨੂੰ ਸਕੂਲਾਂ ਦੀਆਂ ਕਿਤਾਬਾਂ ਵਿਚ ਸ਼ਾਮਲ ਨਾ ਕੀਤਾ ਜਾਵੇ।

ਦੇਵਨੂਰ ਮਹਾਦੇਵ ਕੰਨੜ ਦਾ ਉੱਘਾ ਸਾਹਿਤਕਾਰ ਹੈ ਜਿਸ ਨੂੰ ਬਹੁਤ ਮਾਣ-ਸਨਮਾਨ ਵੀ ਮਿਲੇ ਹਨ ਅਤੇ ਉਸ ਨੇ ਕਈ ਸਨਮਾਨ ਲੈਣ ਤੋਂ ਇਨਕਾਰ ਵੀ ਕੀਤਾ ਹੈ। ਇਸ ਦਲਿਤ ਲੇਖਕ ਦਾ ਨਾਵਲ 'ਕੁਸਮਾਬਾਲੇ' ਇਕ ਕਲਾਸਿਕ ਰਚਨਾ ਮੰਨੀ ਜਾਂਦੀ ਹੈ ਜਿਸ ਵਿਚ ਯਥਾਰਥਵਾਦ **ਬਾਕੀ ਪੰਨਾ 44 'ਤੇ**

# ਕੇਂਦਰੀਕਰਨ ਪੰਜਾਬ ਯੂਨੀਵਰਸਿਟੀ ਦਾ

ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦਾ ਮਤਲਬ ਹੋਵੇਗਾ ਕਿ ਇਹ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੇ ਹੱਥ ਵਿੱਚ ਹੋਵੇਗੀ। ਇਹ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਪੰਜਾਬ ਦੇ ਇਤਿਹਾਸ ਲਈ ਨਹੀਂ ਸਗੋਂ ਭਾਜਪਾ ਦੀ ਫਿਰਕੂ ਸਿਆਸਤ ਲਈ ਕੰਮ ਕਰੇਗੀ। ਇਹ ਯੂਨੀਵਰਸਿਟੀ ਖੋਹਣ ਦਾ ਮਤਲਬ ਪੰਜਾਬ ਨੂੰ ਬੌਧਿਕ, ਅਕਦਾਮਿਕ ਤੌਰ 'ਤੇ ਕਮਜੋਰ ਕਰਨਾ ਹੈ। ਇਸ ਨਾਲ ਜੁੜੇ ਪੰਜਾਬ ਦੇ ਕਰੀਬ 200 ਕਾਲਜ ਬੇਸਹਾਰਾ ਹੋ ਜਾਣਗੇ ਜਾਂ ਫੇਰ ਕੇਂਦਰ ਮੁਤਾਬਕ ਚੱਲਣਗੇ।

ਅੰਗਰੇਜਾਂ ਵੇਲੇ ਪੰਜਾਬ ਦੇ ਲੋਕਾਂ ਨੇ ਇੱਕ ਲੱਖ ਰੁਪਏ ਦੇ ਫੰਡ ਇਕੱਠੇ ਕਰਕੇ 1882 ਵਿੱਚ ਲਾਹੌਰ ਵਿੱਚ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਕੀਤੀ। 1947 ਵਿੱਚ ਪੰਜਾਬ ਦੇ ਦੋ ਟੋਟੇ ਹੋ ਗਏ ਅਤੇ ਲਾਹੌਰ ਸਮੇਤ ਭਾਵੇਂ ਪੰਜਾਬ ਯੂਨੀਵਰਸਿਟੀ ਪੱਛਮੀ ਪੰਜਾਬ ਵਿੱਚ ਰਹਿ ਗਈ ਪਰ ਪੰਜਾਬ ਦੇ ਲੋਕਾਂ ਨੇ ਆਪਣੀ ਇਸ ਵਿਰਾਸਤ ਨੂੰ ਜਾਰੀ ਰੱਖਣ ਲਈ ਫੇਰ 1956 ਵਿੱਚ ਮੁੜ ਚੰਡੀਗੜ੍ਹ ਵਿੱਚ ਪੰਜਾਬ ਯੂਨੀਵਰਸਿਟੀ ਖੜ੍ਹੀ ਕਰ ਲਈ। 1966 ਵਿੱਚ ਪੰਜਾਬ ਦਾ ਮੁੜ-ਗਠਨ ਕੀਤਾ ਗਿਆ ਤਾਂ ਉਸ ਵੇਲੇ ਕੇਂਦਰ ਸਰਕਾਰ ਨੇ ਇਸਨੂੰ ਹਿਮਾਚਲ, ਹਰਿਆਣਾ ਤੇ ਪੰਜਾਬ ਦੀ ਇਹ ਕਹਿ ਕੇ ਸਾਂਝੀ ਯੂਨੀਵਰਸਿਟੀ ਬਣਾ ਦਿੱਤਾ ਕਿ ਇਹਨਾਂ ਤਿੰਨਾਂ ਸੂਬਿਆਂ ਦੇ ਕਾਲਜ ਇਸ ਨਾਲ ਜੁੜੇ ਹੋਏ ਹਨ ਤੇ ਨਾਲ ਹੀ ਆਪਣਾ ਕੰਟਰੋਲ ਵੀ ਸਥਾਪਤ ਕਰ ਲਿਆ। ਹਿਮਾਚਲ ਤੇ ਹਰਿਆਣਾ ਵੱਲੋਂ ਆਪਣੀਆਂ ਯੂਨੀਵਰਸਿਟੀਆਂ ਖੋਲ੍ਹੇ ਜਾਣ ਕਾਰਨ 1973 ਤੋਂ ਬਾਅਦ ਇਸ ਨਾਲ ਸਿਰਫ਼ ਪੰਜਾਬ ਦੇ ਕਾਲਜ ਹੀ ਜੁੜੇ ਰਹਿ ਗਏ ਹਨ ਅਤੇ ਹਰਿਆਣਾ ਤੇ ਹਿਮਾਚਲ ਦੀ ਹਿੱਸੇਦਾਰੀ ਖਤਮ ਹੋ ਗਈ। ਇਸ ਮਗਰੋਂ ਇਸਨੂੰ ਮੁੜ ਪੰਜਾਬ ਦੀ ਸੂਬਾਈ (ਸਟੇਟ) ਯੂਨੀਵਰਸਿਟੀ ਬਣਾ ਕੇ ਪੂਰੀ ਤਰ੍ਹਾਂ ਪੰਜਾਬ ਨੂੰ ਸੌਂਪੀ ਜਾਣੀ ਚਾਹੀਦੀ ਸੀ ਪਰ ਇਸਦੀ ਥਾਂ ਕੇਂਦਰ ਨੇ ਇਸ ਉੱਪਰ ਆਪਣਾ ਕੰਟਰੋਲ ਕਾਇਮ ਰੱਖਿਆ ਤੇ ਇਹ ਕੇਂਦਰ ਤੇ ਪੰਜਾਬ ਦੀ ਸਾਂਝੀ ਯੂਨੀਵਰਸਿਟੀ ਹੈ। ਹੁਣ ਕੇਂਦਰ ਸਰਕਾਰ ਪੰਜਾਬ ਦੀ ਹਿੱਸੇਦਾਰੀ ਖਤਮ ਕਰਕੇ ਇਸਨੂੰ ਪੰਜਾਬ ਕੋਲੋਂ ਖੋਹਣਾ ਚਾਹੁੰਦੀ ਹੈ ।

**ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦੇ ਨਾਪਾਕ ਮਨਸੂਬੇ ਨੂੰ ਪਛਾੜਣ ਲਈ ਸੰਘਰਸ਼ ਦੇ ਮੈਦਾਨ 'ਚ ਡਟਣ ਦਾ ਸੱਦਾ।**

ਕੇਂਦਰ ਦੀ ਸੱਤਾ ਅਸਲ ਵਿੱਚ ਰਾਸ਼ਟਰੀ ਸਵੈਸੇਵਕ ਸੰਘ ਕੋਲ ਹੈ ਜੋ ਹਿੰਦੀ, ਹਿੰਦੂ ਤੇ ਹਿੰਦੁਸਤਾਨ ਦੇ ਨਾਹਰੇ ਹੇਠ ਪੂਰੇ ਭਾਰਤ ਉੱਪਰ ਹਿੰਦੀ ਥੋਪ ਕੇ ਇਸਨੂੰ ਜ਼ਬਰੀ ਇੱਕ ਹਿੰਦੂ ਕੌਮ ਵਿੱਚ ਬਦਲਨਾ ਚਾਹੁੰਦਾ ਹੈ। ਕਈ ਮਸਲਿਆਂ ਰਾਹੀਂ ਸੂਬਿਆਂ ਦੀ ਸੀਮਤ ਜਿਹੀ ਖੁਦਮੁਖਤਿਆਰੀ ਨੂੰ ਖੋਹ ਕੇ ਤਾਕਤਾਂ ਦਾ ਕੇਂਦਰੀਕਰਨ ਕਰਨ ਦੀ ਕੋਸ਼ਿਸ਼ ਤੇਜੀ ਨਾਲ ਹੋ ਰਹੀ ਹੈ।

1966 ਵਿੱਚ ਜਦ ਭਾਸ਼ਾ ਅਧਾਰ 'ਤੇ ਵੱਖਰਾ ਪੰਜਾਬੀ ਸੂਬਾ ਬਣਾਇਆ ਗਿਆ ਤਾਂ ਉਦੋਂ ਕੇਂਦਰ ਸਰਕਾਰ ਨੇ ਕਈ ਪੰਜਾਬੀ ਬੋਲਦੇ ਇਲਾਕੇ ਹਰਿਆਣਾ, ਹਿਮਾਚਲ ਵਿੱਚ ਛੱਡ ਦਿੱਤੇ। ਪੰਜਾਬ ਕੋਲੋਂ ਇਸਦੀ ਰਾਜਧਾਨੀ ਚੰਡੀਗੜ੍ਹ ਖੋਹਕੇ ਇਸਨੂੰ ਕੇਂਦਰ ਸਾਸ਼ਿਤ ਪ੍ਰਦੇਸ ਦਾ ਦਰਜਾ ਦਿੱਤਾ ਗਿਆ। ਹੁਣ ਕੇਂਦਰ ਦੀ ਗਿਰਝ ਅੱਖ ਪੰਜਾਬ ਯੂਨੀਵਰਸਿਟੀ ਉੱਪਰ ਹੈ। ਕੇਂਦਰ ਸਰਕਾਰ ਨੇ ਪਹਿਲਾਂ ਇੱਥੇ ਆਰ.ਐਸ.ਐਸ. ਦੇ ਨੁੰਮਾਇੰਦੇ ਨੂੰ ਵਾਈਸ ਚਾਂਸਲਰ ਥੋਪਿਆ ਹੈ, ਫੇਰ ਇੱਥੋਂ ਦੀ ਸੈਨੇਟ ਨੂੰ ਭੰਗ ਕਰਕੇ ਇਸਨੂੰ ਕੇਂਦਰ ਸਰਕਾਰ ਦੇ ਹੱਥ ਹੇਠ ਕਰਨ ਦੀ ਕੋਸ਼ਿਸ਼ ਕੀਤੀ ਜਿਸਨੂੰ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ, ਮੁਲਾਜਮਾਂ, ਅਧਿਆਪਕਾਂ ਤੇ ਪੰਜਾਬ ਹਿਤੈਸ਼ੀਆਂ ਨੇ ਸੰਘਰਸ਼ ਕਰਕੇ ਅਸਫਲ ਕਰ ਦਿੱਤਾ। ਇਸ ਕਰਕੇ ਹੁਣ ਯੂਨੀਵਰਸਿਟੀ ਖੋਹਣ ਦਾ ਕੰਮ ਅਦਾਲਤ ਰਾਹੀਂ ਕੀਤਾ ਜਾ ਰਿਹਾ ਹੈ।

ਇਹ ਪੰਜਾਬ ਦੀਆਂ 3 ਸਰਕਾਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ ਤੇ ਪੰਜਾਬ ਦਾ ਮਾਣ ਹੈ। ਇਸਦੀ ਗਿਣਤੀ ਭਾਰਤ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ ਵਿੱਚ ਹੁੰਦੀ ਹੈ। ਇਸ ਨਾਲ ਪੰਜਾਬ ਦੇ ਕਰੀਬ 200 ਕਾਲਜ ਜੁੜੇ ਹੋਏ ਹਨ ਜਿਸ ਰਾਹੀਂ ਲੱਖਾਂ ਵਿਦਿਆਰਥੀ ਉੱਚੇਰੀ ਸਿੱਖਿਆ ਹਾਸਲ ਕਰਦੇ ਹਨ। ਇਸ ਯੂਨੀਵਰਸਿਟੀ ਨੇ ਪੰਜਾਬ ਨੂੰ ਅਨੇਕਾਂ ਵਿਦਵਾਨ, ਖੋਜੀ, ਸਾਹਿਤਕਾਰ, ਕਲਾਕਾਰ ਤੇ ਸਮਾਜਿਕ ਕਾਰਕੁੰਨ ਦਿੱਤੇ ਹਨ। ਇਹ ਯੂਨੀਵਰਸਿਟੀ ਪੰਜਾਬ ਦੇ ਲੋਕਾਂ ਲਈ ਰੁਜਗਾਰ ਦਾ ਵੀ ਵਸੀਲਾ ਹੈ। ਇਸ ਕਰਕੇ ਇਹ ਪੰਜਾਬ ਲਈ ਬਹੁਤ ਅਹਿਮ ਸੰਸਥਾ ਹੈ।

ਮੌਜੂਦਾ ਜਾਂ ਪਿਛਲੀਆਂ ਸਰਕਾਰਾਂ 'ਚੋਂ ਕਿਸੇ ਨੇ ਵੀ ਕਦੇ ਪੰਜਾਬ ਯੂਨੀਵਰਸਿਟੀ ਉੱਪਰ ਪੰਜਾਬ ਦਾ ਹੱਕ ਜਤਾਉਣ ਦੀ ਕੋਸ਼ਿਸ ਇਸ ਕਰਕੇ ਵੀ ਨਹੀਂ ਕੀਤੀ ਕਿਉਂਕਿ ਇਹ ਪੰਜਾਬ ਯੂਨੀਵਰਸਿਟੀ ਦਾ ਸਲਾਨਾ ਖਰਚਾ ਚੁੱਕਣ ਨੂੰ ਤਿਆਰ ਨਹੀਂ ਹਨ। ਹਜਾਰਾਂ ਕਰੋੜ ਦੇ ਫਜ਼ੂਲ ਖਰਚੇ ਕਰਨ ਵਾਲੀਆਂ ਸਰਕਾਰਾਂ

ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਰੁਪਈਆ ਵੀ ਖਰਚਣ ਨੂੰ ਤਿਆਰ ਨਹੀਂ ਹਨ, ਕਿਉਂਕਿ ਇਹ ਨਹੀਂ ਚਾਹੁੰਦੀਆਂ ਕਿ ਪੰਜਾਬ ਦੇ ਕਿਰਤੀ ਲੋਕਾਂ ਦੇ ਧੀਆਂ-ਪੁੱਤ ਚੰਗੀ ਸਿੱਖਿਆ ਹਾਸਲ ਕਰ ਸਕਣ। ਉਸਦੀ ਥਾਂ ਇਹਨਾਂ ਦਾ ਜ਼ੋਰ ਸਿੱਖਿਆ ਦਾ ਨਿੱਜੀਕਰਨ ਕਰਕੇ ਇਸਨੂੰ ਵੇਚਣ 'ਤੇ ਲੱਗਿਆ ਹੋਇਆ ਹੈ ਜਿਸ ਰਾਹੀਂ ਕਈ ਸਿਆਸੀ ਲੀਡਰ ਤੇ ਉਹਨਾਂ ਦੇ ਨੇੜਲੇ ਪ੍ਰਾਈਵੇਟ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹ ਕੇ ਕਰੋੜਾਂ ਦੀ ਕਮਾਈ ਕਰ ਰਹੇ ਹਨ। ਐਵੇਂ ਤਾਂ ਨਹੀਂ ਕਿ ਜਲੰਧਰ ਦੀ ਪ੍ਰਾਈਵੇਟ ਲਵਲੀ ਯੂਨੀਵਰਸਿਟੀ ਦੇ ਮਾਲਕ ਨਾਲ ਪੰਜਾਬ ਸਰਕਾਰ ਨੂੰ ਇੰਨਾ ਪਿਆਰ ਹੋ ਗਿਆ ਕਿ ਉਹਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ। ਦੂਜੇ ਪਾਸੇ ਇਹਦਾ ਹੱਲ ਇਹ ਵੀ ਨਹੀਂ ਕਿ ਇਸਨੂੰ ਕੇਂਦਰੀ ਯੂਨੀਵਰਸਿਟੀ ਬਣਾ ਦਿੱਤਾ ਜਾਵੇ, ਕਿਉਂਕਿ ਕੇਂਦਰ ਸਰਕਾਰ ਦਾ ਵੀ ਸਿੱਖਿਆ ਬਾਰੇ ਇਹੋ ਨਜਰੀਆ ਹੈ। ਉਹ ਵੀ ਸਿੱਖਿਆ ਦੇ ਬਜਟ ਉਪਰ ਕਟੌਤੀ ਕਰ ਰਹੀ ਹੈ ਜਿਸ ਕਾਰਨ ਕੇਂਦਰ ਅਧੀਨ ਆਉਂਦੀਆਂ ਵਿੱਦਿਅਕ ਸੰਸਥਾਵਾਂ ਨੂੰ ਸਰਕਾਰੀ ਗ੍ਰਾਂਟ ਘਟ ਰਹੀ ਹੈਂ ਤੇ ਫੀਸਾਂ ਵਧ ਰਹੀਆਂ ਹਨ।

ਪੰਜਾਬ ਦੇ ਲੋਕਾਂ ਨੇ ਇਸ ਯੂਨੀਵਰਸਿਟੀ ਦੇ ਬੂਟੇ ਨੂੰ ਕੁਰਬਾਨੀਆਂ ਕਰਕੇ ਪਾਲਿਆ ਪੋਸਿਆ। ਅੱਜ ਜਦੋਂ ਇਹ ਯੂਨੀਵਰਸਿਟੀ ਇੱਕ ਜਵਾਨ ਰੁੱਖ ਬਣ ਗਈ ਹੈ ਤਾਂ ਇਸਦੀ ਮਿੱਠੀ ਛਾਂ ਮਾਨਣ ਤੋਂ ਪੰਜਾਬ ਨੂੰ ਬਾਹਰ ਧੱਕਿਆ ਜਾ ਰਿਹਾ ਹੈ। ਇਹ ਪੰਜਾਬ ਯੂਨੀਵਰਸਿਟੀ ਅਤੇ ਪੰਜਾਬ ਸੂਬੇ ਦੇ ਸੰਸਥਾਪਕਾਂ ਦੀਆਂ ਕੋਸ਼ਿਸਾਂ ਨੂੰ ਬਰਬਾਦ ਕਰਨਾ ਹੋਵੇਗਾ। ਹੁਣ ਤੱਕ ਪੰਜਾਬ ਨੇ ਪਹਿਲਾਂ ਹੀ ਬਹੁਤ ਕੁੱਝ ਹੱਥੋਂ ਗੁਆ ਲਿਆ ਹੈ। ਕੇਂਦਰ ਦੇ ਧਾੜਵੀ ਹਾਕਮ ਅੱਜ ਪੰਜਾਬ ਯੂਨੀਵਰਸਿਟੀ ਦੇ ਵੇਹੜੇ ਵਿੱਚ ਖਲੋ ਕੇ ਪੰਜਾਬ ਨੂੰ ਵੰਗਾਰ ਰਹੇ ਹਨ।

ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ ਨੇ ਕੇਂਦਰ ਸਰਕਾਰ ਦੇ ਇਸ ਹਮਲੇ ਖਿਲਾਫ਼ ਤੇ ਪੰਜਾਬ ਯੂਨੀਵਰਸਿਟੀ ਉੱਪਰ ਪੰਜਾਬ ਦਾ ਹੱਕ ਬਹਾਲ ਕਰਵਾਉਣ ਲਈ ਸੰਘਰਸ਼ ਵਿੱਢਿਆ ਹੋਇਆ ਹੈ। ਮੁੱਖ ਮੰਗਾਂ ਹਨ:

(1) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਨੂੰ ਦਿੱਤੀ ਜਾਵੇ ਅਤੇ ਇਸਦਾ ਕੇਂਦਰੀਕਰਨ ਬੰਦ ਕੀਤਾ ਜਾਏ ।

(2) ਸਿੱਖਿਆ ਦਾ ਨਿੱਜੀਕਰਨ, ਕੇਂਦਰੀਕਰਨ, ਕਾਰਪੋਰੇਟੀਕਰਨ ਅਤੇ ਭਗਵਾਂਕਰਨ ਕਰਨ ਵਾਲੀ ਕੌਮੀ ਸਿੱਖਿਆ ਨੀਤੀ 2020 ਰੱਦ ਕਰੋ।

(3) ਪੰਜਾਬ ਦੇ ਸਭ ਸਰਕਾਰੀ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਕੁੱਲ ਵਿੱਤੀ ਜ਼ਿੰਮਵਾਰੀ ਪੰਜਾਬ ਸਰਕਾਰ ਚੁੱਕੇ।

(4) ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਅੰਦਰ ਅਧਿਆਪਕਾਂ ਅਤੇ ਬਾਕੀ ਅਮਲੇ ਦੀਆਂ ਖਾਲੀ ਅਸਾਮੀਆਂ ਭਰੀਆ ਜਾਣ।

5. ਪੰਜਾਬ ਸਰਕਾਰ ਵੱਲੋਂ ਸਰਕਾਰੀ ਸਿੱਖਿਆ ਦੇ ਬਜਟ 'ਚ ਵਾਧਾ ਕੀਤਾ ਜਾਵੇ। ( **ਸ੍ਰੋਤ: ਸੰਘਰਸ਼ਸ਼ੀਲ ਵਿਦਿਆਰਥੀ ਜਥੇਬੰਦੀਆਂ ਵੱਲੋਂ ਜਾਰੀ ਹੱਥ ਪਰਚੇ ਵਿੱਚੋਂ**)

---

**...ਪੰਨਾ 42 ਦਾ ਬਾਕੀ** ਦੀ ਵਿਧੀ ਤੋਂ ਅਗਾਂਹ ਜਾਂਦਿਆਂ ਦਲਿਤ ਵਿਦਰੋਹ ਦਾ ਚਿਤਰਣ ਕੀਤਾ ਗਿਆ ਹੈ। ਉਸ ਨੂੰ ਸਾਹਿਤ ਅਕਾਦਮੀ ਅਤੇ ਪਦਮ ਸ੍ਰੀ ਦੇ ਪੁਰਸਕਾਰਾਂ ਨਾਲ ਸਨਮਾਨਿਆ ਗਿਆ ਪਰ ਉਸ ਨੇ 2010 ਵਿਚ ਨਰਪਤੁੰਗਾ ਪੁਰਸਕਾਰ (Nrupatunga Award) ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਸੀ ਕਿ ਕੰਨੜ ਨੂੰ ਸਰਕਾਰੀ ਭਾਸ਼ਾ ਬਣਾਉਣ ਦੇ ਬਾਵਜੂਦ ਸਕੂਲਾਂ ਤੇ ਕਾਲਜਾਂ ਵਿਚ ਸਿੱਖਿਆ ਦੇਣ ਦਾ ਬੁਨਿਆਦੀ ਮਾਧਿਅਮ ਨਹੀਂ ਬਣਾਇਆ ਗਿਆ। ਉਸ ਨੇ 1990 ਵਿਚ ਰਾਜ ਸਭਾ ਦਾ ਮੈਂਬਰ ਬਣਨ ਤੋਂ ਵੀ ਇਨਕਾਰ ਕੀਤਾ ਅਤੇ ਦੇਸ਼ ਵਿਚ ਘੱਟ ਗਿਣਤੀ ਫ਼ਿਰਕੇ ਦੇ ਲੋਕਾਂ ਅਤੇ ਦਲਿਤਾਂ ਵਿਰੁੱਧ ਹੋਈਆਂ ਹਜੂਮੀ ਹਿੰਸਾ ਦੀਆਂ ਕਾਰਵਾਈਆਂ ਤੋਂ ਬਾਅਦ 2015 ਵਿਚ ਸਾਹਿਤ ਅਕਾਦਮੀ ਅਤੇ ਪਦਮ ਸ੍ਰੀ ਦੇ ਖ਼ਿਤਾਬ ਵਾਪਸ ਕਰ ਦਿੱਤੇ। ਉਸਨੇ ਸਰਕਾਰ ਨੂੰ ਲਿਖੀ ਇਕ ਚਿੱਠੀ ਵਿਚ ਕਿਹਾ ਹੈ ਕਿ ਉਹ ਪੀ. ਲੰਕੇਸ਼ ਅਤੇ ਹੋਰ ਲੇਖਕਾਂ ਦੀ ਲਿਖਤਾਂ ਨੂੰ ਕਿਤਾਬਾਂ 'ਚੋਂ ਬਾਹਰ ਕੱਢਣ ਤੋਂ ਪ੍ਰੇਸ਼ਾਨ ਹੈ ਅਤੇ ਨਹੀਂ ਚਾਹੁੰਦਾ ਕਿ ਉਸ ਦੀ ਕੋਈ ਲਿਖਤ ਸਰਕਾਰ ਦੁਆਰਾ ਮਨਜ਼ੂਰ ਕੀਤੀਆਂ ਜਾ ਰਹੀਆਂ ਕਿਤਾਬਾਂ ਵਿਚ ਸ਼ਾਮਲ ਕੀਤੀ ਜਾਵੇ। ਡਾ. ਜੀ ਰਾਮਾਕ੍ਰਿਸ਼ਨ ਵੀ ਕੰਨੜ ਦਾ ਜਾਣਿਆ ਪਛਾਣਿਆ ਲੇਖਕ ਅਤੇ ਚਿੰਤਕ ਹੈ।

ਇਹ ਸਾਹਿਤਕਾਰ ਕੀ ਕਹਿ ਰਹੇ ਹਨ ? ਇਹ ਸਾਹਿਤਕਾਰ ਸਥਾਪਤੀ ਨੂੰ ਵੱਖਰੀ ਤਰ੍ਹਾਂ ਨਾਲ ਲਲਕਾਰ ਰਹੇ ਹਨ। ਉਹ ਕਹਿ ਰਹੇ ਹਨ ਕਿ ਉਹ ਸਥਾਪਤੀ ਦਾ ਹਿੱਸਾ ਬਣਨ ਤੋਂ ਇਨਕਾਰ ਕਰਦੇ ਹਨ। ਮਹਾਦੇਵ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਜਿਨ੍ਹਾਂ ਨੇ ਪੀ. ਲੰਕੇਸ਼ ਅਤੇ ਹੋਰ ਲੇਖਕਾਂ ਦੀਆਂ ਲਿਖਤਾਂ ਕਿਤਾਬਾਂ 'ਚੋਂ ਕੱਢੀਆਂ ਹਨ, ਉਹ ਕੰਨੜ ਭਾਸ਼ਾ ਦੀ ਅਮੀਰੀ ਨੂੰ ਨਹੀਂ ਜਾਣਦੇ। ਦੇਵਨੂਰ ਮਹਾਦੇਵ ਅਤੇ ਜੀ. ਰਾਮਾਕ੍ਰਿਸ਼ਨ ਇਹ ਵਿਰੋਧ ਉਸ ਵੇਲੇ ਕਰ ਰਹੇ ਹਨ ਜਦ ਇਕ ਤੋਂ ਬਾਅਦ ਇਕ ਸਾਹਿਤਕਾਰ ਸਥਾਪਤੀ ਸਾਹਮਣੇ ਝੁਕਦਾ ਜਾ ਰਿਹਾ ਹੈ। ਉਹ ਸਾਹਿਤਕਾਰਾਂ ਅਤੇ ਸਾਹਿਤਕਾਰੀ ਲਈ ਨਵੇਂ ਮਿਆਰ ਵੀ ਸਥਾਪਿਤ ਕਰ ਰਹੇ ਹਨ। ਉਹ ਇਹ ਵੀ ਕਹਿ ਰਹੇ ਹਨ ਕਿ ਸਾਹਿਤ ਬਾਰੇ ਨਿਰਣਾ ਸਰਕਾਰਾਂ ਨੇ ਨਹੀਂ, ਲੋਕਾਂ ਅਤੇ ਪਾਠਕਾਂ ਨੇ ਕਰਨਾ ਹੈ। ਇਹੀ ਸਹੀ ਪਹੁੰਚ ਹੈ।

(ਲੇਖ ਦੇ ਕੁੱਝ ਅੰਸ਼)

# ਬੋਲ ਸਦੀਵੀਂ



## ਦਿਨ



ਸਵੇਰੇ ਸੁਵੱਖਤੇ
ਸਰਘੀ ਦੀ ਪਹਿਲੀ ਕਿਰਨ
ਫੁੱਟਣ ਤੋਂ ਪਹਿਲਾਂ
ਜਦੋਂ ਤੁਹਾਨੂੰ ਕੁੱਲ ਆਲਮ
ਸ਼ਾਂਤ-ਚਿੱਤ ਦਿਸਦਾ ਹੈ
ਤਾਂ ਤੁਸੀਂ ਸੋਚਦੇ ਹੋ ਕਿ
ਸੁਸਤੀ ਦਾ ਮਾਰਿਆ
ਥੱਕਿਆ ਹਾਰਿਆ
ਦਿਨ
ਨੀਂਦ ਦੀ ਆਗ਼ੋਸ਼ ਵਿਚ
ਘੂਕ ਸੁੱਤਾ ਪਿਆ ਹੈ।

ਪਰ
ਅਜਿਹਾ
ਹਰਗਿਜ਼ ਨਹੀਂ ਹੈ !

ਉਸ ਵੇਲੇ ਤਾਂ ਮੈਂ
ਪੂਰੀ ਸ਼ਿੱਦਤ ਸੰਜੀਦਗੀ
ਤੇ ਦ੍ਰਿੜ੍ਹਤਾ ਨਾਲ
ਤਰਤੀਬ ਦੇ ਰਿਹਾ ਹੁੰਦਾ ਹਾਂ
ਉਹਨਾਂ ਤਮਾਮ
ਰਣ-ਨੀਤੀਆਂ ਯੋਜਨਾਵਾਂ ਨੂੰ
ਜੋ ਰਾਤ ਭਰ ਜਾਗਦਿਆਂ
ਚਿੰਤਨ ਕਰਦਿਆਂ
ਘੜੀਆਂ ਹਨ ਮੈਂ।

ਜਿਨ੍ਹਾਂ ਨਾਲ
ਮੈਂ ਇਸ ਧਰਤ 'ਤੇ ਪੱਸਰੀ
ਕਾਲਖ਼ ਨੂੰ
ਹੂੰਝਣਾ ਹੈ।
ਕੁੱਲ ਦਿੱਕਤਾਂ ਦੁਸ਼ਵਾਰੀਆਂ
ਬੇਜ਼ਾਰੀਆਂ ਨੂੰ ਦੂਰ ਕਰ
ਲੋਕ-ਮਨ ਦੇ ਵਿਹੜਿਆਂ ਅੰਦਰ
ਚਾਨਣ ਭਰਨਾ ਹੈ।
ਤੇ ਦਿਨ-ਭਰ
ਜੂਝਦਾ ਹਾਂ
ਪੂਰੀ ਤਨਦੇਹੀ ਨਾਲ।

ਜਦ
ਕਾਮਯਾਬੀ ਨਹੀਂ ਮਿਲਦੀ
ਥੱਕ ਜਾਂਦਾ ਹਾਂ
ਤੇ ਥੋੜ੍ਹਾ ਨਿਰਾਸ਼ ਵੀ
ਹੁੰਦਾ ਹਾਂ ਜ਼ਰੂਰ
ਪਰ ਹਾਰ ਨਹੀਂ ਮੰਨਦਾ।

ਪਰਤ ਕੇ ਪਿਛਾਂਹ
ਪੈਂਦਾ ਹਾਂ ਚਿੰਤਨ ਦੇ ਰਾਹ
ਰਾਤ ਸਾਰੀ ਘੜਦਾ ਹਾਂ
ਰਣ-ਨੀਤੀਆਂ ਯੋਜਨਾਵਾਂ
ਤੇ ਸਵੇਰੇ ਸੁਵੱਖਤੇ
ਸਰਘੀ ਦੀ ਪਹਿਲੀ ਕਿਰਨ
ਫੁੱਟਣ ਤੋਂ ਪਹਿਲਾਂ
ਫਿਰ ਦੇਂਦਾ ਹਾਂ
ਉਹਨਾਂ ਨੂੰ ਤਰਤੀਬ।

ਤੇ ਆ ਹਾਜ਼ਰ ਹੁੰਦਾ ਹਾਂ ਮੁੜ
ਪੂਰੀ ਸ਼ਿੱਦਤ ਸੰਜੀਦਗੀ
ਤੇ ਇਸ ਦ੍ਰਿੜ੍ਹਤਾ ਨਾਲ ਕਿ
ਕਿਸੇ ਨਾ ਕਿਸੇ ਦਿਨ
ਮੇਰਾ ਦਿਨ ਵੀ
ਆਵੇਗਾ ਜ਼ਰੂਰ ...

– ਹਰਵਿੰਦਰ ਸਿੰਘ ਸਿਰਸਾ

# ਪੇਸ਼ਕਦਮੀਆਂ

**ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ, ਕੈਨੇਡਾ ਨੇ ਕੀਤੀ ਕੌਮੀ ਐਗਜੈਕਟਿਵ ਕਮੇਟੀ ਦੀ ਚੋਣ**

ਸੁਸਾਇਟੀ ਵੱਲੋਂ ਕੀਤੀ ਗਈ ਚੋਣ ਵਿੱਚ ਵੈਨਕੋਵਰ ਤੋਂ ਬਾਈ ਅਵਤਾਰ ਨੂੰ ਪ੍ਰਧਾਨ, ਟੋਰੰਟੋ ਤੋਂ ਬਲਵਿੰਦਰ ਬਰਨਾਲਾ ਜੀ ਨੂੰ ਉੱਪ ਪ੍ਰਧਾਨ, ਟੋਰੰਟੋ ਤੋਂ ਹੀ ਬਲਦੇਵ ਰਹਿਪਾ ਜੀ ਨੂੰ ਜਨਰਲ ਸਕੱਤਰ, ਟੋਰੰਟੋ ਤੋਂ ਡਾ. ਬਲਜਿੰਦਰ ਸੇਖੋਂ ਨੂੰ ਮੀਡੀਆ ਅਤੇ ਐਜੂਕੇਸ਼ਨ ਸਕੱਤਰ ਅਤੇ ਵੈਨਕੋਵਰ ਤੋਂ ਜਗਰੂਪ ਧਾਲੀਵਾਲ ਨੂੰ ਵਿੱਤ ਸਕੱਤਰ ਚੁਣਿਆ ਗਿਆ। ਟੋਰੰਟੋ ਤੋਂ ਨਵ ਕਿਰਨ ਸਿੱਧੂ ਅਤੇ ਵੈਨਕੋਵਰ ਤੋਂ ਪਰਮਿੰਦਰ ਸਵੈਚ ਐਗਜੈਕਟਿਵ ਕਮੇਟੀ ਮੈਂਬਰ ਹੋਣਗੇ। ਕੈਲਗਿਰੀ ਤੋਂ ਗੋਪਾਲ ਸਿੰਘ ਕਾਉਂਕੇ , ਗੁਰਨਾਮ ਸਿੰਘ ਮਾਨ, ਵਿਨੀਪੈੱਗ ਤੋਂ ਜਸਵੀਰ ਕੌਰ ਮੰਗੂਵਾਲ/ ਰਾਜ ਬਲਵਿੰਦਰ ਸਿੰਘ ਨਿਮੰਤਰਤ ਅਗਜੈਕਟਿਵ ਕਮੇਟੀ ਮੈਂਬਰ ਹੋਣਗੇ। ਕੈਲਗਿਰੀ ਵਾਲੇ ਸਾਥੀ ਸੰਵਿਧਾਨ ਅਨੁਸਾਰ ਕੈਲਗਿਰੀ ਯੂਨਿਟ ਦੀ ਚੋਣ ਦੇ 6 ਮਹੀਨੇ ਪੂਰੇ ਹੋ ਜਾਣ ’ਤੇ ਪੱਕੇ ਤੌਰ ਤੇ ਅਗਜੈਕਟਿਵ ਕਮੇਟੀ ਮੈਂਬਰ ਹੋਣਗੇ। ਇਸੇ ਤਰ੍ਹਾਂ ਦੂਸਰੇ ਸ਼ਹਿਰਾਂ ਵਿੱਚ ਵੀ ਯੂਨਿਟਾਂ ਦੀ ਉਸਾਰੀ ਦਾ ਅਮਲ ਹੁੰਦਿਆਂ ਹੀ ਬਾਕੀ ਸਭ ਯੂਨਿਟ ਵੀ ਪੱਕੇ ਤੌਰ ’ਤੇ ਹਿੱਸਾ ਬਣਦੇ ਜਾਣਗੇ। ਬਲਵਿੰਦਰ ਬਰਨਾਲਾ ਜੀ ਨੂੰ ਅੰਤਰ ਰਾਸ਼ਟਰੀ ਪ੍ਰਤੀਨਿਧਤਾ ਦੇ ਮੁਖੀ ਵਜੋਂ ਵਾਧੂ ਚਾਰਜ ਵੀ ਦਿੱਤਾ ਗਿਆ ਹੈ।

**- ਬਲਦੇਵ ਰਹਿਪਾ (ਜਨਰਲ ਸਕੱਤਰ)**

**ਇਕਾਈ ਅੰਮ੍ਰਿਤਸਰ :**

**ਲੋਕ-ਨਾਟਕਕਾਰ ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਨੂੰ ਯਾਦਗਾਰੀ ਮਿਊਜੀਅਮ ਬਨਾਉਣ ਅਤੇ ਵਿਰਾਸਤੀ ਦਰਜਾ ਦੇਣ ਦੀ ਮੰਗ**

ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਹ ਜੋਰਦਾਰ ਮੰਗ ਕੀਤੀ ਹੈ। ਇਹ ਘਰ ਰਣਜੀਤਪੁਰਾ, ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਸਥਿਤ ਹੈ। ਇਸ ਸੰਬੰਧੀ ਉੱਘੇ ਚਿੰਤਕ ਡਾ. ਪਰਮਿੰਦਰ, ਗੁਰਸ਼ਰਨ ਭਾਅ (ਭਾਈ ਮੰਨਾ ਸਿੰਘ) ਜੀ ਦੀ ਬੇਟੀ ਡਾ. ਅਰੀਤ, ਤਰਕਸ਼ੀਲ ਆਗੂ ਸੁਮੀਤ ਸਿੰਘ, ਪਲਸ ਮੰਚ ਦੇ ਸੂਬਾਈ ਆਗੂ ਅਮੋਲਕ ਸਿੰਘ, ਉੱਘੇ ਰੰਗਕਰਮੀ ਜਸਵੰਤ ਜਸ, ਫੋਕਲੋਰ ਆਗੂ ਰਮੇਸ਼ ਯਾਦਵ ਆਦਿ ਨੇ ਜੱਦੀ ਘਰ ਪਹੁੰਚ ਕੇ ਇਸ ਦੀ ਭੰਨ ਤੋੜ ਦਾ ਗੰਭੀਰ ਨੋਟਿਸ ਲੈਂਦਿਆ ਕਿਹਾ ਕਿ ਇਹ ਘਰ ਇਤਿਹਾਸਕ ਲੋਕ ਰੰਗਮੰਚ ਦੀ ਅਮੁੱਲੀ ਵਿਰਾਸਤ ਹੈ। ਇਹ ਕੋਈ ਸਾਧਾਰਨ ਮਕਾਨ ਨਹੀਂ, ਇਸ ਸਾਡੀ ਅਮੀਰ ਵਿਰਾਸਤ, ਇਨਕਲਾਬੀ, ਲੋਕ ਪੱਖੀ ਰੰਗਮੰਚ ਦੀ ਇਤਿਹਾਸਕ ਕੌਮੀ ਯਾਦਗਾਰ ਹੈ। ਇਸ ਦੇ ਮੂਲ ਸਰੂਪ ਨਾਲ ਛੇੜ ਛਾੜ ਦੀ ਕੋਈ ਵੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਵੱਡੇ ਜਨਤਕ ਵਿਰੋਧ ਕਾਰਣ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਭੰਨ ਤੋੜ ਦੇ ਖਿਲਾਫ਼ ਮੇਨ ਗੇਟ ਉੱਤੇ ਨੋਟਿਸ ਲਗਾ ਕੇ ਲੋਕ ਆਵਾਜ਼ ਦੇ ਹੱਕ ਵਿਚ ਸਟੇਟਸ ਕੋ ਰੱਖਣ ਦਾ ਹੁਕਮ ਜਾਰੀ ਕੀਤਾ ਗਿਆ। ਇਸ ਉਪਰੰਤ ਇਕੱਤਰ ਰੰਗ-ਕਰਮੀਆਂ, ਬੁੱਧੀ-ਜੀਵੀਆਂ, ਜਮਹੂਰੀ ਅਧਿਕਾਰ ਆਗੂਆਂ, ਸਭਿਆਚਾਰਕ ਕਾਰਕੁੰਨਾਂ, ਤਰਕਸ਼ੀਲ ਆਗੂਆਂ, ਸਾਹਿਤਕਾਰਾਂ, ਵਿਦਿਆਰਥੀਆਂ, ਕਿਸਾਨਾਂ, ਮਜ਼ੂਦਰਾਂ ਆਦਿ ਨੇ ਇੱਕ ਮੀਟਿੰਗ ਵਿਰਸਾ ਵਿਹਾਰ ਵਿਖੇ ਕੀਤੀ ਜਿਸ ਵਿਚ ‘ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ’ ਦੀ ਸਥਾਪਨਾ ਕੀਤੀ ਗਈ। ਇੱਕ ਪੰਜ ਮੈਂਬਰੀ ਸੰਚਾਲਨ ਕਮੇਟੀ ਦਾ ਗਠਨ ਕੀਤਾ ਜਿਸ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਅਤੇ ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ ਨੂੰ ਕਮੇਟੀ ਦਾ ਕਨਵੀਨਰ ਨਾਮਜਦ ਕਰਨ ਤੋਂ ਬਿਨ੍ਹਾਂ ਤਰਕਸ਼ੀਲ ਆਗੂ ਸੁਮੀਤ ਸਿੰਘ, ਫੋਕਲੋਰ ਰਿਸਰਚ ਅਕਾਦਮੀ ਦੇ ਰਮੇਸ਼ ਯਾਦਵ ਅਤੇ ਉੱਘੇ ਫਿਲਮ ਅਦਾਕਾਰ ਜਸਵੰਤ ਜੱਸ ਨੂੰ ਕਮੇਟੀ ਵਿਚ ਮੈਂਬਰ ਦੇ ਤੌਰ ’ਤੇ ਸ਼ਾਮਲ ਕੀਤਾ ਗਿਆ। ਕਮੇਟੀ ਵੱਲੋਂ 31 ਮਈ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ।



**ਜਲ੍ਹਿਆਂ ਵਾਲਾ ਬਾਗ਼ ਵਿਚ ਸੁੰਦਰੀਕਰਨ ਦੇ ਨਾਮ ਹੇਠ ਇਤਿਹਾਸਕ ਮੂਲ ਸਰੂਪ ਅਤੇ ਪ੍ਰਮਾਣਿਕ ਤੱਥਾਂ ਨਾਲ ਛੇੜਛਾੜ ਅਤੇ ਸੰਭਾਵਿਤ ਟਿਕਟ ਲਗਾਏ ਜਾਣ ਦਾ ਵਿਰੋਧ**

ਇਕਾਈ ਅੰਮ੍ਰਿਤਸਰ ਵੱਲੋਂ ਸਥਾਨਕ ਕੰਪਨੀ ਬਾਗ ਵਿਖੇ ਇਹ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਤਰਕਸ਼ੀਲ ਆਗੂਆਂ ਜਸਪਾਲ ਬਾਸਰਕਾ, ਸੁਮੀਤ ਸਿੰਘ, ਅਸ਼ਵਨੀ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਤਿਹਾਸਕ ਮੂਲ ਸਰੂਪ ਅਤੇ ਪ੍ਰਮਾਣਿਕ ਤੱਥਾਂ ਨਾਲ ਕੀਤੀ ਇਹ ਛੇੜਛਾੜ ਅਮਰ ਸ਼ਹੀਦਾਂ ਦਾ ਅਪਮਾਨ ਹੈ। ਇਸ ਸੰਬੰਧੀ ਇਕਾਈ ਵੱਲੋਂ ਪਿਛਲੇ ਦੋ ਸਾਲ ਤੋਂ ਲਗਾਤਾਰ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ, ਵਿਸ਼ੇਸ਼ ਤੌਰ ’ਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ

ਦੇਣ ਵਿਚ ਸਹਿਯੋਗ ਤੋਂ ਬਿਨ੍ਹਾਂ ਪਿਛਲੇ ਸਾਲ 23 ਅਕਤੂਬਰ ਨੂੰ ਜਲ੍ਹਿਆਂ ਵਾਲਾ ਬਾਗ ਦੇ ਸਾਹਮਣੇ ਵਿਸ਼ਾਲ ਰੋਸ ਰੈਲੀ ਵੀ ਕੀਤੀ ਗਈ ਸੀ ਅਤੇ ਚੰਡੀਗੜ੍ਹ ਵਿਖੇ 6 ਨਵੰਬਰ ਨੂੰ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦਿੱਤਾ ਗਿਆ ਸੀ। ਕੇਂਦਰ ਸਰਕਾਰ ਨੇ ਮੁੱਦੇ ਨੂੰ ਸਲਝਾਉਣ ਲਈ ਕੋਈ ਪਹਿਲੀ ਕਦਮੀ ਨਹੀਂ ਕੀਤੀ। ਜੇਕਰ ਇਹ ਲੋਕ ਵਿਰੋਧੀ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਬਾਗ਼ ਸਾਹਮਣੇ ਪੱਕਾ ਧਰਨਾ ਲਾਇਆ ਜਾਵੇਗਾ। ਫ਼ਾਸੀਵਾਦੀ ਯੋਗੀ ਸਰਕਾਰ ਵੱਲੋਂ ਮੁਸਲਿਮ ਫਿਰਕੇ ਦੇ ਖਿਲਾਫ਼ ਬਦਲਾ ਲਊ ਬੁਲਡੋਜ਼ਰ ਕਾਰਵਾਈ ਤੁਰੰਤ ਬੰਦ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਗਈ। ਮਾਸਟਰ ਕੁਲਜੀਤ ਵੇਰਕਾ, ਮਨਜੀਤ ਬਾਸਰਕਾ, ਕਾ. ਬਲਵਿੰਦਰ ਦੁਧਾਲਾ, ਮੇਜਰ ਸਿੰਘ, ਬਲਦੇਵ ਰਾਜ ਵੇਰਕਾ, ਹਰਜਿੰਦਰ ਜਲਾਲਪੁਰ, ਬੀ. ਐਮ. ਸਿੰਘ, ਰਾਜ ਕੁਮਾਰ ਵੇਰਕਾ, ਰਮੇਸ਼ ਕੁਮਾਰ, ਸ਼ਕਤੀ ਕੁਮਾਰ, ਬਨਾਰਸੀ ਦਾਸ, ਪ੍ਰਿੰਸੀਪਲ ਮੇਲਾ ਰਾਮ, ਦਮਨਜੀਤ ਕੌਰ, ਨਵਰੀਤ, ਪ੍ਰੋ. ਹੇਮੰਤ ਕੁਮਾਰ ਨੇ ਵੀ ਸਮੂਲੀਅਤ ਕੀਤੀ।

**9 ਜੂਨ ਨੂੰ ਚੰਡੀਗੜ੍ਹ ਵੱਲ 'ਪੰਜਾਬ ਯੂਨੀਵਰਸਿਟੀ ਬਚਾਓ' ਮਾਰਚ ਵਿਚ ਸਮੂਲੀਅਤ**

ਸਿੱਖਿਆ ਸੰਸਥਾਵਾਂ ਦੇ ਨਿੱਜੀਕਰਨ, ਕਾਰਪੋਰੇਟੀਕਰਨ, ਭਗਵਾਕਰਨ, ਪੰਜਾਬ ਯੂਨੀਵਰਸਿਟੀ ਕੇਂਦਰ ਹਵਾਲੇ ਕਰਨ, ਕੌਮੀ ਸਿੱਖਿਆ ਕੀਤੀ 2020 ਆਦਿ ਦੇ ਵਿਰੋਧ ਵਿਚ ਕੀਤੇ ਇਸ ਮਾਰਚ ਅਤੇ ਮੋਹਾਲੀ ਰੋਸ ਰੈਲੀ ਵਿਚ ਸੁਮੀਤ ਸਿੰਘ ਦੀ ਅਗਵਾਈ ਹੇਠ ਸਮੂਲੀਅਤ ਕੀਤੀ ਗਈ। - **ਸੁਮੀਤ ਸਿੰਘ**

**ਇਕਾਈ ਸੰਗਰੂਰ :**

**ਪੈਨਸ਼ਨਰਜ ਮੀਟਿੰਗ ਵਿਚ ਤਰਕਸ਼ੀਲਾਂ ਦਾ ਹੋਕਾ :**

ਬੀ ਐਸ ਐਨ ਐਲ ਪੈਨਸ਼ਨਰਜ ਐਸੋਸੀਏਸਨ ਦੀ ਮੀਟਿੰਗ ਵਿਚ ਸਥਾਨਕ ਸਿਟੀ ਪਾਰਕ ਵਿਖੇ ਤਰਕਸ਼ੀਲ ਸਮਾਗਮ ਕਰਵਾਇਆ ਗਿਆ। ਐਸੋਸੀਏਸਨ ਦੇ ਸਕੱਤਰ ਰਜਨੀਸ਼ ਕੁਮਾਰ ਨੇ ਤਰਕਸ਼ੀਲ ਟੀਮ ਸਮੇਤ ਹਾਜਰੀਨ ਦਾ ਧੰਨਵਾਦ ਕੀਤਾ। ਮੁੱਖ ਬੁਲਾਰੇ ਦੇ ਤੌਰ 'ਤੇ ਮਾਸਟਰ ਪਰਮਵੇਦ ਨੇ ਸੰਬੋਧਨ ਕੀਤਾ। ਇਕਾਈ ਪਟਿਆਲਾ ਮੁਖੀ ਚਰਨਜੀਤ ਪਟਵਾਰੀ ਨੇ ਵੀ ਵਿਚਾਰ ਸਾਂਝੇ ਕੀਤੇ। ਸਵਾਲ ਜਵਾਬ ਸੈਸ਼ਨ ਵਿਚ ਗੁਰਮੇਲ ਸਿੰਘ, ਐਲ ਐਸ ਬਾਂਸਲ, ਰਾਜ ਕੁਮਾਰ, ਸੁਰਿੰਦਰ ਪਾਲ ਨੇ ਭਾਗ ਲਿਆ। ਤਰਕਸ਼ੀਲ ਆਗੂ ਰਾਮ ਕੁਮਾਰ ਪਟਿਆਲਾ ਨੇ ਜਾਦੂ-ਟਰਿੱਕ ਪੇਸ਼ ਕੀਤੇ। ਮਹਿੰਦਰ ਸਿੰਘ ਏ ਜੀ ਐਮ ਤੇ ਰਘਬੀਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸ਼ਿਵ ਨਰਾਇਣ ਨੇ ਸਟੇਜ ਸੰਚਾਲਨ ਕੀਤਾ। ਤਰਕਸ਼ੀਲ ਸਾਹਿਤ ਵੰਡਿਆ ਗਿਆ ਅਤੇ ਮੈਗਜੀਨ ਦੇ ਨਵੇਂ ਪਾਠਕ ਬਣਾਏ ਗਏ। - **ਪਰਮਵੇਦ**

**ਤਰਕਸ਼ੀਲ ਆਗੂ ਮਰਹੂਮ ਦਲੇਲ ਸਿੰਘ ਦਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਕੀਤਾ ਪ੍ਰਦਾਨ**

ਇਕਾਈ ਪਟਿਆਲਾ ਦੇ ਬਹੁਤ ਹੀ ਸਰਗਰਮ ਤਰਕਸ਼ੀਲ ਆਗੂ ਦਲੇਲ ਸਿੰਘ ਜੀ ਦੀ 82 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮੌਤ ਹੋ ਗਈ। ਉਨ੍ਹਾਂ ਦੀ ਇੱਛਾ ਅਨੁਸਾਰ ਮੌਤ ਉਪਰੰਤ ਉਹਨਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਪ੍ਰਦਾਨ ਕੀਤੀ ਗਈ। ਉਨ੍ਹਾਂ ਆਪਣਾ ਜੀਵਨ ਬੈਂਕ ਮੁਲਾਜ਼ਮ ਤੋਂ ਸ਼ੁਰੂ ਕੀਤਾ। ਉਹ ਯੂਨੀਅਨ ਦੇ ਸੂਬਾ ਆਗੂ ਰਹੇ। ਜੀਵਨ ਵਿੱਚ ਬਹੁਤ ਸੰਘਰਸ਼ ਕਰਕੇ ਪ੍ਰਾਪਤੀਆਂ ਕੀਤੀਆਂ। ਉਹ ਆਪਣੇ ਪਿੱਛੇ 2 ਲੜਕੀਆਂ ਛੱਡ ਗਏ। ਉਨ੍ਹਾਂ ਦੋਨਾਂ ਲੜਕੀਆਂ ਨੂੰ ਵਧੀਆ ਪੜ੍ਹਾ ਲਿਖਾ ਕੇ ਉੱਚ ਅਹੁਦਿਆਂ ਤੱਕ ਪਹੁੰਚਾਇਆ। ਇਹ ਦੋਨੋਂ ਲੜਕੀਆਂ ਆਪੋ ਆਪਣੇ ਖੇਤਰ ਵਿੱਚ ਸਮਾਜ ਨੂੰ ਵਧੀਆ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਦਲੇਲ ਸਿੰਘ ਜੀ ਸਮਝਦੇ ਸਨ ਕਿ ਮੌਜੂਦਾ ਜੀਵਨ ਵਿੱਚ ਹੀ ਮਨੁੱਖਤਾ ਦੇ ਭਲੇ ਲਈ ਸਮਾਜ ਵਿੱਚ ਊਚ-ਨੀਚ, ਭੇਦ-ਭਾਵ ਖਤਮ ਕਰਕੇ ਹਰ ਇਕ ਨੂੰ ਬਰਾਬਰੀ ਦਾ ਰੁਤਬਾ ਮਿਲਣ ਤੱਕ ਸੰਘਰਸ਼ ਕਰਨਾ ਚਾਹੀਦਾ ਹੈ ਤਾਂ ਹੀ ਸਮਾਜ ਵਿਗਿਆਨਕ ਵਿਚਾਰਧਾਰਾ ਅਨੁਸਾਰ ਖੁਸ਼ਹਾਲ ਬਣ ਸਕਦਾ ਹੈ। ਉਨ੍ਹਾਂ ਦੀ ਮੌਤ 'ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਪਟਿਆਲਾ ਦੇ ਮੁਖੀ ਚਰਨਜੀਤ ਪਟਵਾਰੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਰਣਜੀਤ ਸਿੰਘ ਘੁੰਮਣ ਨੇ ਬਹੁਤ ਹੀ ਦੁੱਖ ਦਾ ਇਜ਼ਹਾਰ ਕੀਤਾ। ਇਸ ਦੁੱਖ ਦੀ ਘੜੀ ਮੌਕੇ ਮ੍ਰਿਤਕ ਦੇਹ ਨੂੰ ਪ੍ਰਦਾਨ ਕਰਨ ਸਮੇਂ ਇਕਾਈ ਪਟਿਆਲਾ ਦੇ ਆਗੂ ਰਾਮ ਸਿੰਘ ਬੰਗ, ਰਾਮ ਕੁਮਾਰ ਢਕੜੱਬਾ, ਸੁਰਿੰਦਰਪਾਲ, ਲਾਭ ਸਿੰਘ, ਪੂਰਨ ਸਿੰਘ, ਕੁਲਵੰਤ ਅਤੇ ਜਮੂਹਰੀ ਅਧਿਕਾਰ ਸਭਾ ਦੇ ਜਨਰਲ ਸਕੱਤਰ ਵਿਧੂ ਸ਼ੇਖਰ ਭਾਰਦਵਾਜ, ਡਾ. ਬਰਜਿੰਦਰ ਸਿੰਘ ਸੋਹਲ, ਸੁੱਚਾ ਸਿੰਘ, ਤਰਸੇਮ ਧੂਰੀ, ਬਚਿੱਤਰ ਸਿੰਘ, ਰਣਜੀਤ ਸਿੰਘ ਪੱਤਰਕਾਰ ਅਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂ ਅਤੇ ਮੈਂਬਰ ਸ਼ਾਮਿਲ ਹੋਏ। ਅਨਾਟਮੀ ਵਿਭਾਗ, ਮੈਡੀਕਲ ਕਾਲਜ ਪਟਿਆਲਾ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਦੇਹ ਨੂੰ ਪ੍ਰਦਾਨ ਕਰਨ ਸਮੇਂ ਬਹੁਤ ਸਹਿਯੋਗ ਦਿੱਤਾ।

**ਇਕਾਈ ਰੋਪੜ**

**ਮਾ. ਪ੍ਰੀਤਮ ਕੁਮਾਰ ਯਾਦਗਾਰੀ ਨਾਟਕ ਮੇਲਾ**

ਇਹ ਨਾਟਕ ਮੇਲਾ 27 ਮਈ ਨੂੰ ਗਾਂਧੀ ਸਕੂਲ, ਰੋਪੜ ਵਿਖੇ ਕਰਵਾਇਆ ਗਿਆ ਜਿਸ ਦੇ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਰੋਪੜ) ਜਰਨੈਲ ਸਿੰਘ ਜੀ ਸਨ। ਕ੍ਰਾਂਤੀ ਕਲਾ ਮੰਚ ਰੋਪੜ ਵੱਲੋਂ ਨਾਟਕ 'ਮਾਂ' ਅਤੇ 'ਲਪਟਾਂ 'ਚੋ ਉਠਦੇ ਸਵਾਲ' ਖੇਡੇ ਗਏ ਜਿੰਨ੍ਹਾਂ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਜਰਨੈਲ

ਸਿੰਘ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਹਤਰ ਜ਼ਿੰਦਗੀ ਦਾ ਰਾਹ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ। ਜਥੇਬੰਦੀ ਦੇ ਜ਼ੋਨ ਮੁਖੀ ਸੇਵਾ ਮੁਕਤ ਪ੍ਰਿੰਸੀਪਲ ਗੁਰਮੀਤ ਖਰੜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮਾਸਟਰ ਪ੍ਰੀਤਮ ਕੁਮਾਰ ਜੀ ਦੇ ਪੁੱਤਰ ਸੰਜੀਵ ਕੁਮਾਰ, ਕਰੀਬੀ ਦੋਸਤ ਲੈਕਚਰਾਰ ਸੁਰਜਨ ਸਿੰਘ, ਪਵਨ ਰੱਤੋ, ਅਸ਼ੋਕ ਕੁਮਾਰ ਅਤੇ ਅਜੀਤ ਪ੍ਰਦੇਸੀ ਨੇ ਵੀ ਸੰਬੋਧਨ ਕੀਤਾ। ਇਕਾਈ ਮੈਂਬਰ ਹਰਨੇਕ ਚੱਕ ਕਰਮਾਂ ਨੇ ਧੰਨਵਾਦ ਕੀਤਾ। ਇਸ ਮੌਕੇ ਜਰਨੈਲ ਕ੍ਰਾਂਤੀ, ਸ਼ਮਸ਼ੇਰ ਮੋਹਾਲੀ, ਬਲਵੀਰ ਖੈਰਾਬਾਦ, ਹਰਵਿੰਦਰ ਸੁਖਰਾਮਪੁਰੀ, ਮਾ. ਪਰਵਿੰਦਰ ਸਿੰਘ, ਜਸਪਾਲ ਮਾਜਰੀ, ਅਮਨਦੀਪ ਘੁੰਮਣ, ਮਾ. ਪ੍ਰੀਤਮ ਕੁਮਾਰ ਜੀ ਦੇ ਪਰਿਵਾਰਕ ਮੈਂਬਰ ਅਤੇ ਰੋਪੜ ਇਕਾਈ ਦੇ ਸਾਰੇ ਮੈਂਬਰ ਵੀ ਹਾਜ਼ਰ ਸਨ।

**ਪੁਸਤਕ ਪ੍ਰਦਰਸ਼ਨੀ**: 24-04-2022 ਨੂੰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਵੈਲਫੇਅਰ ਫੈਡਰੇਸ਼ਨ ਵੱਲੋਂ ਨੂੰਹੋਂ ਕਲੋਨੀ, ਥਰਮਲ ਪਲਾਟ, ਘਨੌਲੀ ਵਿਖੇ ਡਾ.ਬੀ.ਆਰ. ਅੰਬੇਦਕਰ ਜੀ ਦੇ ਜਨਮ ਦਿਨ 'ਤੇ ਕਰਵਾਏ ਸਮਾਗਮ ਵਿੱਚ ਇਕਾਈ ਵੱਲੋਂ ਅਸ਼ੋਕ ਕੁਮਾਰ ਜੀ ਨੇ ਇਸ ਸਮਾਗਮ ਵਿੱਚ ਸੰਬੋਧਨ ਕੀਤਾ। ਇਸ ਮੌਕੇ ਅਸ਼ੋਕ ਜੀ ਦੀ ਅਗਵਾਈ ਹੇਠ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਉਹਨਾਂ ਦੀ ਜੀਵਨ ਸਾਥਣ ਮੀਨਾਕਸ਼ੀ, ਪਵਨ ਰੱਤੋ, ਹਰਨੇਕ ਚੱਕ ਕਰਮਾਂ, ਅਜੀਤ ਪ੍ਰਦੇਸੀ ਅਤੇ ਮਾ. ਪਰਵਿੰਦਰ ਜੀ ਨੇ ਸ਼ਮੂਲੀਅਤ ਕੀਤੀ।

**ਵਾਤਾਵਰਨ ਬਚਾਓ ਹੋਕਾ**

ਸਤਲੁਜ ਦਰਿਆ ਰੋਪੜ ਦੇ ਕੰਢੇ ਵਾਤਾਵਰਨ ਬਚਾਓ ਦਾ ਹੋਕਾ ਦੇਣ ਲਈ ਇਕਾਈ ਰੋਪੜ ਦੀ ਟੀਮ ਅਜੀਤ ਪ੍ਰਦੇਸੀ ਦੀ ਅਗਵਾਈ ਹੇਠ ਇੱਕਠੀ ਹੋਈ। ਅਸ਼ੋਕ ਕੁਮਾਰ ਜੀ ਦੀ ਗੱਡੀ 'ਤੇ ਪੁਸਤਕ, ਚਾਰਟ ਪ੍ਰਦਰਸ਼ਨੀ ਲਗਾਈ ਗਈ । ਮਾਸਟਰ ਪਰਵਿੰਦਰ, ਅਮਰ ਨਾਥ, ਪਵਨ ਰੱਤੋ, ਹਰਵਿੰਦਰ ਸੁਖਰਾਮਪੁਰੀ ਤੇ ਰੇਂਜ ਅਫ਼ਸਰ ਵਣ ਵਿਭਾਗ ਅਨਿਲ ਕੁਮਾਰ ਜੀ ਵਿਸ਼ੇਸ਼ ਤੌਰ 'ਤੇ ਇਸ ਮੁਹਿੰਮ ਵਿੱਚ ਸ਼ਾਮਲ ਹੋਏ। ਲੋਕਾਂ ਵਿੱਚ ਇਸ ਹੋਕੇ ਦੇ ਪਰਚੇ ਵੀ ਵੰਡੇ ਗਏ। **- ਗਿਆਨ ਚੰਦ ਰੋਪੜ**

## ਬਾਪੂ ਬਲਵੰਤ ਸਿੰਘ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ।

ਡਾ. ਬਲਜਿੰਦਰ ਸਿੰਘ ਅਤੇ ਬਲਜੀਤ ਸਿੰਘ, ਅਜੀਤ ਰੋਡ ਬਠਿੰਡਾ ਨੇ ਆਪਣੇ ਪਿਤਾ ਬਲਵੰਤ ਸਿੰਘ ਜੀ ਦੀ ਮੌਤ ਉਪਰੰਤ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਅਤੇ ਮਨੁੱਖਤਾ ਦੀ ਭਲਾਈ ਹਿੱਤ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ, ਬਠਿੰਡਾ ਨੂੰ ਸਮੂਹ ਪਰਿਵਾਰ ਦੀ ਸਹਿਮਤੀ ਨਾਲ ਪ੍ਰਦਾਨ ਕੀਤੀ।

ਸਰੀਰ ਪ੍ਰਦਾਨੀ ਬਾਪੂ ਬਲਵੰਤ ਸਿੰਘ ਜੀ ਨੇ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਮਰਹੂਮ ਕ੍ਰਿਸ਼ਨ ਬਰਗਾੜੀ ਜੀ ਦੇ 2002 ਵਿੱਚ ਸੀ ਐਮ ਸੀ ਲੁਧਿਆਣਾ ਨੂੰ ਪ੍ਰਦਾਨ ਕੀਤੇ ਮ੍ਰਿਤਕ ਸਰੀਰ ਬਾਰੇ ਜਾਣਕੇ ਸੰਨ 2004 ਵਿੱਚ ਆਪਣੀ ਮੌਤ ਉਪਰੰਤ ਆਪਣਾ ਸਰੀਰ ਪ੍ਰਦਾਨ ਕਰਵਾਏ ਜਾਣ ਸਬੰਧੀ ਹਲਫਨਾਮਾ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਬਠਿੰਡਾ ਨੂੰ ਦਿੱਤਾ ਸੀ। 87 ਸਾਲਾਂ ਬਲਵੰਤ ਸਿੰਘ ਜੀ ਦੀ ਰਾਤ ਨੂੰ ਮੌਤ ਹੋਣ ਉਪਰੰਤ ਸਵੇਰੇ 18/06/22 ਨੂੰ ਉਹਨਾਂ ਦਾ ਮ੍ਰਿਤਕ ਸਰੀਰ ਤਰਕਸ਼ੀਲ ਆਗੂਆਂ ਰਾਜਪਾਲ ਸਿੰਘ, ਮਾ. ਗਿਆਨ ਸਿੰਘ, ਰਾਮ ਸਿੰਘ ਨਿਰਮਾਣ, ਕੁਲਵੰਤ ਸਿੰਘ, ਮੇਜਰ ਗਹਿਰੀ, ਬਿਕਰਮਜੀਤ, ਕੇਵਲ ਕ੍ਰਿਸ਼ਨ ਬੱਬੂ, ਕਲਵਿੰਦਰ ਹੈਪੀ ਅਤੇ ਇਕਾਈ ਮੁਖੀ ਹਾਕਮ ਸਿੰਘ ਰਾਹੀਂ ਏਮਜ ਬਠਿੰਡਾ ਨੂੰ ਪ੍ਰਦਾਨ ਕੀਤਾ ਗਿਆ। ਇਸ ਮੌਕੇ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮੁਖਤਿਆਰ ਸਿੰਘ ਪੂਹਲਾ, ਜਮਹੂਰੀ ਅਧਿਕਾਰ ਸਭਾ ਤੋਂ ਪੁੱਜੇ ਪ੍ਰਿਤਪਾਲ ਸਿੰਘ, ਪ੍ਰਧਾਨ ਬੱਗਾ ਸਿੰਘ, ਡਾਕਟਰ ਅਜੀਤ ਪਾਲ ਸਿੰਘ, ਮੰਦਰ ਜੱਸੀ ਤੋਂ ਇਲਾਵਾ ਸੁਖਮੰਦਰ ਸਿੰਘ ਸਮੇਤ ਕਈ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਹਾਜਰੀ ਅਤੇ ਸਹਿਯੋਗ ਰਿਹਾ।

ਵਰਨਣ ਯੋਗ ਹੈ ਕਿ ਸਰੀਰ ਪ੍ਰਦਾਨੀ ਬਾਪੂ ਬਲਵੰਤ ਸਿੰਘ ਜੀ ਦੇ ਛੋਟੇ ਭਰਾ ਕੁਲਵੰਤ ਸਿੰਘ ਜੀ ਦਾ ਵੀ 2017 ਵਿੱਚ ਉਹਨਾਂ ਦੀ ਆਪਣੀ ਇੱਛਾ 'ਤੇ ਫੁੱਲ ਚੜਾਉਂਦਿਆਂ ਪਰਿਵਾਰ ਨੇ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਆਦੇਸ਼ ਮੈਡੀਕਲ ਕਾਲਜ ਨੂੰ ਪ੍ਰਦਾਨ ਕੀਤਾ ਸੀ। ਬਾਪੂ ਬਲਵੰਤ ਸਿੰਘ ਜੀ ਦੀ ਮ੍ਰਿਤਕ ਦੇਹ ਨੂੰ ਅੰਤਿਮ ਵਿਦਾਇਗੀ ਦੇਣ ਤੋਂ ਪਹਿਲਾਂ ਤਰਕਸ਼ੀਲ ਜੋਨ ਬਠਿੰਡਾ ਦੇ ਆਗੂ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਨੇ ਸਮੂਹ ਹਾਜਰੀਨ ਨਾਲ ਸਰੀਰ ਪ੍ਰਦਾਨ ਦੀ ਮਹੱਤਤਾ ਬਾਰੇ ਗੱਲ ਸਾਂਝੀ ਕੀਤੀ।

ਬਾਪੂ ਜੀ ਦਾ ਮ੍ਰਿਤਕ ਸਰੀਰ ਅਨਾਟਮੀ ਵਿਭਾਗ ਦੇ ਡਾਕਟਰ ਹਰਸਿਮਰਨ ਜੀਤ ਸਿੰਘ ਜੀ ਨੇ "ਸਰੀਰ ਪ੍ਰਦਾਨੀਆਂ ਦੀ ਸਮਾਜ ਨੂੰ ਦੇਣ" ਸਬੰਧੀ ਵਿਚਾਰ ਰੱਖੇ। ਵਿਭਾਗ ਵੱਲੋ ਬਾਡੀ ਡੋਨੇਸ਼ਨ ਲੈਣ ਸਬੰਧੀ ਇੰਨਚਾਰਜ ਡਾ. ਨਵਿਤਾ ਅਗਰਵਾਲ ਜੀ ਨੇ ਪਰਿਵਾਰ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਸਾਰੇ ਮੌਜੂਦ ਆਗੂਆਂ ਦਾ ਧੰਨਵਾਦ ਕੀਤਾ ਅਤੇ ਇਕ ਪੌਦਾ ਪਰਿਵਾਰ ਨੂੰ ਸਰੀਰ ਪ੍ਰਦਾਨੀ ਦੀ ਯਾਦ ਵਿਚ ਲਾਉਣ ਲਈ ਭੇਟ ਕਰਦਿਆਂ ਕਿਹਾ ਕਿ "ਤੁਸੀਂ ਮੈਡੀਕਲ ਖੋਜ ਹਿਤ ਸਰੀਰ ਪ੍ਰਦਾਨ ਦਾ ਫੈਸਲਾ ਕਰਕੇ ਰਵਾਇਤੀ ਢੰਗ ਨਾਲ ਦਾਹ ਸੰਸਕਾਰ ਨਾ ਕਰਕੇ ਇੱਕ ਰੁੱਖ ਨੂੰ ਬਚਾਇਆ ਹੈ ਤੇ ਇਸ ਰੁੱਖ

ਨੂੰ ਪਾਲ ਕੇ ਤੁਸੀਂ ਪ੍ਰਦੂਸ਼ਣ ਰੋਕਣ ਵਿੱਚ ਹੋਰ ਯੋਗਦਾਨ ਪਾਓਗੇ।" ਏਮਜ ਬਠਿੰਡਾ ਵਿੱਚ ਇਸ ਮੌਕੇ ਹੋਰ ਸਟਾਫ਼ ਮੈਂਬਰਜ਼ ਤੋਂ ਇਲਾਵਾ ਅਨਾਟਮੀ ਵਿਭਾਗ ਦੇ ਮੁਖੀ ਡਾਕਟਰ ਪ੍ਰੀਤੀ ਚੌਧਰੀ ਵੀ ਮੌਜੂਦ ਰਹੇ। **- ਰਾਮ ਸਿੰਘ ਨਿਰਮਾਣ**

## ਰਾਜਸਥਾਨ ਵਿਚ ਗੂੰਜੀ ਤਰਕਸ਼ੀਲਾਂ ਦੀ ਆਵਾਜ

ਰਾਜਸਥਾਨ ਦੇ ਪਹਾੜੀ ਖੇਤਰ ਦੇ ਜ਼ਿਲ੍ਹੇ ਉਦੇਪੁਰ ਵਿਚ ਵਿੱਦਿਆ ਭਵਨ ਟਰੱਸਟ 650 ਏਕੜ ਵਿੱਚ ਫੈਲਿਆ ਹੋਇਆ ਹੈ। ਟਰਸਟ ਵੱਲੋਂ ਦੋ ਰਾਜਾਂ ਰਾਜਸਥਾਨ ਅਤੇ ਉਤਰਾਖੰਡ ਦੇ 64 ਸਰਕਾਰੀ ਸਕੂਲਾਂ ਦੇ 350 ਬੱਚਿਆਂ ਲਈ ਸਮਰ ਕੈਂਪ ਲਾਇਆ ਗਿਆ। ਕੈਂਪ ਵਿੱਚ 12 ਜੂਨ ਨੂੰ ਸਾਮ 4 ਵਜੇ ਤੋਂ 7 ਵਜੇ ਤੱਕ ਤਰਕਸ਼ੀਲ ਪ੍ਰੋਗਰਾਮ ਦੇਣ ਦਾ ਸੱਦਾ ਮਿਲਿਆ। ਤਰਕਸ਼ੀਲ ਸੁਸਾਇਟੀ ਦੇ ਕੌਮੀ ਤੇ ਕੌਮਾਂਤਰੀ ਵਿਭਾਗ ਵੱਲੋਂ ਰਾਮ ਕੁਮਾਰ ਪਟਿਆਲਾ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਜਾਦੂ ਦੇ ਟਰਿੱਕ ਦਿਖਾਕੇ ਵਿਦਿਆਰਥੀਆਂ ਨੂੰ ਅੰਧ-ਵਿਸ਼ਵਾਸਾਂ ਵਿਰੁੱਧ ਜਾਗਰੂਕ ਕੀਤਾ। ਸਮਾਜ ਵਿੱਚ ਫੈਲੇ ਹੋਏ ਵਹਿਮਾਂ-ਭਰਮਾਂ ਦੀ ਵਿਆਖਿਆ ਕੀਤੀ। ਕੈਂਪ ਵਿਚ ਸ਼ਾਮਲ ਬੱਚਿਆਂ ਦਾ ਸੋਚਣ ਦਾ ਢੰਗ ਕਮਾਲ ਦਾ ਸੀ। ਉਹਨਾਂ ਨੂੰ ਜਾਦੂ ਦੇ ਕਾਫੀ ਟ੍ਰਿਕਾਂ ਦਾ ਪਤਾ ਚੱਲ ਗਿਆ। ਅੰਤ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਸਵਾਲ ਪੁੱਛੇ। ਇਹ ਵੀ ਦਿਲਚਸਪ ਗੱਲ ਹੈ ਕਿ ਸਵਾਲ-ਜੁਆਬ ਸ਼ੈਸਨ ਵਿੱਚ ਗੱਲ ਅਕਸਰ ਰੱਬ ਦੀ ਹੋਂਦ ਅਤੇ ਆਤਮਾ ਬਾਰੇ ਜਰੂਰ ਛਿੜਦੀ ਹੈ। ਰਾਮ ਕੁਮਾਰ ਨੇ ਬੱਚਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਪ੍ਰੋਗਰਾਮ ਦੇ ਸ਼ੁਰੂ ਵਿੱਚ ਕਮਲ ਮਹਿੰਦਰ ਜੀ ਨੇ ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਹੋਏ ਬੱਚਿਆਂ ਨੂੰ ਪੁੱਛਿਆ ਕਿ ਕੀ ਛਿੱਕ ਵੱਜਣ ਨਾਲ ਜਾਂ ਬਿੱਲੀ ਦੇ ਰਸਤਾ ਕੱਟਣ ਨਾਲ ਕੰਮ ਨਹੀਂ ਹੁੰਦਾ ਤਾਂ ਸਾਰਿਆਂ ਦਾ ਉੱਤਰ ਸੀ ਕਿ ਅਜਿਹਾ ਕੁਝ ਨਹੀਂ ਹੁੰਦਾ। ਕੈਂਪ ਦੇ ਕੋ-ਆਰਡੀਨੇਟਰ ਅਰੁਣ ਯਾਦਵ ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਅੰਤ ਵਿੱਚ ਜਨ-ਜਵਾਰ ਯੂਟਿਊਬ ਚੈਨਲ ਤੋਂ ਜੈ ਪ੍ਰਕਾਸ਼ ਨੇ ਬੱਚਿਆਂ ਨੂੰ ਧਰਮ ਦੀ ਤੰਗ ਵਲਗਣ ਵਿੱਚੋਂ ਨਿਕਲ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਯੂ-ਟਿਊਬ ਚੈਨਲ ਲਈ ਪ੍ਰੋਗਰਾਮ ਦੀ ਕਵਰੇਜ ਕੀਤੀ। ਹਿੰਦੀ ਕਿਤਾਬ "ਔਰ ਦੇਵ ਪੁਰਸ਼ ਹਾਰ ਗਏ" ਦੀਆਂ ਦਸ ਕਾਪੀਆਂ ਵਿਦਿਆਰਥੀਆਂ ਅਤੇ ਵਲੰਟੀਅਰ ਟੀਚਰਾਂ ਨੇ ਖਰੀਦੀਆਂ। ਟਰੱਸਟ ਦੇ ਪ੍ਰਧਾਨ ਅਜੇ ਮਹਿਤਾ ਨੇ ਇਸ ਤਰ੍ਹਾਂ ਦੇ ਪ੍ਰੋਗਰਾਮ ਵਾਰ ਵਾਰ ਕਰਨ ਦਾ ਸੱਦਾ ਦਿੱਤਾ। ਬੱਚਿਆਂ ਤੋਂ ਇਲਾਵਾ ਅਧਿਆਪਕਾਂ ਜਿਵੇਂ ਦਿੱਲੀ ਯੂਨੀਵਰਸਿਟੀ ਤੋਂ ਰਿਤਿਕਾ ਆਦਿ ਨੇ ਵੀ ਸੁਆਲ ਪੁੱਛੇ।

**ਪੇਸ਼ਕਸ: ਜਸਵੰਤ ਮੋਹਾਲੀ (ਮੁਖੀ ਕੌਮੀ ਤੇ ਕੌਮਾਂਤਰੀ ਵਿਭਾਗ)**

# ਆਰਥਿਕ ਸਹਾਇਤਾ

**ਸੁਸਾਇਟੀ ਸਹਾਇਤਾ**

ਡਾ. ਰਜਿੰਦਰ ਪਾਲ ਬਰਨਾਲਾ
(ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ 'ਤੇ) 1000

**ਮੈਗਜ਼ੀਨ ਸਹਾਇਤਾ**

ਮਾ. ਜਗਦੀਸ਼ ਰਾਏਪੁਰ ਡੱਬਾ
(ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ 'ਤੇ) 2000

**ਜ਼ੋਨ ਸਹਾਇਤਾ (ਨਵਾਂ ਸ਼ਹਿਰ)**

ਮਾ. ਜਗਦੀਸ਼ ਰਾਏਪੁਰ ਡੱਬਾ 2000
(ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ 'ਤੇ)

**ਇਕਾਈਆਂ ਨੂੰ ਪ੍ਰਾਪਤ ਆਰਥਿਕ ਸਹਾਇਤਾ**

**ਇਕਾਈ ਬਠਿੰਡਾ**

1. ਡਾ. ਬਲਜਿੰਦਰ ਸਿੰਘ ਦੇ ਪਰਿਵਾਰ ਵੱਲੋਂ (ਸਰੀਰ ਪ੍ਰਦਾਨੀ ਬਲਵੰਤ ਸਿੰਘ ਜੀ ਦੇ ਸਤਿਕਾਰ ਸਮਾਗਮ 'ਤੇ) 1000
2. ਵਿਪਨ ਕੁਮਾਰ, ਹਿਤੈਸ਼ੀ ਫਾਈਨੈਸ਼ੀਅਲ ਸਰਵਿਸਜ਼, ਪਾਵਰ ਹਾਊਸ ਰੋਡ, ਬਠਿੰਡਾ 500

**ਇਕਾਈ ਸੰਗਰੂਰ**

ਰਾਹੁਲਜੀਤ ਸਿੰਘ ਕੈਨੇਡਾ ਵੱਲੋਂ (ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ) 6050

**ਇਕਾਈ ਤਰਨਤਾਰਨ**

ਜਸਵੰਤ ਸਿੰਘ ਪੱਧਰੀ (ਇਕਾਈ ਮੈਂਬਰ) ਵੱਲੋਂ
ਇਕਾਈ ਨੂੰ ਸਹਾਇਤਾ 5000
ਜ਼ੋਨ ਨੂੰ ਸਹਾਇਤਾ 5000

**ਇਕਾਈ ਰੋਪੜ**

1. ਸੇਵਾ ਮੁਕਤ ਰੇਂਜ ਅਫ਼ਸਰ ਅਨਿਲ ਕੁਮਾਰ 3100
2. ਸੰਜੀਵ ਕੁਮਾਰ 5000
3. ਮਾ. ਹਰਵੀਰ ਗਾਂਧੀ 1000
4. ਐਕਸੀਅਨ ਇਕਬਾਲ ਬੇਲਾ 2500
5. ਪਵਨ ਰੱਤੋ 2000
6. ਮਾ. ਪਰਵਿੰਦਰ 1000

**ਇਕਾਈ ਮਾਨਸਾ**

ਰਾਮਫਲ ਸਿੰਘ ਚੱਕ ਅਲੀਸ਼ੇਰ, ਜ਼ਿਲ੍ਹਾ ਪ੍ਰਧਾਨ 500
(ਪੰਜਾਬ ਕਿਸਾਨ ਯੂਨੀਅਨ, ਮਾਨਸਾ) (ਸਤਿਕਾਰਤ ਪਿਤਾ ਤੇਜਾ ਸਿੰਘ ਜੀ ਦੀ ਯਾਦ ਵਿੱਚ)

**ਇਕਾਈ ਬੰਗਾ**

ਮਾ. ਜਗਦੀਸ਼ ਰਾਏਪੁਰ ਡੱਬਾ 2000
(ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ 'ਤੇ)

# ਪ੍ਰਤੀਕਰਮ

**ਸੰਪਾਦਕ 'ਤਰਕਸ਼ੀਲ'**
**ਮੁੱਖ ਦਫ਼ਤਰ,**
**ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)**
**ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)**
**email : tarkshiloffice@gmail.com**




'ਤਰਕਸ਼ੀਲ' ਮੈਗਜ਼ੀਨ ਬਹੁਤ ਵਧੀਆ ਚੱਲ ਰਿਹਾ ਹੈ। ਮੈਟਰ ਦੀ ਵੰਨਸਵੰਨਤਾ ਵੀ ਹੈ ਪ੍ਰੰਤੂ ਇਸ ਵਾਰ ਦੇ ਅੰਕ ਮਈ-ਜੂਨ 2022 ਵਿੱਚ ਕੁੱਝ ਗੱਲਾਂ ਰੜਕੀਆਂ ਹਨ, ਜਿੰਨ੍ਹਾਂ ਨੂੰ ਆਪ ਦੇ ਧਿਆਨ ਵਿੱਚ ਲਿਆ ਰਿਹਾ ਹਾਂ। ਇਸ ਵਾਰ ਦਾ ਕਵਰ ਪੇਜ਼ ਵਧੀਆ ਨਹੀਂ ਲੱਗਾ ਜਿਸ ਵਿੱਚ ਮੈਟਰ ਮੁਤਾਬਿਕ ਤਸਵੀਰਾਂ ਦੀ ਚੋਣ ਨਹੀਂ ਹੋਈ। ਹੇਠਲੀ ਤਸਵੀਰ 'ਬਲਡੋਜਰ ਵਾਲੀ' ਵੱਡੀ ਹੋਣ ਕਾਰਣ ਅਤੇ ਦੂਜੀਆਂ ਰਵਾਇਤੀ ਜਿਹੀਆਂ ਤਸਵੀਰਾਂ ਕਾਰਣ ਇਸ ਦੀ ਦਿੱਖ ਪ੍ਰਭਾਵਸ਼ਾਲੀ ਨਹੀਂ ਬਣੀ। ਮੈਗਜ਼ੀਨ ਦੇ ਲੋਗੋ ਵਿੱਚ ਸਪੈਲਿੰਗ ਹੈ TARAKSHEEL SOCIETY PUNJAB ਜਦ ਕਿ TARKSHEEL SOCIETY PUNJAB ਹੋਣੇ ਚਾਹੀਦੇ ਹਨ। ਕਈ ਅੰਕਾਂ ਤੋਂ ਮੈਗਜ਼ੀਨ ਵਿੱਚ ਅਨੁਵਾਦਤ ਮੈਟਰ ਜਿਆਦਾ ਆ ਰਿਹਾ ਹੈ। ਚੰਗਾ ਹੋਵੇ ਜੇ ਮੌਲਿਕ ਲੇਖ ਹੋਰ ਵੱਧ ਲੱਗ ਸਕਣ। ਇੱਕ ਮੈਟਰ ਐਡੀਟਿੰਗ ਗਲਤੀ ਹੈ 'ਮਈ ਦਿਵਸ 'ਤੇ' ਹੇਮ ਰਾਜ ਸਟੈਨੋ ਦੇ ਲੇਖ ਵਿੱਚ ਸਫਾ ਨੰਬਰ 3 ਦੇ ਅਖੀਰ ਵਿੱਚ .........ਸਰਮਾਏਦਾਰ ਵੱਲੋਂ ਇਹੀ ਹੜੱਪੀ ਹੋਈ ਅਤੇ ਮਜ਼ਦੂਰ ਜਾਂ ਕਿਰਤੀ ਵੱਲੋਂ ਖੁਆਈ ਗਈ .........ਇਹ ਸ਼ਬਦ ਖਹਾਈ ਗਈ ਆਉਂਣਾ ਚਾਹੀਦਾ ਹੈ। ਅੱਗੇ ਬੂਟਾ ਸਿੰਘ ਵਾਕਫ਼ ਦਾ ਲੇਖ 'ਪ੍ਰਕਾਸ਼ ਪ੍ਰਦੂਸ਼ਣ' ਦੇ ਸ਼ੁਰੂਆਤੀ ਸ਼ਬਦ 'ਮਨੁੱਖ ਦੇ ਧਰਤੀ 'ਤੇ ਜਨਮ ਵਿਕਾਸ ਦੇ ਕਰੋੜਾਂ ਵਰ੍ਹਿਆਂ ਦੌਰਾਨ .........ਕੀ ਮਨੁੱਖ ਕਰੋੜਾਂ ਸਾਲ ਪਹਿਲਾਂ ਪੈਦਾ ਹੋ ਗਿਆ ਸੀ ? ਪਿਛਲੇ ਮਾਰਚ-ਅਪ੍ਰੈਲ ਅੰਕ ਵਿੱਚ 'ਸੁਨਹਿਰੀ ਦੂਰਬੀਨ' ਬੱਚਿਆਂ ਦੇ ਹਾਣ ਦੀ ਨਹੀਂ ਸੀ ਵੈਸੇ ਵੀ ਇਹ ਅਨੁਵਾਦਤ ਹੀ ਸੀ।

**—ਹਰਚੰਦ ਭਿੰਡਰ**

"ਅਸੀਂ ਲੋਕ ਹੁਣ ਇੰਝ ਕਰਨਾ ਵੀ ਸਿੱਖ ਗਏ ਹਾਂ।" "ਸਿੱਖਿਆ ਦਾ ਮਨੋਰਥ ਵਿਰਾਸਤ ਨਾਲ ਜੁੜਨ ਦੇ ਨਾਲ-ਨਾਲ ਵਿਰਸੇ 'ਚ ਪਏ ਜਾਤੀਵਾਦ, ਮਰਦ ਪ੍ਰਧਾਨ ਸੋਚ, ਅੰਧ-ਵਿਸ਼ਵਾਸ ਅਤੇ ਹੋਰ ਅਜਿਹੇ ਵਰਤਾਰਿਆਂ 'ਤੇ ਪ੍ਰਸ਼ਨ ਪੁੱਛਣ ਵਾਲੇ ਵਿਦਿਆਰਥੀ ਪੈਦਾ ਕਰਨਾ ਹੈ।" "ਉਹ ਜਿੰਦਾ ਤਾਂ ਬਚ ਗਿਆ ਪਰ ਧਾਤ ਦੇ ਕੁੱਝ ਟੋਟੇ ਉਸਦੀ ਛਾਤੀ ਵਿਚ ਰਹਿ ਗਏ। ਧਾਤ ਦੇ ਟੁਕੜਿਆਂ ਦਾ ਸਰੀਰਕ ਦਰਦ ਅਤੇ ਮਾਰੇ ਗਏ ਟੱਬਰ ਦਾ ਮਾਨਸਿਕ ਦਰਦ ਉਸ ਨੂੰ ਤੋੜ ਨਹੀਂ ਸਕੇ, ਉਸ ਨੂੰ ਆਪਣਾ ਫਰਜ਼ ਨਿਭਾਉਣ ਤੋਂ ਮੋੜ ਨਹੀਂ ਸਕੇ।" "ਮੇਰੇ ਨਾਸਤਿਕ ਹੋਣ ਵਿਚ ਸਾਹਿਤ ਦਾ ਪ੍ਰਮੁੱਖ ਰੋਲ ਹੈ।" ਸਾਧੂ ਬਿਨਿੰਗ ਦੀ ਪ੍ਰਤੀਬਧਤਾ ਅਤੇ ਲਗਨ ਤੋਂ ਸਦਕੇ ਜਾਣ ਨੂੰ ਜੀਅ ਕਰਦਾ ਹੈ। "ਦੁਨੀਆਂ 'ਚ ਪਹਿਲੀ ਵਾਰ ਇਨਸਾਨ ਦੇ ਅੰਦਰ ਧੜਕੇਗਾ ਸੂਰ ਦਾ ਦਿਲ।" "ਦੇਸ਼ ਦੇ ਸਭ ਤੋਂ ਵੱਡੇ ਚਰਚਿਤ ਡਿਜਾਈਨਰ ਕਹਾਉਂਦੇ ਕੁਣਾਲ ਮਰਚੈਂਟ ਨੇ ਪ੍ਰਧਾਨ ਮੰਤਰੀ ਮੋਦੀ ਦੇ ਲਈ ਇੱਕ ਟੇਬਲ ਡਿਜ਼ਾਇਨ ਕਰਨ ਤੋਂ ਨਾਂਹ ਕਰ ਦਿੱਤੀ।" (ਜ਼ਜ਼ਬੇ ਨੂੰ ਸਲਾਮ) "ਦੁੱਖ ਵੇਲੇ ਉਪਰਾਲੇ, ਸੁੱਖ ਵੇਲੇ ਸਾਂਝੀ ਪਹਿਰੇਦਾਰੀ ਤੇ ਹਰ ਵੇਲੇ ਚਿੰਤਨ।" ਅਜਿਹੀ ਹੋਰ ਵੀ ਬਹੁਤ ਉਤਸ਼ਾਹ ਜਨਕ ਸਮੱਗਰੀ ਨਾਲ ਭਰਿਆ ਪਿਆ ਹੈ ਇਹ ਅੰਕ। ਕਈ ਵਾਰ ਪੜ੍ਹਿਆ, ਕਈ ਵਾਰ ਫਰੋਲਿਆ, ਵਾਰ ਵਾਰ ਘੋਖਿਆ, ਪੜਤਾਲਿਆ ਪਰ ਇਸ ਵਿਚ ਕੋਈ ਕਮੀ-ਪੇਸ਼ੀ ਨਜ਼ਰ ਨਹੀਂ ਆਈ। ਸੰਪਾਦਕੀ ਸਿਰਫ਼ ਇੱਕ ਪੰਨੇ ਵਾਲੀ ਹੋਣੀ ਚਾਹੀਦੀ ਹੈ। ਵਿਦਿਆਰਥੀ ਮੰਚ ਦੇ ਵਿਦਿਆਰਥੀਆਂ ਨਾਲ ਗੂੜ੍ਹੀ ਸਾਂਝ ਬਣਾ ਲਈ ਜਾਵੇ। ਮੈਗਜ਼ੀਨ ਵਿਚ ਪਹਿਲਾਂ ਨਾਲੋਂ ਕਾਫੀ ਨਿਖਾਰ ਆਇਆ ਲੱਗਿਆ। ਸ਼ਾਬਾਸ਼।

**-ਅਜੀਤ ਪ੍ਰਦੇਸੀ**

**ਸ਼ੋਕ ਮਤਾ**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਸਰੀਰ ਪ੍ਰਦਾਨੀ ਤਰਕਸ਼ੀਲ ਆਗੂ ਦਲੇਲ ਸਿੰਘ (ਇਕਾਈ ਪਟਿਆਲਾ), ਸਰੀਰ ਪ੍ਰਦਾਨੀ ਬਾਪੂ ਬਲਵੰਤ ਸਿੰਘ ਬਠਿੰਡਾ, ਬਠਿੰਡਾ ਜੋਨ ਦੇ ਸੀਨੀਅਰ ਆਗੂ ਬਲਦੇਵ ਸਿੰਘ ਜੀ ਦੀ ਪਤਨੀ ਦੇ ਭਰਾ ਲਖਵੀਰ ਸਿੰਘ ਪਟਵਾਰੀ, ਸੂਬੇਦਾਰ ਪ੍ਰੀਤਮ ਸਿੰਘ ਕੁਦਰਤਵਾਦੀ (ਰੋਪੜ) ਦੀ ਅਚਨੇਤ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

**ਇਕਾਈ ਗੁਰੂ ਹਰਸਹਾਏ ਲਈ ਸਹਾਇਤਾ**

ਜਸਵਿੰਦਰ ਸਿੰਘ : 500 ਰੁਪਏ
(ਭਤੀਜੇ ਦੇ ਜਨਮ ਦੀ ਖੁਸ਼ੀ ਵਿੱਚ)
ਮੁਕਤਸਰ ਲੱਖੇਵਾਲੀ ਇਕਾਈ ਲਈ
ਹਰਪ੍ਰੀਤ ਸਿੰਘ ਮਲੋਟ: 500 ਰੁਪਏ
(ਸੇਵਾ ਮੁਕਤੀ ਤੇ)

ਇੱਕ ਰਿਪੋਰਟ

# ਸਲਾਨਾ ਇਕੱਤਰਤਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਕੰਮ ਕਾਰ ਦੀ ਸਮੀਖਿਆ ਕਰਨ ਤੇ ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ ਸੂਬਾਈ ਸਲਾਨਾ ਇਕੱਤਰਤਾ ਤਰਕਸ਼ੀਲ ਭਵਨ, ਬਰਨਾਲਾ ਵਿੱਚ ਹੋਈ। ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ ਨੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਨੂੰ ਆਖਦਿਆਂ ਦਰਪੇਸ਼ ਚੁਣੌਤੀਆਂ ’ਤੇ ਚਰਚਾ ਛੇੜੀ। ਉਨ੍ਹਾਂ ਆਖਿਆ ਕਿ ਫਾਸ਼ੀਵਾਦ ਇੱਕ ਗੰਭੀਰ ਖਤਰਾ ਬਣ ਕੇ ਸਾਡੇ ਸਾਹਵੇਂ ਆ ਖੜ੍ਹਾ ਹੈ। ਜਿਸਨੂੰ ਮਾਤ ਦੇਣ ਲਈ ਵਿਗਿਆਨਕ ਤੇ ਜਮਾਤੀ ਚੇਤਨਾ ਦਾ ਪਸਾਰ ਵਕਤ ਦੀ ਅਣਸਰਦੀ ਲੋੜ ਹੈ। ਪਹਿਲੇ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਸਾਹਿਤ ਵਿਭਾਗ ਦੇ ਮੁਖੀ ਰਾਜਪਾਲ ਸਿੰਘ ਨੇ ਬੁਲਾਰਿਆਂ ਲਈ ਕੁਝ ਨੁਕਤੇ ਸਾਂਝੇ ਕੀਤੇ।

ਇਕੱਤਰਤਾ ਵਿੱਚ ਇਕਾਈਆਂ ਦੇ ਮੁਖੀਆਂ ਨੇ ਆਪੋ ਆਪਣੀਆਂ ਸਰਗਰਮੀਆਂ ਸਾਂਝੀਆਂ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਅਤੇ ਜਨਮ ਦਿਨ ਮੌਕੇ ਸਰਗਰਮੀ ਕਰਨ, ਨਾਟਕ ਕਰਵਾਉਣ, ਖੂਨਦਾਨ, ਸਰੀਰ-ਪ੍ਰਦਾਨ ਕਰਨਾ ਅਤੇ ਕੁਝ ਇਕਾਈਆਂ ਵੱਲੋਂ ਮਾਨਸਿਕ ਕੇਸ ਹੱਲ ਕਰਨ ਬਾਰੇ ਨੋਟ ਕਰਵਾਇਆ। ਇਕ ਇਕਾਈ ਵੱਲੋਂ ਫਿਲਮ ਬਨਾਉਣ ਅਤੇ ਦੋ ਕੁ ਇਕਾਈਆਂ ਵੱਲੋਂ ਲੀਫਲੈੱਟ ਤਿਆਰ ਕਰਕੇ ਵੰਡਣ ਦੇ ਉੱਦਮ ਵੀ ਕੀਤੇ ਗਏ। ਆਪਣੇ ਦਾਇਰੇ ਤੋਂ ਬਾਹਰ ਦੇ ਲੋਕਾਂ ਤੱਕ ਪਹੁੰਚ ਕਰਨ ਲਈ ਕਾਫਲੇ ਕੱਢਣ, ਬਸਤੀਆਂ ਅਤੇ ਪਿੰਡਾਂ ਵਿੱਚ ਤਰਕਸ਼ੀਲ ਪ੍ਰੋਗਰਾਮ ਦੇਣ, ਸਮਾਜ ਨੂੰ ਦਰਪੇਸ਼ ਮਸਲਿਆਂ ਵਿੱਚ ਤਰਕਸ਼ੀਲ ਨਜ਼ਰੀਏ ਤੋਂ ਦਖਲਅੰਦਾਜ਼ੀ ਕਰਨ ਪੱਖੋਂ ਜਿਆਦਾ ਸਰਗਰਮੀ ਨਹੀਂ ਹੋਈ।

ਬੁਲਾਰਿਆਂ ਨੇ ਮੈਗਜ਼ੀਨ ਦੀ ਗਿਣਤੀ ਵਧਾਉਣ, ਤਰਕਸ਼ੀਲ ਲਹਿਰ ਵਿੱਚ ਔਰਤਾਂ ਤੇ ਨੌਜਵਾਨਾਂ ਦੀ ਸ਼ਮੂਲੀਅਤ ਲਈ ਸੁਝਾਅ ਵੀ ਰੱਖੇ। ਸਰਗਰਮੀਆਂ ਤੇ ਚੁਣੌਤੀਆਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਕੁਲਵਿੰਦਰ ਨਗਾਰੀ, ਮਨਜੀਤ ਸਿੰਘ ਸ਼ਾਹਕੋਟ, ਰਾਮ ਕੁਮਾਰ ਪਟਿਆਲਾ, ਪਰਮਵੇਦ ਸੰਗਰੂਰ, ਅਸ਼ੋਕ ਕੁਮਾਰ ਰੋਪੜ ਤੇ ਅਵਤਾਰ ਬਰਨਾਲਾ ਨੇ ਹਮ-ਖਿਆਲ ਅਤੇ ਅਗਾਂਹਵਧੂ ਜਥੇਬੰਦੀਆਂ ਜਿਵੇਂ ਕਿਸਾਨ ਯੂਨੀਅਨਾਂ, ਅਧਿਆਪਕ ਯੂਨੀਅਨਾਂ, ਵਿਦਿਆਰਥੀ ਤੇ ਨੌਜਵਾਨ ਜਥੇਬੰਦੀਆਂ ਨਾਲ ਸੰਵਾਦ ਰਚਾ ਕੇ ਉਨ੍ਹਾਂ ਨੂੰ ਤਰਕਸ਼ੀਲ ਸੋਸਾਇਟੀ ਨਾਲ ਸਹਿਯੋਗ ਕਰਨ ਅਤੇ ਵਿਗਿਆਨਕ ਸੋਚ ਦੇ ਫੈਲਾਅ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਨ ਲਈ ਸੁਝਾਅ ਦਿੱਤੇ। ਬੁਲਾਰਿਆਂ ਵਿੱਚ ਹੋਰਨਾਂ ਤੋਂ ਇਲਾਵਾ ਸੱਤਪਾਲ ਸਲੋਹ, ਵਿਸ਼ਵਕਾਂਤ, ਮੁਖਤਿਆਰ ਗੋਪਾਲਪੁਰ, ਜਸਪਾਲ ਬਾਸਰਕੇ, ਸੁਰਜੀਤ ਟਿੱਬਾ, ਜੋਗਾ ਸਿੰਘ, ਕੁਲਦੀਪ ਨੈਣੇਵਾਲ, ਜਗਦੀਸ਼ ਕਿੱਕਰ ਖੇੜਾ, ਰਾਜਵੰਤ ਬਾਗੜੀਆਂ, ਕੁਲਜੀਤ ਡੰਗਰ ਖੇੜਾ, ਬੂਟਾ ਸਿੰਘ ਵਾਕਫ਼ ਤੇ ਸੰਜੀਵ ਬੌਬੀ ਆਦਿ ਤਰਕਸ਼ੀਲ ਆਗੂ ਸ਼ਾਮਲ ਸਨ। ਬੁਲਾਰਿਆਂ ਨੇ ਫਾਸ਼ੀਵਾਦ ਦੇ ਵਧ ਰਹੇ ਹੱਲੇ ਖਿਲਾਫ਼, ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਰਿਹਾਈ ਅਤੇ ਅਜਿਹੇ ਹੋਰ ਮੁੱਦਿਆਂ ਬਾਰੇ ਠੋਸ ਸਰਗਰਮੀਆਂ ਉਲੀਕੇ ਜਾਣ ਦੀ ਮੰਗ ਕੀਤੀ। ਤਰਕਸ਼ੀਲ ਆਗੂਆਂ ਨੇ ਸਰਕਾਰੀ ਫਾਰਮਾਂ ਵਿੱਚ ਨਾਸਤਿਕਾਂ/ਧਰਮ ਰਹਿਤ ਲੋਕਾਂ ਲਈ ਕਾਲਮ ਬਣਾਏ ਜਾਣ ਬਾਰੇ ਸੂਬਾ ਕਮੇਟੀ ਨੂੰ ਉਪਰਾਲੇ ਕਰਨ ਤੇ ਪਬਲਿਕ ਹੈਲਥ ਬਿੱਲ 2022 ਸਬੰਧੀ ਸੂਬਾ ਪੱਧਰੀ ਸੈਮੀਨਾਰ ਕਰਵਾਉਣ ਦੇ ਸੁਝਾਅ ਵੀ ਰੱਖੇ।

ਸਮਾਰੋਹ ਵਿੱਚ ਸੁਖਵਿੰਦਰ ਬਾਗਪੁਰ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ, ਅਜਾਇਬ ਜਲਾਲਆਣਾ ਤੇ ਡਾ. ਮਜੀਦ ਆਜ਼ਾਦ ਆਦਿ ਸੂਬਾਈ ਆਗੂ ਵੀ ਮੌਜੂਦ ਸਨ। ਮੰਚ ਸੰਚਾਲਨ ਦੀ ਜਿੰਮੇਵਾਰੀ ਗੁਰਪ੍ਰੀਤ ਸ਼ਹਿਣਾ ਤੇ ਐਡਵੋਕੇਟ ਹਰਿੰਦਰ ਲਾਲੀ ਨੇ ਬਾਖੂਬੀ ਨਿਭਾਈ।

**- ਰਾਮ ਸਵਰਨ ਲੱਖੇਵਾਲੀ**

---

**ਪੰਨਾ 24 ਦਾ ਬਾਕੀ** ਉਹਨਾਂ ਨੇ ਕਿਹਾ: **ਆਪਣੇ ਮੁਲਕ ਦੇ ਸ਼ਹੀਦਾਂ ਨੂੰ ਕਦੇ ਮਤ ਭੁੱਲੋ ਜਿਹਨਾਂ ਨੇ ਦੇਸ਼ ਦੀ ਸ਼ਾਨ ਦੀ ਖ਼ਾਤਰ ਦੇਸ਼ ਦੇ ਅੰਦਰ ਅਤੇ ਬਾਹਰ ਆਪਣੀ ਜਾਨ ਕੁਰਬਾਨ ਕੀਤੀ। ਉਹਨਾਂ ਦੇ ਨਕਸ਼ੇ-ਕਦਮ ’ਤੇ ਚੱਲੋ ਕਿਉਂਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਕੌਮ ਦੇ ਚੰਗੇ ਜੀਵਨ ਦਾ ਆਧਾਰ ਬਣਦੀਆਂ ਹਨ।**

ਇਸ ਤੋਂ ਬਾਅਦ ਉਹਨਾਂ ਦੇ ਸਵਾਗਤ ਸਮਾਰੋਹਾਂ ਦਾ ਲੰਬਾ ਸਿਲਸਿਲਾ ਚੱਲਿਆ। ਪੰਜਾਬ/ਦੇਸ਼ ਨੇ ਉਹਨਾਂ ਨੂੰ ਸਿਰ, ਅੱਖਾਂ ’ਤੇ ਬਿਠਾਇਆ। ਦੇਸ਼ ਵੰਡਿਆ ਜਾ ਚੁੱਕਾ ਸੀ। ਇਸ ਵੰਡ ਨੇ ਉਹਨਾਂ ਨੂੰ ਮਾਨਸਿਕ, ਸਰੀਰਕ ਤੌਰ ’ਤੇ ਤੋੜ ਦਿੱਤਾ। ਉਹਨਾਂ ਵਿਚ ਜਿਉਣ ਦੀ ਇੱਛਾ ਖਤਮ ਹੋ ਚੁੱਕੀ ਸੀ। ਇਹੀ ਮਾਨਸਿਕ ਸੱਟ ਉਹਨਾਂ ਦੀ ਮੌਤ ਦਾ ਕਾਰਣ ਬਣੀ। ਅਤੇ ਉਹਨਾਂ ਦੇ ਜੀਵਨ ਅਧਿਆਇ ਦਾ ਹਮੇਸ਼ਾ ਲਈ ਅੰਤ ਹੋ ਗਿਆ।

**ਪ੍ਰਸਿੱਧ ਇਤਿਹਾਸਕਾਰ (ਕਾਨਪੁਰ) 99845 47222**
**ਪੰਜਾਬੀ ਅਨੁਵਾਦ: ਬਲਬੀਰ ਲੌਂਗੋਵਾਲ**

# ਰਿਸ਼ਤਿਆਂ ਦੀ ਬਾਤ



-ਜਸਵੰਤ ਮੋਹਾਲੀ

ਅਸੀਂ ਸਾਰੇ ਰਿਸ਼ਤਿਆਂ ਵਿਚ ਬੱਝੇ ਹਾਂ। ਰਿਸ਼ਤਾ ਭਾਵੇਂ ਖ਼ੂਨ ਦਾ ਹੋਵੇ ਜਾਂ ਸਮਾਜਕ। ਸਭ ਨਾਲ ਤੁਹਾਡਾ ਨਾਤਾ ਹੈ- ਤੁਹਾਡਾ ਡਾਕਟਰ, ਬੱਚਿਆਂ ਦੇ ਸਕੂਲ ਟੀਚਰ, ਉਨ੍ਹਾਂ ਨੂੰ ਸਕੂਲ ਛੱਡਣ ਵਾਲਾ, ਰਿਕਸ਼ੇਵਾਲਾ, ਦੁਕਾਨਦਾਰ ਆਦਿ। ਉਂਝ ਤਾਂ ਹਰ ਇਕ ਇਨਸਾਨ ਨਾਲ, ਜੀਵ ਨਾਲ ਏਥੋਂ ਤੱਕ ਕਿ ਕੁਦਰਤ ਨਾਲ ਤੁਸੀਂ ਰਿਸ਼ਤੇ ਵਿਚ ਬੱਝੇ ਹੋਏ ਹੋ। ਕਿਹਾ ਜਾਂਦਾ ਹੈ ਕਿ ਪੁਰਾਣੇ ਸਮਿਆਂ ਵਿਚ ਰਿਸ਼ਤੇ ਨਿੱਘੇ ਹੁੰਦੇ ਸਨ। ਹੁਣ ਡਾਕਟਰ ਤੋਂ ਇਲਾਜ ਵੀ ਕਰਾ ਰਹੇ ਹੁੰਦੇ ਹਾਂ ਤੇ ਲਾਲਚ ਵੱਸ ਉਸਦੇ ਇਲਾਜ ਲਮਕਾਈ ਜਾਣ, ਫਾਲਤੂ ਟੈਸਟ ਲਿਖੀ ਜਾਣ ਦਾ ਤੌਖਲਾ ਵੀ ਬਣਿਆਂ ਰਹਿੰਦਾ ਹੈ। ਸਕੂਲ, ਕਾਲਜ ਯੂਨੀਵਰਸਿਟੀਆਂ "ਸਿਖਣ ਲਈ ਆਓ, ਸੇਵਾ ਲਈ ਜਾਓ" ਦੀ ਥਾਂ "ਫੀਸਾਂ ਲੈ ਕੇ ਆਓ, ਸਰਟੀਫਿਕੇਟ ਲੈ ਕੇ ਜਾਓ, ਮਿਲਦੀ ਹੈ ਤਾਂ ਬਾਜ਼ਾਰ ਵਿਚ ਨੌਕਰੀ ਪਾਓ" ਵਾਲੀਆਂ ਦੁਕਾਨਾਂ ਬਣ ਚੁੱਕੀਆਂ ਹਨ। ਰਾਤ ਨੂੰ ਕੋਈ ਲੋੜਵੰਦ ਬਣਕੇ ਤੁਹਾਨੂੰ ਰੋਕਦਾ ਹੈ, ਤੁਸੀਂ ਇਨਸਾਨੀ ਰਿਸ਼ਤੇ ਨਾਤੇ ਸਹਾਇਤਾ ਲਈ ਰੁਕਦੇ ਹੋ ਤੇ ਖ਼ੁਦ ਹੀ ਲੁੱਟੇ ਜਾਂਦੇ ਹੋ। ਜਦੋਂ ਸਮਾਜ ਦਾ ਹਰ ਰਿਸ਼ਤਾ ਗਰਜਾਂ ਨਾਲ ਬੱਝਾ ਹੈ ਤਾਂ ਖ਼ੂਨ ਦੇ ਰਿਸ਼ਤਿਆਂ ਨੇ ਕਿਵੇਂ ਬਚਣਾ ਸੀ ? ਆਧੁਨਿਕ ਸਮਿਆਂ ਵਿਚ ਇਨ੍ਹਾਂ ਰਿਸ਼ਤਿਆਂ ਵਿਚ ਵੀ ਬੇਯਕੀਨੀ ਤੇ ਦਿਖਾਵਾ ਵਧ ਗਿਆ ਹੈ।

ਦਿੱਲੀਓਂ ਮੁੜਦਿਆਂ ਟੈਕਸੀ ਵਾਲੇ ਨੇ ਨਾਸ਼ਤੇ ਲਈ ਸੁਖਦੇਵ ਢਾਬੇ 'ਤੇ ਗੱਡੀ ਰੋਕ ਲਈ। ਨੇੜੇ ਵਾਲੇ ਮੇਜ ਕੁਰਸੀਆਂ 'ਤੇ ਦੋ ਤਿੰਨ ਪ੍ਰਵਾਰ ਉੱਚੀ-ਉੱਚੀ ਗੱਲਾਂ ਕਰ ਰਹੇ ਸਨ। ਉਹ ਕਿਸੇ ਰਿਸ਼ਤੇਦਾਰ ਦੇ ਵਿਆਹ ਤੋਂ ਮੁੜੇ ਸਨ। ਉਨ੍ਹਾਂ ਦੀਆਂ ਗੱਲਾਂ ਵਿੱਚ ਵਿਆਹ ਅਜੇ ਵੀ ਚੱਲ ਰਿਹਾ ਸੀ। ਸ਼ਗਨਾਂ, ਮਿਲਣੀਆਂ, ਖਾਣੇ, ਮਿਲੇ ਜਾਂ ਨਾ ਮਿਲੇ ਸੂਟਾਂ ਦੀਆਂ ਗੱਲਾਂ ਕਰਦਿਆਂ ਉਨ੍ਹਾਂ ਦੇ ਚਿਹਰੇ ਭਖੇ ਹੋਏ ਸਨ। ਚੁਗਲੀਆਂ ਹਮੇਸ਼ਾਂ ਹੀ ਸੁਆਦਲੀਆਂ ਹੁੰਦੀਆਂ ਹਨ। ਸੁਚੇਤ ਯਤਨਾਂ ਨਾਲ ਇਨ੍ਹਾਂ ਦਾ ਬਦਲ ਲੱਭਣਾ ਪੈਂਦਾ ਹੈ। ਮੱਧ ਵਰਗ ਦਾ ਵੱਡਾ ਹਿੱਸਾ ਕਲਾ, ਸਾਹਿਤ, ਤੇ ਸੁਹਜ ਸਲੀਕੇ ਦੀ ਥਾਂ ਦਿਖਾਵੇ, ਈਰਖਾ ਤੇ ਨਿੰਦਾ ਦਾ ਰਸ ਮਾਣ ਰਿਹਾ ਹੈ। ਨਾਸ਼ਤੇ ਤੋਂ ਵਿਹਲੇ ਹੋ ਕੇ ਅਸੀਂ ਆਪਣੇ ਸ਼ਹਿਰ ਵੱਲ ਚੱਲ ਪਏ। ਮੈਂ ਇਨ੍ਹਾਂ ਨਿਰਾਰਥਕ ਜਿਹੇ ਰਿਸ਼ਤਿਆਂ ਬਾਰੇ ਸੋਚਦਿਆਂ ਭਗਤ ਸਿਘ ਬਾਰੇ ਕਿਤਾਬ ਪੜ੍ਹਣੀ ਸ਼ੁਰੂ ਕਰ ਦਿੱਤੀ ਜੋ ਮੈਂ ਸਫ਼ਰ ਵਿਚ ਪੜ੍ਹਦਾ ਆ ਰਿਹਾ ਸੀ। ਸਬੱਬ ਨਾਲ ਇਹ ਵੀ ਰਿਸ਼ਤਿਆਂ ਦੀ ਬਾਤ ਪਾਉਂਦੀ ਸੀ। ਫਾਂਸੀ ਤੋਂ ਪਹਿਲਾਂ ਭਗਤ ਸਿੰਘ ਦਾ ਜੇਲ੍ਹ ਸਮਾਂ। ਸੁਣੋਂ- "ਇਕ ਦਿਨ ਬਾਬਾ ਸੋਹਣ ਸਿਘ ਭਕਨਾ ਨੇ ਪੁੱਛਿਆ, "ਭਗਤ ਸਿਆਂ ਤੇਰੇ ਕੋਈ ਰਿਸ਼ਤੇਦਾਰ ਨਹੀਂ ਮਿਲਣ ਆਏ ?" ਵਿਦਵਾਨ ਭਗਤ ਸਿੰਘ ਦਾ ਉਤਰ ਬਹੁਤ ਖ਼ੂਬਸੂਰਤ ਸੀ- "ਬਾਬਾ ਜੀ ਸਾਡੇ ਦੇਸ਼ ਵਿੱਚ ਮਨੁੱਖ ਆਮ ਤੌਰ 'ਤੇ ਪਰਿਵਾਰ ਵਿੱਚ ਜਿਉਂਦਾ ਹੈ, ਇਸ ਤੋਂ ਅੱਗੇ ਉਹ ਆਪਣੀ ਜਾਤ ਬਰਾਦਰੀ, ਵਪਾਰ, ਰੁਜ਼ਗਾਰ ਵਿੱਚ ਜਿਉਂਦਾ ਹੈ। ਪਰ ਬਾਬਾ ਜੀ ਮੇਰਾ ਰਿਸ਼ਤਾ ਤਾਂ ਸ਼ਹੀਦਾਂ ਨਾਲ ਹੈ ਜਿਵੇਂ ਖੁਦੀ ਰਾਮ ਬੋਸ ਤੇ ਕਰਤਾਰ ਸਿਘ ਸਰਾਭਾ। ਦੂਜਾ ਰਿਸ਼ਤਾ ਤੁਹਾਡੇ ਵਰਗਿਆਂ ਨਾਲ ਹੈ, ਜਿਨ੍ਹਾਂ ਸਾਨੂੰ ਪ੍ਰੇਰਣਾ ਦਿੱਤੀ, ਕਾਲ ਕੋਠੜੀਆਂ ਵਿੱਚ ਪਸੀਨਾ ਵਹਾਇਆ। ਤੀਜੇ ਰਿਸ਼ਤੇਦਾਰ ਉਹ ਹੋਣਗੇ ਜੋ ਇਸ ਤਿਆਰ ਕੀਤੀ ਹੋਈ ਜਮੀਨ ਵਿੱਚ ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਪੈਦਾ ਹੋਣਗੇ। ਇਨਕਲਾਬੀਆਂ ਦੇ ਮਿਸ਼ਨ ਨੂੰ ਅੱਗੇ ਲਿਜਾਣਗੇ। ਇਨ੍ਹਾਂ ਤੋਂ ਬਿਨ੍ਹਾਂ ਕੌਣ ਹੈ ਮੇਰਾ ਰਿਸ਼ਤੇਦਾਰ ?"

ਕੀ ਭਗਤ ਸਿਘ ਦੇ 'ਤੀਜੇ ਰਿਸ਼ਤੇਦਾਰ' ਅਸੀਂ ਹੀ ਨਹੀਂ ਹਾਂ ? ਤੇ ਉਸ ਮਿਸ਼ਨ ਦਾ ਕੀ ਬਣਿਆਂ ? ਹੁਣ ਹਾਲਾਤ ਭਗਤ ਸਿੰਘ ਦੇ ਸਮਿਆਂ ਵਾਲੇ ਨਹੀਂ। ਓਦੋਂ ਦੁਸ਼ਮਣ ਪ੍ਰਤੱਖ ਸੀ। ਹੁਣ ਮਸਲਾ ਗੁੰਝਲਦਾਰ ਹੈ। ਸਰਕਾਰ ਤੇ ਲੋਕਾਂ ਦਾ ਰਿਸ਼ਤਾ ਕੀ ਹੈ ? ਸਰਕਾਰ ਸੇਵਕ ਹੈ ਕਿ ਸੱਤਾ ਹੈ ? 80 ਕਰੋੜ ਜਨਤਾ ਨੂੰ ਮੁਫ਼ਤ ਅਨਾਜ ਦਿੰਦੀ ਹੈ ਤਾਂ 'ਸੇਵਕ' ਹੀ ਜਾਪਦੀ ਹੈ ਤੇ ਕਈਆਂ ਨੂੰ ਮਾਈ-ਬਾਪ ਵੀ। ਅਡਾਨੀ ਇੱਕ ਘੰਟੇ ਵਿੱਚ 75 ਕਰੋੜ 'ਕਮਾਉਂਦਾ' ਹੈ। ਆਖਰ ਇਹ ਹੈ ਕਿਸਦੀ ? ਸਰਕਾਰ ਦਾ ਰਿਸ਼ਤਾ ਤਾਂ ਲੋਕਾਂ ਨਾਲ ਹੈ ਪਰ ਸਕੀ ਇਹ ਪੂਜੀਪਤੀਆਂ ਦੀ ਹੈ। ਲੋਕਾਂ ਨੂੰ ਇਸਨੇ ਕੀ ਦਿੱਤਾ-ਗਨ ਕਲਚਰ, ਨਸ਼ੇ, ਫਿਰਕਾਪ੍ਰਸਤੀ ਦਾ ਜਹਿਰ ਤੇ ਹੱਕ ਮੰਗੇ ਤਾਂ ਡਾਂਗਾਂ। ਇੱਕ ਰਿਸ਼ਤਾ ਬਾਬੇ ਨੇ ਪੌਣਪਾਣੀ ਨਾਲ ਵੀ ਸਾਡਾ ਦੱਸਿਆ ਸੀ- ਹਵਾ, ਪਾਣੀ ਤੇ ਧਰਤੀ ਸਾਡੇ ਪਾਲਣਹਾਰ ਹਨ। ਗਰਜਾਂ ਨੇ ਜਿਓਣ ਦੇ ਇਸ ਮੂਲ ਅਧਾਰ ਨੂੰ ਵੀ ਜ਼ਹਿਰਾਂ ਨਾਲ ਭਰ ਦਿੱਤਾ। ਪਾਸ਼ ਇੱਕ ਜਗਹ ਲਿਖਦਾ ਹੈ- "ਬੂਟਾ ਸਿੰਘ ਸਾਦ ਨੇ ਪਿੱਛੇ ਜਿਹੇ ਫਿਲਮ 'ਧਰਤੀ ਸਾਡੀ ਮਾਂ' ਬਣਾ ਲਈ, ਕੱਲ੍ਹ ਨੂੰ ਧਰਤੀ ਸਾਡੀ ਭੂਆ ਬਣ ਸਕਦੀ ਹੈ। ਪਰ ਕਾਸ਼ ਕਦੇ ਇਹ ਮਨੁੱਖਾਂ ਦੇ ਰਹਿਣ ਲਈ ਥਾਂ ਬਣ ਸਕੇ।" ਜੇ ਸੋਚ ਦਾ ਅਕਲ ਤੇ ਤਰਕ ਨਾਲ ਰਿਸ਼ਤਾ ਬਣ ਜਾਵੇ ਤਾਂ ਸਾਰੇ ਰਿਸ਼ਤਿਆਂ ਦੇ ਬਚਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ।

## ਗੁਰਸ਼ਰਨ ਭਾਅ ਜੀ ਦੀ ਵਿਰਾਸਤ





ਉੱਘੇ ਲੋਕ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦਾ ਪੁਤਲੀਘਰ ਅੰਮ੍ਰਿਤਸਰ ਨਜ਼ਦੀਕ ਜੱਦੀ ਘਰ ਗੁਰੂ ਖਾਲਸਾ ਨਿਵਾਸ ਚਾਰ ਦਹਾਕੇ ਤੱਕ ਰੰਗ ਮੰਚ ਦਾ ਕੇਂਦਰ ਰਿਹਾ ਜਿੱਥੋਂ ਰੰਗ ਮੰਚ ਦੇ ਉਸ ਨਾਇਕ ਨੇ ਨਾਟ ਕਲਾ ਨਾਲ ਜ਼ਿੰਦਗੀ ਤੇ ਸਮਾਜ ਨੂੰ ਬਦਲਣ ਲਈ ਨਾਟਕ ਨੂੰ ਦੇਸ਼ ਵਿਦੇਸ਼ ਤੱਕ ਪੁਜਦਾ ਕੀਤਾ। ਉਨ੍ਹਾਂ ਦੇ ਸਦਾ ਲਈ ਤੁਰ ਜਾਣ ਤੋਂ ਬਾਅਦ ਸਾਂਝੇ ਪਰਿਵਾਰ ਨੇ ਉਸ ਵਿਰਾਸਤੀ ਘਰ ਨੂੰ ਗੁਰੂ ਖਾਲਸਾ ਪਬਲਿਕ ਲਾਇਬ੍ਰੇਰੀ ਵਿੱਚ ਤਬਦੀਲ ਕਰ ਦਿੱਤਾ। ਮਈ 2022 ਵਿੱਚ ਆਪਣੇ ਆਪ ਨੂੰ ਇਸ ਵਿਰਾਸਤੀ ਘਰ ਦੇ ਕਥਿਤ ਮਾਲਕ ਕਹਾਉਣ ਵਾਲਿਆਂ ਨੇ ਢਾਹੁਣ ਦੇ ਮਨਸ਼ੇ ਨਾਲ ਅੰਦਰਲੇ ਲੱਕੜ ਦੇ ਸਮਾਨ ਨੂੰ ਉਖੇੜਨਾ ਸ਼ੁਰੂ ਕੀਤਾ ਤਾਂ ਲੋਕ ਪੱਖੀ ਸੰਸਥਾਵਾਂ ਦੀ ਪਹਿਲਕਦਮੀ 'ਤੇ ਮਿਉਂਸਪਲ ਪ੍ਰਸ਼ਾਸਨ ਨੇ ਇਸ ਜਗ੍ਹਾ ਨੂੰ ਝਗੜੇ ਵਾਲੀ ਕਰਾਰ ਦੇ ਕੇ ਢਾਹੁਣ 'ਤੇ ਰੋਕ ਲਗਾਈ। ਅੰਮ੍ਰਿਤਸਰ ਦੀਆਂ ਲੋਕ ਪੱਖੀ ਸਾਹਿਤਕ, ਸਭਿਆਚਾਰਕ ਤੇ ਰੰਗ ਮੰਚ ਖ਼ੇਤਰ ਦੀਆਂ ਸੰਸਥਾਵਾਂ ਨੇ 'ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ' ਬਣਾ ਕੇ ਪ੍ਰਸ਼ਾਸਨ/ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਗੁਰੂ ਖਾਲਸਾ ਨਿਵਾਸ ਨੂੰ ਆਪਣੇ ਅਧਿਕਾਰ ਹੇਠ ਲੈ ਕੇ ਵਿਰਾਸਤੀ ਤੇ ਇਤਿਹਾਸਕ ਮਹੱਤਤਾ ਵਾਲੇ ਘਰ ਨੂੰ ਵਿਰਾਸਤ ਸੰਭਾਲ ਕਮੇਟੀ/ਟਰੱਸਟ ਨੂੰ ਸੌਂਪੇ ਤਾਂ ਜੋ ਰੰਗ ਮੰਚ ਦੇ ਚਾਨਣ ਨੂੰ ਦੇਸ਼ ਦੁਨੀਆਂ ਵਿੱਚ ਪਹੁੰਚਾਉਣ ਵਾਲੇ ਇਸ ਘਰ ਦੀ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭਿਆ ਜਾ ਸਕੇ। ਰੰਗ ਮੰਚ ਦੀ ਅਲਖ ਨੂੰ ਜਗਦਾ ਮਘਦਾ ਰੱਖਣ ਲਈ ਅਸੀਂ ਵਿਰਾਸਤ ਸੰਭਾਲ ਕਮੇਟੀ ਨਾਲ ਖੜ੍ਹੇ ਹਾਂ।

## ਚਾਨਣ ਵੱਲ ਜਾਂਦਾ ਰਾਹ:



ਸੰਸਾਰ ਪ੍ਰਸਿੱਧ ਲੇਖਕ ਮੈਕਿਸਮ ਗੋਰਕੀ ਆਪਣੇ ਵਿਚਲੀ ਹਰ ਚੰਗਿਆਈ ਦਾ ਸਿਹਰਾ ਪੁਸਤਕਾਂ ਨੂੰ ਦਿੰਦਾ ਹੈ। ਪੁਸਤਕ ਸਾਥ ਗਿਆਨ, ਸੁਹਜ ਤੇ ਸੁਪਨ ਪ੍ਰਵਾਜ਼ ਦਾ ਭੰਡਾਰ ਹੈ। ਇਹ ਰਾਹ ਦਰਸਾਵਾ ਹੈ ਤੇ ਜ਼ਿੰਦਗੀ ਦੇ ਮਾਣ ਦਾ ਹਾਸਲ। ਇਸੇ ਲਈ ਗੋਰਕੀ ਪੁਸਤਕਾਂ ਨੂੰ ਮਨੁੱਖ ਦੀਆਂ ਸਭ ਤੋਂ ਚੰਗੀਆਂ ਦੋਸਤ ਆਖਦਾ ਹੈ।

ਇਹ ਸੌ ਫੀਸਦੀ ਸਾਖਰ ਕੇਰਲਾ ਪ੍ਰਾਂਤ ਦੀ ਜਿਲ੍ਹਾ ਲਾਇਬ੍ਰੇਰੀ ਦੀ ਇਮਾਰਤ ਹੈ। ਹੋਰਨਾਂ ਰਾਜਾਂ ਲਈ ਸਬਕ ਤੇ ਪ੍ਰੇਰਨਾ ਸ੍ਰੋਤ।

ਜਿੱਥੇ ਪੁਸਤਕਾਂ ਦਾ ਸੰਗ ਮਾਣਿਆ ਜਾਂਦਾ ਹੈ, ਉੱਥੇ ਜ਼ਿੰਦਗੀ ਦਾ ਅਨੂਠਾ ਰੰਗ ਹੈ। ਕਲਾ ਨਾਲ ਜ਼ਿੰਦਗੀ ਦੀ ਬਿਹਤਰੀ ਵੱਲ ਜਾਂਦਾ ਰਾਹ ਪੁਸਤਕ ਸਾਥ ਚੋਂ ਨਿਕਲਦਾ ਹੈ।

## ਮਨੁੱਖ ਤੇ ਕਿਰਤ

ਮੇਰੇ ਲਈ ਮਨੁੱਖ ਤੋਂ ਪਰ੍ਹੇ ਵਿਚਾਰਾਂ ਦੀ ਕੋਈ ਹੋਂਦ ਨਹੀਂ ਹੈ। ਮੇਰੇ ਲਈ ਮਨੁੱਖ ਤੇ ਕੇਵਲ ਮਨੁੱਖ ਹੀ ਸਾਰੀਆਂ ਚੀਜ਼ਾਂ ਤੇ ਵਿਚਾਰਾਂ ਦਾ ਨਿਰਮਾਤਾ ਹੈ। ਉਹੀ ਹੈ ਜੋ ਸਾਰੇ 'ਚਮਤਕਾਰ' ਕਰਦਾ ਹੈ ਅਤੇ ਉਹੀ ਕੁਦਰਤ ਦੀਆਂ ਸਾਰੀਆਂ ਤਾਕਤਾਂ ਦਾ ਹੋਣ ਵਾਲਾ 'ਮਾਲਕ' ਹੈ। ਸਾਡੇ ਇਸ ਸੰਸਾਰ ਵਿੱਚ ਜੋ ਕੁਝ ਸਭ ਤੋਂ ਸੋਹਣਾ ਹੈ ਉਸਦੀ ਉਸਾਰੀ ਮਨੁੱਖੀ ਕਿਰਤ ਨੇ ਤੇ ਉਸਦੇ ਕੁਸ਼ਲ ਹੱਥਾਂ ਨੇ ਹੀ ਕੀਤੀ ਹੈ ਅਤੇ ਸਾਡੀ ਸੋਚ ਤੇ ਵਿਚਾਰ ਕਿਰਤ ਦੀ ਪ੍ਰਕਿਰਿਆ 'ਚੋਂ ਹੀ ਨਿਕਲਦੇ ਹਨ।



ਮੈਕਸਿਮ ਗੋਰਕੀ

ਜੇਕਰ 'ਪਵਿੱਤਰ' ਚੀਜ ਦੀ ਚਰਚਾ ਲਾਜ਼ਮੀ ਹੀ ਹੈ ਤਾਂ ਮੈਂ ਕਹਾਂਗਾ ਕਿ ਇਹ ਮਨੁੱਖ ਦੀ ਆਪਣੇ-ਆਪ ਤੋਂ ਅਸੰਤੁਸ਼ਟੀ ਹੈ, ਉਸਦੀ ਬੇਹਤਰ ਬਣਨ ਦੀ ਤਾਂਘ ਹੈ। ਜ਼ਿੰਦਗੀ ਦੀ ਸਾਰੀ ਗੰਦਗੀ ਪ੍ਰਤੀ, ਜਿਸਨੂੰ ਉਸਨੇ ਖੁਦ ਪੈਦਾ ਕੀਤਾ, ਉਸਦੀ ਨਫ਼ਰਤ ਨੂੰ ਵੀ ਮੈਂ ਪਵਿੱਤਰ ਮੰਨਦਾ ਹਾਂ। ਈਰਖਾ, ਲਾਲਚ, ਜੁਰਮ, ਰੋਗ, ਜੰਗ ਤੇ ਦੁਨੀਆਂ ਦੇ ਲੋਕਾਂ ਵਿਚਲੀ ਦੁਸ਼ਮਣੀ ਦਾ ਅੰਤ ਕਰਨ ਦੀ ਉਸਦੀ ਇੱਛਾ ਅਤੇ ਉਸਦੀ ਕਿਰਤ ਨੂੰ ਮੈਂ ਪਵਿੱਤਰ ਮੰਨਦਾ ਹਾਂ।

ਜਿਲਦ ਨੰ. 23 ਰਜਿ. ਨੰ. PUNPUN/2000/05393 ਅੰਕ : 4

## ਤਰਕਸ਼ੀਲ ਲਹਿਰ ਦੇ ਵਧਦੇ ਕਦਮਾਂ ਦਾ ਸਫ਼ਰ



5 ਜੂਨ 2022 ਨੂੰ ਹੋਈ ਸਲਾਨਾ ਇਕੱਤਰਤਾ ਵਿੱਚ ਪ੍ਰਧਾਨਗੀ ਮੰਡਲ ਤੇ ਹਾਜ਼ਰ ਤਰਕਸ਼ੀਲ ਇਕਾਈਆਂ ਦੇ ਆਗੂ





If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ............................................................

..................................................................

..................................................................